
# ਲੈਨਿਨ

# ਸਮਾਜਵਾਦ ਤੇ ਜੰਗ



ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

*ਵ. ਇ. ਲੈਨਿਨ*

# ਸਮਾਜਵਾਦ ਤੇ ਜੰਗ

ਰੂ. ਸੋ. ਡੈ. ਲੇ. ਪਾ. ਦਾ ਜੰਗ ਵੱਲ ਵਤੀਰਾ[1]

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਰੂਸੀ ਵਿੱਚ ਪ੍ਰਕਾਸ਼ਤ ਕੀਤੀਆਂ ਗਈਆਂ ਲੈਨਿਨ ਦੀਆਂ ਸੰਗ੍ਰਹਿਤ ਰਚਨਾਵਾਂ ਦੇ ਪੰਜਵੇਂ ਐਡੀਸ਼ਨ ਦੀ 26-ਵੀਂ ਸੈਂਚੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ।
ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1973

ਪਹਿਲੀ ਵਾਰ — 1973
ਇਹ ਐਡੀਸ਼ਨ — ਅਗਸਤ 2011

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ : 45 ਰੁਪਏ**

# ਤਤਕਰਾ

**ਪਹਿਲੇ (ਵਿਦੇਸ਼ੀ) ਐਡੀਸ਼ਨ ਦੀ ਭੂਮਿਕਾ** ........................................ 5
**ਦੂਜੇ ਐਡੀਸ਼ਨ ਦੀ ਭੂਮਿਕਾ** ........................................ 6

**ਕਾਂਡ ਪਹਿਲਾ**

**ਸੋਸ਼ਲਿਜ਼ਮ ਦੇ ਅਸੂਲ ਤੇ 1914-15 ਦੀ ਜੰਗ**

ਜੰਗਾਂ ਵੱਲ ਸਮਾਜਵਾਦੀਆਂ ਦਾ ਵਤੀਰਾ ........................................ 7
ਆਧੁਨਿਕ ਸਮਿਆਂ ਵਿੱਚ ਜੰਗਾਂ ਦੀਆਂ ਇਤਿਹਾਸਕ ਵੰਨਗੀਆਂ ............ 7
ਹਮਲੇ ਦੀ ਜੰਗ ਤੇ ਰਾਖੀ ਦੀ ਜੰਗ ਵਿਚਕਾਰ ਫਰਕ ........................... 8
ਅੱਜ ਦੀ ਜੰਗ ਸਾਮਰਾਜਵਾਦੀ ਜੰਗ ਹੈ ........................................ 9
ਗ਼ੁਲਾਮੀ ਨੂੰ ਕਾਇਮ ਰੱਖਣ ਤੇ ਪੱਕੇ-ਪੈਰੀਂ ਕਰਨ ਲਈ
ਸਭ ਤੋਂ ਵੱਡੇ ਗ਼ੁਲਾਮ-ਮਾਲਕਾਂ ਵਿਚਕਾਰ ਜੰਗ ................................ 10
"ਜੰਗ ਦੂਜੇ" (ਭਾਵ, ਹਿੰਸਕ) "ਸਾਧਨਾਂ
ਰਾਹੀਂ ਸਿਆਸਤ ਦਾ ਜਾਰੀ ਰਹਿਣਾ ਹੈ" ........................................ 12
ਬੈਲਜੀਅਮ ਦਾ ਕੇਸ ........................................ 13
ਰੂਸ ਕਾਹਦੇ ਲਈ ਲੜ ਰਿਹਾ ਹੈ ? ........................................ 14
ਸਮਾਜਕ-ਅੰਧਰਾਸ਼ਟਰਵਾਦ ਕੀ ਹੈ ? ........................................ 15
ਬਾਸਲ ਮੈਨੀਫੈਸਟੋ ........................................ 15
ਮਾਰਕਸ ਤੇ ਏਂਗਲਜ਼ ਦੇ ਗ਼ਲਤ ਹਵਾਲੇ ........................................ 16
ਦੂਜੀ ਇੰਟਰਨੈਸ਼ਨਲ ਦਾ ਢਹਿ-ਢੇਰੀ ਹੋਣਾ ........................................ 17
ਸਮਾਜਕ-ਅੰਧਰਾਸ਼ਟਰਵਾਦ ਮੌਕਾਪ੍ਰਸਤੀ ਦੀ ਸਿਖਰ ਹੈ ..................... 18
ਮੌਕਾਪ੍ਰਸਤਾਂ ਨਾਲ਼ ਏਕਤਾ ਦਾ ਮਤਲਬ ਹੈ ਮਜ਼ਦੂਰਾਂ ਤੇ ਉਹਨਾਂ
ਦੀ "ਆਪਣੀ" ਕੌਮੀ ਬੁਰਜੂਆਜ਼ੀ ਵਿਚਕਾਰ ਗਠਜੋੜ,
ਤੇ ਕੌਮਾਂਤਰੀ ਇਨਕਲਾਬੀ ਮਜ਼ਦੂਰ ਜਮਾਤ ਨੂੰ ਪਾੜਣਾ ...................... 19
"ਕਾਊਤਸਕੀਵਾਦ" ........................................ 20
ਮਾਰਕਸਵਾਦੀਆਂ ਦਾ ਨਾਅਰਾ—ਇਨਕਲਾਬੀ
ਸੋਸ਼ਲ-ਡੈਮੋਕਰੇਸੀ ਦਾ ਨਾਅਰਾ ਹੈ ........................................ 21
ਖੰਦਕਾਂ ਵਿੱਚ ਭਰਾਤਰੀਕਰਨ ਵੱਲੋਂ ਪੇਸ਼ ਕੀਤੀ ਗਈ ਮਿਸਾਲ .............. 22
ਰੂਪੋਸ਼ ਜਥੇਬੰਦੀ ਦੀ ਮਹੱਤਤਾ ........................................ 22

ਸਾਮਰਾਜੀ ਜੰਗ ਵਿੱਚ ਖ਼ੁਦ "ਆਪਣੀ" ਸਰਕਾਰ ਦੀ ਹਾਰ ਬਾਰੇ ............ 23
ਸ਼ਾਂਤੀਵਾਦ ਤੇ ਅਮਨ ਦਾ ਨਾਅਰਾ ............ 24
ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਬਾਰੇ ............ 24

## ਕਾਂਡ ਦੂਜਾ

**ਰੂਸ ਵਿੱਚ ਜਮਾਤਾਂ ਤੇ ਪਾਰਟੀਆਂ ............ 26**
ਬੁਰਜੂਆਜ਼ੀ ਤੇ ਜੰਗ ............ 26
ਮਜ਼ਦੂਰ ਜਮਾਤ ਤੇ ਜੰਗ ............ 27
ਰਾਜ ਦੂਮਾ ਵਿੱਚ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਗਰੁੱਪ ਤੇ ਜੰਗ ............ 29

## ਕਾਂਡ ਤੀਜਾ

**ਇੰਟਰਨੈਸ਼ਨਲ ਦੀ ਮੁੜ-ਬਹਾਲੀ ............ 33**
ਸਮਾਜੀ-ਅੰਧਰਾਸ਼ਟਰਵਾਦੀਆਂ ਦਾ ਅਤੇ "ਵਿਚਾਲ-ਪੰਥੀਆਂ" ਦਾ ਢੰਗ ............ 33
ਵਿਰੋਧੀ ਧੜੇ ਵਿਚਲੀ ਹਾਲਤ ............ 35
ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਅਤੇ ਤੀਜੀ ਇੰਟਰਨੈਸ਼ਨਲ ............ 39

## ਕਾਂਡ ਚੌਥਾ

**ਦੁਫੇੜ ਦਾ ਇਤਿਹਾਸ ਤੇ ਰੂਸ ਵਿੱਚ ਸੋਸ਼ਲ-ਡੈਮੋਕਰੇਸੀ ਦੀ ਮੌਜੂਦਾ ਹਾਲਤ ............ 41**
ਆਰਥਕਤਾਵਾਦੀਏ ਤੇ ਪੁਰਾਣਾ "ਇਸਕਰਾ" (1894-1903) ............ 41
ਮੇਨਸ਼ਵਿਕਵਾਦ ਤੇ ਬਾਲਸ਼ਵਿਕਵਾਦ (1903-1908) ............ 42
ਮਾਰਕਸਵਾਦ ਤੇ ਖਾਤਮੇਵਾਦ (1908-1914) ............ 43
ਮਾਰਕਸਵਾਦ ਤੇ ਸਮਾਜਕ-ਅੰਧਰਾਸ਼ਟਰਵਾਦ (1914-1915) ............ 45
ਰੂਸੀ ਸੋਸ਼ਲ-ਡੈਮੋਕਰੈਟਾਂ ਦੀਆਂ ਸਫ਼ਾਂ ਵਿੱਚ ਮੌਜੂਦਾ ਹਾਲਤ ............ 46
ਸਾਡੀ ਪਾਰਟੀ ਦੇ ਕਰਤੱਵ ............ 48

**ਨੋਟ ............ 49**

**ਨਾਮਾਵਲੀ ............ 65**

# ਪਹਿਲੇ (ਵਿਦੇਸ਼ੀ) ਐਡੀਸ਼ਨ ਦੀ ਭੂਮਿਕਾ

ਜੰਗ ਸ਼ੁਰੂ ਹੋਇਆਂ ਲਗਭਗ ਇੱਕ ਸਾਲ ਹੋ ਚੁੱਕਾ ਹੈ। ਜੰਗ ਦੇ ਬਿਲਕੁਲ ਸ਼ੁਰੂ ਵਿੱਚ ਹੀ, ਇਸ ਵੱਲ ਸਾਡੀ ਪਾਰਟੀ ਦਾ ਵਤੀਰਾ ਕੇਂਦਰੀ ਕਮੇਟੀ ਦੇ ਮੈਨੀਫੈਸਟੋ ਵਿੱਚ ਨਿਸ਼ਚਿਤ ਕੀਤਾ ਗਿਆ ਸੀ, ਜਿਹੜਾ ਮੈਨੀਫੈਸਟੋ ਸਤੰਬਰ 1914 ਵਿੱਚ ਲਿਖਿਆ ਗਿਆ ਸੀ ਤੇ (ਕੇਂਦਰੀ ਕਮੇਟੀ ਦੇ ਮੈਂਬਰਾਂ ਤੇ ਰੂਸ ਵਿਚਲੇ ਸਾਡੀ ਪਾਰਟੀ ਦੇ ਜ਼ਿੰਮੇਵਾਰ ਪ੍ਰਤਿਨਿਧਾਂ ਨੂੰ ਭੇਜਣ ਤੇ ਉਹਨਾਂ ਦੀ ਪ੍ਰਵਾਨਗੀ ਪ੍ਰਾਪਤ ਕਰ ਲੈਣ ਤੋਂ ਪਿੱਛੋਂ) 1 ਨਵੰਬਰ, 1914 ਨੂੰ ਸਾਡੀ ਪਾਰਟੀ ਦੇ ਕੇਂਦਰੀ ਅਖ਼ਬਾਰ ਸੋਤਸੀਅਲ-ਦਿਮੋਕਰਾਤ[2] ਦੇ ਅੰਕ ਨੂੰ. 33 ਵਿੱਚ ਪ੍ਰਕਾਸ਼ਤ ਕੀਤਾ ਗਿਆ ਸੀ। ਮਗਰੋਂ ਅੰਕ ਨੰ. 40 (29 ਮਾਰਚ, 1915) ਵਿੱਚ ਬਰਨ ਕਾਨਫਰੰਸ[3] ਦੇ ਮਤੇ ਪ੍ਰਕਾਸ਼ਤ ਹੋਏ, ਜਿਨ੍ਹਾਂ ਵਿੱਚ ਸਾਡੇ ਅਸੂਲ ਤੇ ਦਾਅ-ਪੇਚ ਵਧੇਰੇ ਸ਼ੁੱਧਤਾਈ ਨਾਲ਼ ਪੇਸ਼ ਕੀਤੇ ਗਏ ਸਨ।

ਇਸ ਵੇਲੇ ਲੋਕ-ਸਮੂਹਾਂ ਵਿੱਚ ਇਨਕਲਾਬੀ ਰੁਝਾਣ ਦਾ ਵਾਧਾ ਪ੍ਰੱਤਖ ਦੇਖਣ ਵਿੱਚ ਆਉਂਦਾ ਹੈ। ਦੂਜੇ ਦੇਸ਼ਾਂ ਵਿੱਚ ਬਹੁ-ਗਿਣਤੀ ਅਧਿਕਾਰਿਤ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਵੱਲੋਂ, ਜਿਨ੍ਹਾਂ ਨੇ ਆਪਣੀਆਂ ਆਪਣੀਆਂ ਸਰਕਾਰਾਂ ਤੇ ਬੁਰਜੂਆਜ਼ੀ ਦੀਆਂ ਧਿਰਾਂ ਲੈ ਲਈਆਂ ਹਨ, ਪ੍ਰੋਲੇਤਾਰੀਆਂ ਦੀਆਂ ਇਨਕਲਾਬੀ ਉਮੰਗਾਂ ਨੂੰ ਦਬਾਏ ਜਾਣ ਦੇ ਬਾਵਜੂਦ ਇਸੇ ਵਰਤਾਰੇ ਦੀਆਂ ਨਿਸ਼ਾਨੀਆਂ ਸਭ ਪਾਸਿਆਂ ਵੱਲ ਦੇਖਣ ਵਿੱਚ ਆਉਂਦੀਆਂ ਹਨ। ਇਹ ਹਾਲਾਤ ਐਸਾ ਪੈਂਫਲਟ ਪ੍ਰਕਾਸ਼ਤ ਕਰਨ ਦੀ ਲੋੜ ਨੂੰ ਖਾਸ ਕਰਕੇ ਫੌਰੀ ਬਣਾ ਦੇਂਦੇ ਹਨ, ਜਿਸ ਵਿੱਚ ਜੰਗ ਦੇ ਸਬੰਧ ਵਿੱਚ ਸੋਸ਼ਲ-ਡੈਮੋਕਰੈਟਿਕ ਦਾਅ-ਪੇਚਾਂ ਦਾ ਨਿਚੋੜ ਦਿੱਤਾ ਗਿਆ ਹੋਵੇ। ਉਪ੍ਰੋਕਤ ਪਾਰਟੀ ਦਸਤਾਵੇਜ਼ਾਂ ਨੂੰ ਪੂਰਨ ਰੂਪ ਵਿੱਚ ਮੁੜ-ਛਾਪਣ ਦੇ ਨਾਲ਼ ਨਾਲ਼ ਅਸੀਂ ਉਹਨਾਂ ਸਬੰਧੀ ਸੰਖੇਪ ਟਿੱਪਣੀਆਂ ਵੀ ਦੇ ਦਿੱਤੀਆਂ ਹਨ, ਜਿਨ੍ਹਾਂ ਵਿੱਚ ਬੁਰਜੂਆ ਤੇ ਪ੍ਰੋਲੇਤਾਰੀ ਦਾਅ-ਪੇਚਾਂ ਦੇ ਹੱਕ ਵਿੱਚ ਸਾਰੀਆਂ ਮੁੱਖ ਦਲੀਲਾਂ ਦੀ ਨਿਰਖ-ਪਰਖ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਹੜੀਆਂ ਸਬੰਧਤ ਸਾਹਿਤ ਵਿੱਚ ਤੇ ਪਾਰਟੀ ਮੀਟਿੰਗਾਂ ਵਿੱਚ ਪ੍ਰਗਟ ਕੀਤੀਆਂ ਗਈਆਂ ਹਨ।

# ਦੂਜੇ ਐਡੀਸ਼ਨ ਦੀ ਭੂਮਿਕਾ

ਇਹ ਪੈਂਫਲਟ 1915 ਦੀਆਂ ਗਰਮੀਆਂ ਵਿੱਚ, ਜ਼ਿੰਮਰਵਾਲਡ ਕਾਨਫਰੰਸ ਤੋਂ ਜ਼ਰਾ ਕੁ ਪਹਿਲਾਂ ਲਿਖਿਆ ਗਿਆ ਸੀ। ਇਹ ਜਰਮਨ ਤੇ ਫਰਾਂਸੀਸੀ ਵਿੱਚ ਵੀ ਛਪਿਆ, ਤੇ ਨਾਰਵੇ ਦੀ ਸੋਸ਼ਲ-ਡੈਮੋਕਰੈਟਿਕ ਯੁਵਕ ਲੀਗ ਦੇ ਅਖ਼ਬਾਰ ਵਿੱਚ ਨਾਰਵੇ ਦੀ ਬੋਲੀ ਵਿੱਚ ਪੂਰੇ ਦਾ ਪੂਰਾ ਮੁੜ ਛਾਪਿਆ ਗਿਆ ਸੀ। ਪੈਂਫਲਟ ਦੀ ਜਰਮਨ ਐਡੀਸ਼ਨ ਚੋਰੀ-ਚੋਰੀ ਜਰਮਨੀ ਵਿੱਚ—ਬਰਲਿਨ, ਲਾਈਪਜ਼ਿਗ, ਬਰੇਮਨ ਤੇ ਦੂਜੇ ਸ਼ਹਿਰਾਂ ਵਿੱਚ ਲਿਆਂਦੀ ਗਈ, ਜਿੱਥੇ ਇਸਨੂੰ ਜ਼ਿੰਮਰਵਾਲਡ ਖੱਬੇ ਧੜੇ[4] ਦੇ ਸਮਰਥਕਾਂ ਵੱਲੋਂ ਤੇ ਕਾਰਲ ਲੀਬਕਨੇਖਤ ਗਰੁੱਪ ਵੱਲੋਂ ਚੋਰੀ-ਚੋਰੀ ਘੁਮਾਇਆ ਗਿਆ। ਫਰਾਂਸੀਸੀ ਐਡੀਸ਼ਨ ਪੈਰਿਸ ਵਿੱਚ ਚੋਰੀ-ਛਿਪੇ ਛਾਪੀ ਗਈ ਤੇ ਫਰਾਂਸੀਸੀ ਜ਼ਿੰਮਰਵਾਲਡਵਾਦੀਆਂ ਵਲੋਂ ਘੁਮਾਈ ਗਈ। ਰੂਸੀ ਐਡੀਸ਼ਨ ਬੜੀ ਥੋੜ੍ਹੀ ਗਿਣਤੀ ਵਿੱਚ ਰੂਸ ਪੁੱਜੀ ਤੇ ਮਾਸਕੋ ਵਿੱਚ ਮਜ਼ਦੂਰਾਂ ਨੇ ਆਪਣੇ ਹੱਥਾਂ ਨਾਲ਼ ਇਸਦੀਆਂ ਕਾਪੀਆਂ ਤਿਆਰ ਕੀਤੀਆਂ।

ਅਸੀਂ ਹੁਣ ਇਸ ਪੈਂਫਲਟ ਨੂੰ, ਦਸਤਾਵੇਜ਼ ਦੇ ਤੌਰ ਉੱਤੇ, ਪੂਰਾ ਮੁੜ ਛਾਪ ਰਹੇ ਹਾਂ। ਸਾਰਾ ਸਮਾਂ ਪਾਠਕ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ 1915 ਵਿੱਚ ਲਿਖਿਆ ਗਿਆ ਸੀ। ਇਹ ਗੱਲ ਉਹਨਾਂ ਪੈਰਿਆਂ ਦੇ ਸੰਬੰਧ ਵਿੱਚ ਖਾਸ ਕਰਕੇ ਯਾਦ ਰੱਖਣੀ ਚਾਹੀਦੀ ਹੈ, ਜਿਨ੍ਹਾਂ ਦਾ ਰੂਸ ਨਾਲ਼ ਸੰਬੰਧ ਹੈ: ਉਸ ਵੇਲੇ ਰੂਸ ਅਜੇ ਵੀ ਜ਼ਾਰਸਾਹੀ, ਰੋਮਾਨੋਵ ਰੂਸ ਸੀ।

ਪੈਂਫਲਟ ਦੀ 1918 ਦਾ ਐਡੀਸ਼ਨ
ਵਿੱਚ ਪ੍ਰਕਾਸ਼ਤ ਕੀਤਾ ਗਿਆ।

ਕਾਂਡ ਪਹਿਲਾ

# ਸਮਾਜਵਾਦ ਦੇ ਅਸੂਲ ਤੇ 1914-15 ਦੀ ਜੰਗ

## ਜੰਗਾਂ ਵੱਲ ਸਮਾਜਵਾਦੀਆਂ ਦਾ ਵਤੀਰਾ

ਸਮਾਜਵਾਦੀਆਂ ਨੇ ਹਮੇਸ਼ਾਂ ਹੀ ਕੌਮਾਂ ਵਿਚਕਾਰ ਜੰਗਾਂ ਨੂੰ ਜ਼ਾਲਮ ਤੇ ਵਹਿਸ਼ੀ ਕਹਿ ਕੇ ਨਿੰਦਿਆ ਹੈ। ਪਰ ਜੰਗਾਂ ਵੱਲ ਸਾਡਾ ਵਤੀਰਾ ਬੁਰਜੂਆ ਸ਼ਾਂਤੀਵਾਦੀਆਂ (ਅਮਨ ਦੇ ਸਮਰਥਕਾਂ ਤੇ ਵਕੀਲਾਂ) ਤੇ ਅਰਾਜਕਤਾਵਾਦੀਆਂ ਦੇ ਵਤੀਰੇ ਨਾਲ਼ੋਂ ਬੁਨਿਆਦੀ ਤੌਰ ਉੱਤੇ ਵੱਖਰਾ ਹੈ। ਸ਼ਾਂਤੀਵਾਦੀਆਂ ਨਾਲ਼ੋਂ ਸਾਡਾ ਫਰਕ ਇਹ ਹੈ ਕਿ ਅਸੀਂ ਜੰਗਾਂ ਤੇ ਕਿਸੇ ਦੇਸ਼ ਅੰਦਰਲੇ ਜਮਾਤੀ ਘੋਲ਼ ਵਿਚਕਾਰ ਅਟੱਲ ਸਬੰਧ ਨੂੰ ਸਮਝਦੇ ਹਾਂ; ਅਸੀਂ ਸਮਝਦੇ ਹਾਂ ਕਿ ਜਦੋਂ ਤੱਕ ਜਮਾਤਾਂ ਨਹੀਂ ਖ਼ਤਮ ਕਰ ਦਿੱਤੀਆਂ ਜਾਂਦੀਆਂ ਤੇ ਸਮਾਜਵਾਦ ਨਹੀਂ ਸਿਰਜ ਲਿਆ ਜਾਂਦਾ, ਉਦੋਂ ਤੱਕ ਜੰਗਾਂ ਖਤਮ ਨਹੀਂ ਕੀਤੀਆਂ ਜਾ ਸਕਦੀਆਂ; ਸਾਡੇ ਵਿਚਕਾਰ ਇਹ ਵੀ ਫ਼ਰਕ ਹੈ ਕਿ ਅਸੀਂ ਘਰੇਲੂ ਜੰਗਾਂ ਨੂੰ, ਭਾਵ, ਦੱਬੀ-ਕੁਚਲੀ ਜਮਾਤ ਵੱਲੋਂ ਦਬਾਉਣ ਵਾਲ਼ੀ ਜਮਾਤ ਦੇ ਖਿਲਾਫ਼, ਗ਼ੁਲਾਮਾਂ ਵੱਲੋਂ ਗ਼ੁਲਾਮ-ਮਾਲਕਾਂ ਦੇ ਖ਼ਿਲਾਫ, ਭੂਮੀ-ਗ਼ੁਲਾਮਾਂ ਵੱਲੋਂ ਭੂਮੀਪਤੀਆਂ ਦੇ ਖ਼ਿਲਾਫ਼, ਤੇ ਉਜਰਤੀ ਮਜ਼ਦੂਰਾਂ ਵੱਲੋਂ ਸਰਮਾਇਦਾਰਾਂ ਦੇ ਖਿਲਾਫ਼ ਲੜੀਆਂ ਜਾਂਦੀਆਂ ਜੰਗਾਂ ਨੂੰ ਪੂਰੀ ਤਰ੍ਹਾਂ ਜਾਇਜ਼, ਅਗਾਂਹਵਧੂ ਤੇ ਜ਼ਰੂਰੀ ਸਮਝਦੇ ਹਾਂ। ਸਾਡਾ, ਮਾਰਕਸਵਾਦੀਆਂ ਦਾ, ਸ਼ਾਂਤੀਵਾਦੀਆਂ ਤੇ ਅਰਾਜਕਤਾਵਾਦੀਆਂ ਨਾਲ਼ੋਂ ਇਸ ਗੱਲ ਵਿੱਚ ਵੀ ਫਰਕ ਹੈ ਕਿ ਅਸੀਂ ਹਰ ਜੰਗ ਦਾ ਇਤਿਹਾਸਕ ਤੌਰ ਉੱਤੇ (ਮਾਰਕਸ ਦੇ ਦਵੰਦਵਾਦੀ ਭੌਤਕਵਾਦ ਦੇ ਦ੍ਰਿਸ਼ਟੀਕੋਣ ਤੋਂ) ਤੇ ਵੱਖਰੇ ਤੌਰ ਉੱਤੇ ਅਧਿਐਨ ਕਰਨਾ ਜ਼ਰੂਰੀ ਸਮਝਦੇ ਹਾਂ। ਬੀਤੇ ਜ਼ਮਾਨੇ ਵਿੱਚ ਅਣਗਿਣਤ ਜੰਗਾਂ ਹੋਈਆਂ ਹਨ ਜਿਹੜੀਆਂ, ਸਾਰੀਆਂ ਭਿਅੰਕਰਤਾਵਾਂ, ਜ਼ੁਲਮਾਂ, ਕਸ਼ਟਾਂ ਤੇ ਮੁਸੀਬਤਾਂ ਦੇ ਬਾਵਜੂਦ, ਜੋ ਕਿ ਅਟੱਲ ਤੌਰ ਉੱਤੇ ਸਭ ਜੰਗਾਂ ਨਾਲ਼ ਲੈ ਕੇ ਆਉਂਦੀਆਂ ਹਨ, ਅਗਾਂਹਵਧੂ ਜੰਗਾਂ ਸਨ, ਭਾਵ, ਜਿਨ੍ਹਾਂ ਨੇ ਅਤਿ ਦੀਆਂ ਹਾਨੀਕਾਰਕ ਤੇ ਪਿਛਾਂਹ ਖਿੱਚੂ ਸੰਸਥਾਵਾਂ (ਜਿਵੇਂ ਕਿ ਇੱਕਪੁਰਖਾਰਾਜ ਜਾਂ ਭੂਮੀ-ਗ਼ੁਲਾਮੀ) ਤੇ ਯੂਰਪ ਵਿੱਚ ਅਤਿ ਦੇ ਵਹਿਸ਼ੀ ਨਿਰੰਕੁਸ਼ ਰਾਜ (ਤੁਰਕ ਤੇ ਰੂਸੀ) ਤਬਾਹ ਕਰਨ ਵਿੱਚ ਸਹਾਇਤਾ ਕਰਕੇ ਮਨੁੱਖਤਾ ਦੇ ਵਿਕਾਸ ਨੂੰ ਲਾਭ ਪੁਚਾਇਆ। ਇਸੇ ਕਰਕੇ ਉਹਨਾਂ ਲੱਛਣਾਂ ਦੀ ਨਿਰਖ-ਪਰਖ ਕੀਤੀ ਜਾਣੀ ਚਾਹੀਦੀ ਹੈ ਜਿਹੜੇ ਇਤਿਹਾਸਕ ਤੌਰ ਉੱਤੇ ਮੌਜੂਦਾ ਜੰਗ ਲਈ ਵਿਲੱਖਣ ਹਨ।

## ਆਧੁਨਿਕ ਸਮਿਆਂ ਵਿੱਚ ਜੰਗਾਂ ਦੀਆਂ ਇਤਿਹਾਸਕ ਵੰਨਗੀਆਂ

ਮਹਾਨ ਫਰਾਂਸੀਸੀ ਇਨਕਲਾਬ ਨੇ ਮਨੁੱਖਤਾ ਦੇ ਇਤਿਹਾਸ ਵਿੱਚ ਨਵਾਂ ਦੌਰ ਸ਼ੁਰੂ ਕੀਤਾ। ਉਦੋਂ ਤੋਂ ਲੈ ਕੇ ਪੈਰਿਸ ਕਮਿਊਨ[5] ਤੱਕ, ਭਾਵ, 1789 ਤੇ 1871 ਵਿਚਕਾਰ, ਇੱਕ

ਤਰ੍ਹਾਂ ਦੀ, ਕੌਮੀ ਆਜ਼ਾਦੀ ਲਈ ਲੜੀ ਗਈ, ਜੰਗ ਬੁਰਜੂਆ-ਅਗਾਂਹਵਧੂ ਖਾਸੇ ਦੀ ਸੀ। ਦੂਜੇ ਸ਼ਬਦਾਂ ਵਿੱਚ, ਨਿਰੰਕੁਸ਼ਵਾਦ ਤੇ ਸਾਮੰਤਵਾਦ ਦਾ ਤਖਤਾ ਉਲ਼ਟਾਇਆ ਜਾਣਾ, ਇਹਨਾਂ ਸੰਸਥਾਵਾਂ ਨੂੰ ਢਾਹ ਲਾਉਣਾ ਤੇ ਵਿਦੇਸ਼ੀ ਜਬਰ ਨੂੰ ਲਾਹ ਮਾਰਨਾ ਇਹੋ ਜਿਹੀਆਂ ਜੰਗਾਂ ਦਾ ਮੁੱਖ ਵਸਤੂ ਤੇ ਇਤਿਹਾਸਕ ਮਹੱਤਤਾ ਸੀ। ਇਸ ਲਈ ਇਹ ਅਗਾਂਹਵਧੂ ਜੰਗਾਂ ਸਨ; **ਇਹੋ ਜਿਹੀਆਂ** ਜੰਗਾਂ ਦੇ ਦੌਰਾਨ ਸਾਰੇ ਈਮਾਨਦਾਰ ਤੇ ਇਨਕਲਾਬੀ ਜਮਹੂਰੀ, ਤੇ ਸਾਰੇ ਸਮਾਜਵਾਦੀ ਵੀ, ਹਮੇਸ਼ਾ ਉਸ ਦੇਸ਼ (ਭਾਵ, ਉਸ ਬੁਰਜੂਆਜ਼ੀ) ਦੀ ਸਫਲਤਾ ਦੀ ਕਾਮਨਾ ਕਰਦੇ ਸਨ ਜਿਸਨੇ ਜਗੀਰਦਾਰੀ, ਨਿਰੰਕੁਸ਼ਵਾਦ ਦੀਆਂ ਅਤਿ ਦੀਆਂ ਵਿਨਾਸ਼ਕਾਰੀ ਬੁਨਿਆਦਾਂ ਨੂੰ ਤੇ ਦੂਜੀਆਂ ਕੌਮਾਂ ਉੱਪਰ ਜਬਰ ਨੂੰ ਉਲ਼ਟਾਉਣ ਤੇ ਢਾਹ ਲਾਉਣ ਵਿੱਚ ਸਹਾਇਤਾ ਕੀਤੀ ਸੀ। ਮਿਸਾਲ ਵਜੋਂ, ਫਰਾਂਸ ਵੱਲੋਂ ਲੜੀਆਂ ਗਈਆਂ ਇਨਕਲਾਬੀ ਜੰਗਾਂ ਵਿੱਚ ਲੁੱਟ ਦਾ ਤੇ ਫਰਾਂਸੀਸਆਂ ਵੱਲੋਂ ਵਿਦੇਸ਼ੀ ਇਲਾਕਿਆਂ ਉੱਪਰ ਮੱਲਾਂ ਮਾਰਨ ਦਾ ਅੰਸ਼ ਵੀ ਸ਼ਾਮਲ ਹੁੰਦਾ ਸੀ, ਪਰ ਇਹ ਗੱਲ ਉਹਨਾਂ ਜੰਗਾਂ ਦੀ ਬੁਨਿਆਦੀ ਇਤਿਹਾਸਕ ਮਹੱਤਤਾ ਨੂੰ ਜ਼ਰਾ ਵੀ ਨਹੀਂ ਬਦਲਦੀ, ਜਿਨ੍ਹਾਂ ਨੇ ਸਾਰੇ ਦੇ ਸਾਰੇ ਪੁਰਾਣੇ, ਭੂਮੀ-ਗ਼ੁਲਾਮੀ ਵਾਲ਼ੇ ਯੂਰਪ ਵਿੱਚ ਜਗੀਰਦਾਰੀ ਤੇ ਨਿਰੰਕੁਸ਼ਵਾਦ ਨੂੰ ਤਬਾਹ ਕਰ ਦਿੱਤਾ ਤੇ ਖੇਰੂੰ ਖੇਰੂੰ ਕਰ ਦਿੱਤਾ। ਫਰਾਂਸੀਸੀ-ਪਰੂਸ਼ੀਅਨ ਜੰਗਾਂ ਵਿੱਚ ਜਰਮਨੀ ਨੇ ਫਰਾਂਸ ਨੂੰ ਲੁੱਟਿਆ, ਪਰ ਇਸ ਨਾਲ਼ ਉਸ ਜੰਗ ਦੀ ਬੁਨਿਆਦੀ ਇਤਿਹਾਸਕ ਮਹੱਤਤਾ ਨਹੀਂ ਬਦਲ ਜਾਂਦੀ, ਜਿਸਨੇ ਕਰੋੜਾਂ ਜਰਮਨਾਂ ਨੂੰ ਜਗੀਰੂ ਬਟਵਾਰੇ ਤੋਂ ਤੇ ਦੋ ਨਿਰੰਕੁਸ਼ ਬਾਦਸ਼ਾਹਾਂ, ਰੂਸੀ ਜ਼ਾਰ ਤੇ ਨੈਪੋਲੀਅਨ ਤੀਜੇ, ਦੇ ਜਬਰ ਤੋਂ ਮੁਕਤ ਕਰਾਇਆ।

## ਹਮਲੇ ਦੀ ਜੰਗ ਤੇ ਰਾਖੀ ਦੀ ਜੰਗ ਵਿਚਕਾਰ ਫਰਕ

1789-1871 ਦਾ ਦੌਰ ਆਪਣੇ ਪਿੱਛੇ ਡੂੰਘੇ ਨਿਸ਼ਾਨ ਤੇ ਇਨਕਲਾਬੀ ਯਾਦਾਂ ਛੱਡ ਗਿਆ। ਜਗੀਰਦਾਰੀ, ਨਿਰੰਕੁਸ਼ਵਾਦ ਤੇ ਵਿਦੇਸ਼ੀ ਜਬਰ ਦਾ ਤਖਤਾ ਉਲ਼ਟਾਉਣ ਤੋਂ ਪਹਿਲਾਂ ਸਮਾਜਵਾਦ ਲਈ ਪ੍ਰੋਲੇਤਾਰੀ ਘੋਲ਼ ਦਾ ਕੋਈ ਵਿਕਾਸ ਨਹੀਂ ਸੀ ਹੋ ਸਕਦਾ। **ਇਹੋ ਜਿਹੇ** ਦੌਰਾਂ ਦੀਆਂ ਜੰਗਾਂ ਦੀ ਗੱਲ ਕਰਦਿਆਂ, ਜਦੋਂ ਸਮਾਜਵਾਦੀ "ਰਾਖੀ ਦੀਆਂ" ਜੰਗਾਂ ਦੇ ਜਾਇਜ਼ ਹੋਣ ਉੱਤੇ ਜ਼ੋਰ ਦੇਂਦੇ ਸਨ, ਤਾਂ ਉਹਨਾਂ ਦੇ ਮਨਾਂ ਵਿੱਚ ਹਮੇਸ਼ਾ ਇਹ ਨਿਸ਼ਾਨੇ ਹੁੰਦੇ ਸਨ, ਭਾਵ, ਮਧਕਾਲੀਨਤਾ ਤੇ ਭੂਮੀ-ਗ਼ੁਲਾਮੀ ਦੇ ਖਿਲਾਫ ਇਨਕਲਾਬ। "ਰੱਖਿਆ ਦੀ" ਜੰਗ ਨੂੰ ਸਮਾਜਵਾਦੀਆਂ ਨੇ ਹਮੇਸ਼ਾ ਹੀ ਇਹਨਾਂ ਵਿਸ਼ੇਸ਼ ਅਰਥਾਂ ਵਿੱਚ "**ਨਿਆਈਂ**" ਜੰਗ ਸਮਝਿਆ ਹੈ। (ਵਿਲਹੈਲਮ ਲੀਬਕਨੇਖਤ ਨੇ ਇੱਕ ਵਾਰੀ ਆਪਣੇ ਆਪ ਨੂੰ ਬਿਲਕੁਲ ਇਹਨਾਂ ਲਫ਼ਜ਼ਾਂ ਵਿੱਚ ਹੀ ਪ੍ਰਗਟ ਕੀਤਾ ਸੀ।[6]) ਸਿਰਫ਼ ਇਹਨਾਂ ਅਰਥਾਂ ਵਿਚ ਹੀ ਸਮਾਜਵਾਦੀਆਂ ਨੇ "ਪਿਤਾ-ਭੂਮੀ ਦੀ ਰਾਖੀ ਲਈ" ਜੰਗਾਂ ਨੂੰ ਜਾਂ "ਰੱਖਿਆ ਦੀਆਂ" ਜੰਗਾਂ ਨੂੰ ਹਮੇਸ਼ਾ ਹੀ ਕਨੂੰਨੀ, ਅਗਾਂਹਵਧੂ ਤੇ ਨਿਆਈਂ ਸਮਝਿਆ ਹੈ। ਮਿਸਾਲ ਵਜੋਂ, ਜੇ ਕੱਲ ਨੂੰ ਮਰਾਕੋ ਫਰਾਂਸ ਦੇ ਖਿਲਾਫ਼, ਜਾਂ ਭਾਰਤ ਬਰਤਾਨੀਆ ਦੇ ਖਿਲਾਫ਼ ਜਾਂ ਫਾਰਸ ਜਾਂ ਚੀਨ ਰੂਸ ਦੇ ਖਿਲਾਫ਼ ਜੰਗ ਦਾ ਐਲਾਨ ਕਰ ਦੇਵੇ, ਤਾਂ ਇਹ "ਨਿਆਈਂ" ਤੇ "ਰੱਖਿਆ ਲਈ" ਜੰਗਾਂ ਹੋਣਗੀਆਂ, **ਭਾਵੇਂ** ਪਹਿਲਾਂ ਹਮਲਾ ਕੋਈ ਵੀ ਕਰੇ; ਕੋਈ ਵੀ ਸਮਾਜਵਾਦੀ

ਦਬਾਏ ਹੋਏ, ਪਰਾਧੀਨ ਤੇ ਨਾ-ਬਰਾਬਰ ਰਾਜਾਂ ਦੀ ਦਬਾਉਣ ਵਾਲ਼ੀਆਂ, ਗ਼ੁਲਾਮ-ਮਾਲਕ ਤੇ ਧਾੜਵੀ "ਮਹਾਨ" ਤਾਕਤਾਂ ਉੱਪਰ ਜਿੱਤ ਦੀ ਕਾਮਨਾ ਕਰੇਗਾ।

ਪਰ ਜ਼ਰਾ ਉਸ ਗ਼ੁਲਾਮ-ਮਾਲਕ ਦੀ ਕਲਪਨਾ ਕਰੋ ਜਿਸ ਕੋਲ 100 ਗ਼ੁਲਾਮ ਹਨ, ਤੇ ਜਿਹੜਾ ਗ਼ੁਲਾਮਾਂ ਦੀ ਵਧੇਰੇ "ਨਿਆਈਂ" ਮੁੜ-ਵੰਡ ਲਈ ਦੂਜੇ ਗ਼ੁਲਾਮ-ਮਾਲਕ ਦੇ ਖਿਲਾਫ਼ ਜੰਗ ਛੇੜਦਾ ਹੈ, ਜਿਸ ਕੋਲ਼ 200 ਗ਼ੁਲਾਮ ਹਨ। ਇਹੋ ਜਿਹੀ ਸੂਰਤ ਵਿੱਚ "ਰੱਖਿਆ ਲਈ" ਜੰਗ ਦਾ ਜਾਂ "ਪਿਤਾ-ਭੂਮੀ ਦੀ ਰਾਖੀ ਲਈ" ਜੰਗ ਦਾ ਸੰਕੇਤ-ਸ਼ਬਦ ਵਰਤਣਾ ਸਪਸ਼ਟ ਹੀ ਇਤਿਹਾਸਕ ਤੌਰ ਉੱਤੇ ਗ਼ਲਤ ਹੋਵੇਗਾ, ਤੇ ਅਮਲ ਵਿੱਚ ਕਪਟੀ ਗ਼ੁਲਾਮ-ਮਾਲਕ ਵੱਲੋਂ ਆਮ-ਲੋਕਾਂ, ਖ਼ੂਹ ਦੇ ਡੱਡੂਆਂ ਤੇ ਅਗਿਆਨੀਆਂ ਨਾਲ਼ ਨਿਰੋਲ ਛਲ ਹੋਵੇਗਾ। ਇਸ ਤਰੀਕੇ ਨਾਲ਼, ਗ਼ੁਲਾਮੀ ਨੂੰ ਪੱਕੇ ਪੈਰੀਂ ਕਰਨ ਦੇ ਮੰਤਵ ਨਾਲ਼ ਗ਼ੁਲਾਮ-ਮਾਲਕਾਂ ਵਿਚਕਾਰ ਇਸ ਵੇਲੇ ਚਲਾਈ ਜਾ ਰਹੀ ਜੰਗ ਵਿੱਚ ਅੱਜ ਦੀ ਸਾਮਰਾਜਵਾਦੀ ਬੁਰਜੂਆਜ਼ੀ ਵਲੋਂ "ਕੌਮੀ" ਵਿਚਾਰਧਾਰਾ ਤੇ ਪਿਤਾ-ਭੂਮੀ ਦੀ ਰਾਖੀ ਦੇ ਸੰਕੇਤ-ਸ਼ਬਦ ਨਾਲ਼ ਲੋਕਾਂ ਨੂੰ ਧੋਖਾ ਦਿੱਤਾ ਜਾ ਰਿਹਾ ਹੈ।

## ਅੱਜ ਦੀ ਜੰਗ ਸਾਮਰਾਜਵਾਦੀ ਜੰਗ ਹੈ

ਇਹ ਲਗਭਗ ਸਾਰੇ ਮੰਨਦੇ ਹਨ ਕਿ ਇਹ ਜੰਗ ਸਾਮਰਾਜੀ ਜੰਗ ਹੈ। ਪਰ ਬਹੁਤੀਆਂ ਸੂਰਤਾਂ ਵਿੱਚ ਇਸ ਸੰਕੇਤ-ਸ਼ਬਦ ਨੂੰ ਵਿਗਾੜਿਆ ਜਾਂਦਾ ਹੈ, ਜਾਂ ਇੱਕ ਪੱਖ ਉੱਪਰ ਲਾਗੂ ਕੀਤਾ ਜਾਂਦਾ ਹੈ, ਜਾਂ ਇਸ ਦਾਅਵੇ ਲਈ ਚੋਰ-ਦਰਵਾਜ਼ਾ ਰਹਿਣ ਦਿੱਤਾ ਜਾਂਦਾ ਹੈ ਕਿ ਆਖਰ ਇਹ ਜੰਗ ਵੀ, ਹੋ ਸਕਦਾ ਹੈ, ਬੁਰਜੂਆ-ਅਗਾਂਹਵਧੂ ਹੋਵੇ ਤੇ ਕੌਮੀ ਆਜ਼ਾਦੀ ਦੀ ਲਹਿਰ ਲਈ ਮਹੱਤਤਾ ਰੱਖਦੀ ਹੋਵੇ। ਸਾਮਰਾਜਵਾਦੀ ਸਰਮਾਇਦਾਰੀ ਦੇ ਵਿਕਾਸ ਵਿੱਚ ਅੰਤਮ ਪੜਾਅ ਹੈ, ਜਿਸ ਤੱਕ ਵੀਹਵੀਂ ਸਦੀ ਵਿੱਚ ਹੀ ਪੁੱਜਿਆ ਗਿਆ ਹੈ। ਹੁਣ ਸਰਮਾਇਦਾਰੀ ਨੂੰ ਲੱਗਦਾ ਹੈ ਕਿ ਪੁਰਾਣੇ ਕੌਮੀ ਰਾਜ, ਜਿਨ੍ਹਾਂ ਦੇ ਬਨਣ ਤੋਂ ਬਿਨਾਂ ਇਹ ਜਗੀਰਦਾਰੀ ਨੂੰ ਨਹੀਂ ਸੀ ਉਲ਼ਟਾ ਸਕਦੀ, ਇਸ ਲਈ ਬਹੁਤ ਭੀੜੇ ਹਨ। ਸਰਮਾਇਦਾਰੀ ਨੇ ਇਸ ਹੱਦ ਤੱਕ ਕੇਂਦਰੀਕਰਨ ਕਰ ਲਿਆ ਹੈ ਕਿ ਸਨਅਤ ਦੀਆਂ ਸਮੁੱਚੀਆਂ ਸ਼ਾਖ਼ਾਂ ਉੱਪਰ ਕਰੋੜਪਤੀ ਸਰਮਾਇਦਾਰਾਂ ਦੇ ਸਿੰਡੀਕੇਟਾਂ, ਟਰੱਸਟਾਂ ਤੇ ਸਭਾਵਾਂ ਦਾ ਕੰਟਰੋਲ ਹੈ ਤੇ ਲਗਭਗ ਸਾਰੀ ਦੁਨੀਆਂ ਨੂੰ ਜਾਂ ਤਾਂ ਬਸਤੀਆਂ ਦੇ ਰੂਪ ਵਿਚ, ਜਾਂ ਵਿੱਤੀ ਲੁੱਟ-ਖਸੁੱਟ ਦੇ ਹਜ਼ਾਰਾਂ ਧਾਗਿਆਂ ਨਾਲ਼ ਦੂਜੇ ਦੇਸ਼ਾਂ ਨੂੰ ਫਾਹ ਕੇ "ਧਨ ਕੁਬੇਰਾਂ" ਵਿਚਕਾਰ ਵੰਡਿਆ ਜਾ ਚੁੱਕਾ ਹੋਇਆ ਹੈ। ਅਜਾਰੇਦਾਰੀਆਂ, ਪੂੰਜੀ ਲਾਉਣ ਵਾਸਤੇ ਤੇ ਕੱਚੇ ਪਦਾਰਥਾਂ ਦੇ ਸੋਮਿਆਂ ਵਜੋਂ ਇਲਾਕਿਆਂ ਉੱਪਰ ਕਬਜ਼ਾ ਕਰਨ ਆਦਿ ਵੱਲ ਨੂੰ ਯਤਨ ਆਜ਼ਾਦ ਵਪਾਰ ਤੇ ਮੁਕਾਬਲੇ ਨੂੰ ਪਿੱਛੇ ਛੱਡ ਗਏ ਹਨ। ਕੌਮਾਂ ਦਾ ਮੁਕਤੀਦਾਤਾ ਹੋਣ ਤੋਂ, ਜੋ ਕਿ ਸਰਮਾਇਦਾਰੀ ਜਗੀਰਦਾਰੀ ਦੇ ਖਿਲਾਫ਼ ਘੋਲ਼ ਵਿੱਚ ਸੀ, ਆਪਣੇ ਸਾਮਰਾਜਵਾਦੀ ਪੜਾਅ ਉੱਤੇ ਇਹ ਕੌਮਾਂ ਉੱਪਰ ਸਭ ਤੋਂ ਵੱਡੀ ਜਬਰ ਕਰਨ ਵਾਲ਼ੀ ਹੋ ਨਿੱਬੜੀ ਹੈ। ਪਹਿਲਾਂ ਸਰਮਾਇਦਾਰੀ ਅਗਾਂਹਵਧੂ ਸੀ, ਹੁਣ ਇਹ ਪਿਛਾਂਹਖਿੱਚੂ ਬਣ ਗਈ ਹੈ; ਇਸਨੇ ਉਤਪਾਦਨ ਦੀਆਂ ਤਾਕਤਾਂ ਦਾ ਇਸ ਹੱਦ ਤੱਕ

ਵਿਕਾਸ ਕਰ ਲਿਆ ਹੈ ਕਿ ਮਨੁੱਖਤਾ ਸਾਮ੍ਹਣੇ ਦੋ ਹੀ ਬਦਲ ਰਹਿ ਗਏ ਹਨ—ਜਾਂ ਤਾਂ ਸਮਾਜਵਾਦ ਨੂੰ ਪ੍ਰਵਾਨ ਕਰੇ, ਤੇ ਜਾਂ ਫਿਰ ਬਸਤੀਆਂ, ਅਜਾਰੇਦਾਰੀਆਂ, ਵਿਸ਼ੇਸ਼ਾਧਿਕਾਰਾਂ ਤੇ ਹਰ ਤਰ੍ਹਾਂ ਦੇ ਕੌਮੀ ਜਬਰ ਰਾਹੀਂ ਸਰਮਾਇਦਾਰੀ ਨੂੰ ਬਣਾਉਟੀ ਤਰ੍ਹਾਂ ਨਾਲ਼ ਕਾਇਮ ਰੱਖਣ ਵਾਸਤੇ "ਵੱਡੀਆਂ" ਤਾਕਤਾਂ ਵਿਚਕਾਰ ਸਾਲਾਂ-ਬੱਧੀ ਤੇ ਸਗੋਂ ਕਈ ਦਹਾਕਿਆਂ ਤੱਕ ਹਥਿਆਰਬੰਦ ਘੋਲ਼ ਬਰਦਾਸ਼ਤ ਕਰੇ।

## ਗ਼ੁਲਾਮੀ ਨੂੰ ਕਾਇਮ ਰੱਖਣ ਤੇ ਪੱਕੇ-ਪੈਰੀਂ ਕਰਨ ਲਈ ਸਭ ਤੋਂ ਵੱਡੇ ਗ਼ੁਲਾਮ-ਮਾਲਕਾਂ ਵਿਚਕਾਰ ਜੰਗ

ਸਾਮਰਾਜਵਾਦ ਦੀ ਮਹੱਤਤਾ ਸਪਸ਼ਟ ਕਰਨ ਲਈ ਅਸੀਂ ਠੀਕ ਠੀਕ ਅੰਕੜਿਆਂ ਦਾ ਹਵਾਲਾ ਦੇਵਾਂਗੇ ਜਿਨ੍ਹਾਂ ਤੋਂ ਅਖੌਤੀ "ਵੱਡੀਆਂ" ਤਾਕਤਾਂ (ਭਾਵ, ਜਿਹੜੀਆਂ ਭਾਰੀ ਲੁੱਟ ਵਿੱਚ ਸਫਲ ਹਨ) ਵਿਚਕਾਰ ਦੁਨੀਆਂ ਦੀ ਵੰਡ ਦਾ ਪਤਾ ਲਗਦਾ ਹੈ।(ਦੇਖੋ ਸਫਾ 11 —(**ਸੰਪਾ.**)।

ਸੋ ਦੇਖਿਆ ਜਾ ਸਕਦਾ ਹੈ ਕਿ, 1876 ਤੋਂ ਲੈ ਕੇ, ਉਹਨਾਂ ਕੌਮਾਂ ਵਿੱਚੋਂ, ਜਿਹੜੀਆਂ 1789-1871 ਵਿੱਚ ਆਜ਼ਾਦੀ ਲਈ ਲੜਣ ਵਾਲ਼ੀਆਂ ਵਿੱਚੋਂ ਸਭ ਤੋਂ ਮੋਹਰੀ ਸਨ, ਬਹੁਤੀਆਂ ਕੌਮਾਂ ਅਤਿ ਵਿਕਸਤ ਤੇ "ਹੱਦੋਂ ਵੱਧ ਪੱਕ ਚੁੱਕੀ" ਸਰਮਾਇਦਾਰੀ ਦੇ ਆਧਾਰ ਉੱਤੇ ਦੁਨੀਆਂ ਦੀ ਬਹੁਤੀ ਵੱਸੋਂ ਤੇ ਬਹੁ-ਗਿਣਤੀ ਕੌਮਾਂ ਨੂੰ ਗ਼ੁਲਾਮ ਬਨਾਉਣ ਵਾਲ਼ੀਆਂ ਤੇ ਉਹਨਾਂ ਉੱਪਰ ਜਬਰ ਕਰਨ ਵਾਲ਼ੀਆਂ ਬਣ ਗਈਆਂ ਹਨ। 1876 ਤੋਂ 1914 ਤੱਕ, ਛੇ "ਵੱਡੀਆਂ" ਤਾਕਤਾਂ ਨੇ ਢਾਈ ਕਰੋੜ ਵਰਗ ਕਿਲੋਮੀਟਰ, ਭਾਵ, ਯੂਰਪ ਨਾਲ਼ੋਂ ਢਾਈ ਗੁਣਾ ਰਕਬੇ ਉੱਪਰ ਕਬਜ਼ਾ ਕਰ ਲਿਆ ਹੈ! ਛੇ ਤਾਕਤਾਂ ਨੇ ਬਸਤੀਆਂ ਵਿਚਲੇ **ਅੱਧੇ ਅਰਬ ਤੋਂ ਬਹੁਤੇ** (52 ਕਰੋੜ 30 ਲੱਖ) ਲੋਕਾਂ ਨੂੰ ਗ਼ੁਲਾਮ ਬਣਾ ਲਿਆ ਹੈ। "ਵੱਡੀਆਂ" ਤਾਕਤਾਂ ਵਿਚਲੇ ਹਰ ਚਾਰ ਵਾਸੀਆਂ ਪਿੱਛੇ "ਉਹਨਾਂ ਦੀਆਂ" ਬਸਤੀਆਂ ਵਿੱਚ ਪੰਜ ਵਾਸੀ ਹਨ। ਇਹ ਸਾਰੇ ਜਾਣਦੇ ਹਨ ਕਿ ਬਸਤੀਆਂ ਤੋਪ ਤੇ ਤਲਵਾਰ ਦੇ ਜ਼ੋਰ ਨਾਲ਼ ਜਿੱਤੀਆਂ ਜਾਂਦੀਆਂ ਹਨ, ਕਿ ਬਸਤੀਆਂ ਵਿਚਲੀ ਵੱਸੋਂ ਨਾਲ਼ ਵਹਿਸ਼ੀਆਂ ਵਾਲ਼ਾ ਵਿਹਾਰ ਕੀਤਾ ਜਾਂਦਾ ਹੈ ਤੇ ਉਹਨਾਂ ਦੀ ਹਜ਼ਾਰ ਤਰੀਕਿਆਂ ਨਾਲ਼ ਲੁੱਟ-ਖਸੁੱਟ ਕੀਤੀ ਜਾਂਦੀ ਹੈ—ਸਰਮਾਇਆ ਬਰਾਮਦ ਕਰਕੇ, ਰਿਆਇਤਾਂ ਆਦਿ ਰਾਹੀਂ, ਮਾਲ ਦੀ ਵਿਕਰੀ ਵਿੱਚ ਹੇਰਾ ਫੇਰੀ ਕਰਕੇ, "ਹਾਕਮ" ਕੌਮ ਦੇ ਅਧਿਕਾਰੀਆਂ ਅੱਗੇ ਅਧੀਨਗੀ ਆਦਿ, ਆਦਿ ਨਾਲ਼। ਐਂਗਲੋ-ਫਰਾਂਸੀਸੀ ਬੁਰਜੂਆਜ਼ੀ ਲੋਕਾਂ ਨੂੰ ਧੋਖਾ ਦੇ ਰਹੀ ਹੈ ਜਦੋਂ ਉਹ ਕਹਿੰਦੀ ਹੈ ਕਿ ਉਹ ਕੌਮਾਂ ਦੀ ਤੇ ਬੈਲਜੀਅਮ ਦੀ ਆਜ਼ਾਦੀ ਲਈ ਲੜਾਈ ਕਰ ਰਹੀ ਹੈ; ਅਸਲ ਵਿੱਚ ਉਹ ਹਥਿਆਈਆਂ ਤੇ ਲੁੱਟੀਆਂ ਬਸਤੀਆਂ ਨੂੰ ਆਪਣੇ ਹੱਥ ਵਿੱਚ ਰੱਖਣ ਲਈ ਜੰਗ ਲੜ ਰਹੀਆਂ ਹਨ। ਜਰਮਨ ਸਾਮਰਾਜਵਾਦੀ ਬੈਲਜੀਅਮ ਆਦਿ ਨੂੰ ਇੱਕਦਮ ਆਜ਼ਾਦ ਕਰ ਦੇਣਗੇ ਜੇ ਬਰਤਾਨਵੀ ਤੇ ਫਰਾਂਸੀਸੀ ਉਹਨਾਂ ਨਾਲ਼ ਆਪਣੀਆਂ ਬਸਤੀਆਂ ਦੀ "ਨਿਆਈਂ" ਵੰਡ ਕਰਨ ਲਈ ਸਹਿਮਤ ਹੋ ਜਾਣ। ਇਸ ਅਵਸਥਾ ਦਾ ਲੱਛਣ ਇਹ ਹੈ ਕਿ ਇਸ ਜੰਗ ਵਿੱਚ ਬਸਤੀਆਂ ਦੀ ਹੋਣੀ ਦਾ ਫੈਸਲਾ ਯੂਰਪ

## “ਵੱਡੀਆਂ” ਗ਼ੁਲਾਮ-ਮਾਲਕ ਤਾਕਤਾਂ ਵਿਚਕਾਰ ਦੁਨੀਆਂ ਦੀ ਵੰਡ
(ਅੰਕੜੇ ਲੱਖਾਂ ਵਿੱਚ)

| “ਵੱਡੀਆਂ” ਤਾਕਤਾਂ | ਬਸਤੀਆਂ | | | | ਮਾਲਕ ਦੇਸ਼ | | ਕੁੱਲ | |
|---|---|---|---|---|---|---|---|---|
| | 1816 | | 1914 | | 1914 | | | |
| | ਵਰਗ ਕਿਲੋਮੀਟਰ | ਵਸੋਂ | ਵਰਗ ਕਿਲੋਮੀਟਰ | ਵਸੋਂ | ਵਰਗ ਕਿਲੋਮੀਟਰ | ਵਸੋਂ | ਵਰਗ ਕਿਲੋਮੀਟਰ | ਵਸੋਂ |
| ਬਰਤਾਨੀਆ | 225 | 2,519 | 335 | 3,935 | 3 | 465 | 338 | 4,400 |
| ਰੂਸ | 170 | 159 | 174 | 332 | 54 | 1,362 | 228 | 1,694 |
| ਫਰਾਂਸ | 9 | 60 | 106 | 555 | 5 | 396 | 111 | 951 |
| ਜਰਮਨੀ | – | – | 29 | 123 | 5 | 649 | 34 | 772 |
| ਜਾਪਾਨ | – | – | 3 | 192 | 4 | 530 | 7 | 722 |
| ਅਮਰੀਕਾ | – | – | 3 | 97 | 94 | 970 | 97 | 1,067 |
| ਛੇ “ਵੱਡੀਆਂ” ਤਾਕਤਾਂ ਲਈ ਕੁੱਲ | 404 | 2,738 | 650 | 5,234 | 164 | 4372 | 815 | 9,606 |
| “ਵੱਡੀਆਂ” ਤਾਕਤਾਂ ਤੋਂ ਇਲਾਵਾ ਦੂਜੇ ਦੇਸ਼ਾਂ (ਬੈਲਜੀਅਮ, ਹਾਲੈਂਡ ਆਦਿ) ਦੀਆਂ ਬਸਤੀਆਂ | – | – | 99 | 453 | | | 99 | 453 |
| ਤਿੰਨ ਅਰਧ–ਬਸਤੀਆਂ (ਤੁਰਕੀ, ਚੀਨ ਤੇ ਫਾਰਸ) | | | | | | | 145 | 3,612 |
| | | | | | | **ਕੁੱਲ** | 1,059 | 13,671 |
| ਬਾਕੀ ਰਾਜ ਤੇ ਦੇਸ | | | | | | | 280 | 2,899 |
| ਸਾਰੀ ਦੁਨੀਆਂ (ਧਰੁਵੀ ਖੰਡਾਂ ਤੋਂ ਬਿਨਾਂ) | | | | | | | 1,339 | 16,570 |

ਵਿੱਚ ਜੰਗ ਲੜ ਕੇ ਕੀਤਾ ਜਾ ਰਿਹਾ ਹੈ। ਬੁਰਜੂਆ ਇਨਸਾਫ ਤੇ ਕੌਮੀ ਆਜ਼ਾਦੀ ਦੇ ਦ੍ਰਿਸ਼ਟੀਕੋਣ ਤੋਂ (ਜਾਂ ਕੌਮਾਂ ਦੇ ਜਿਊਣ ਦੇ ਹੱਕ ਦੇ ਦ੍ਰਿਸ਼ਟੀਕੋਣ ਤੋਂ), ਬਰਤਾਨੀਆ ਤੇ ਫਰਾਂਸ ਦੇ ਮੁਕਾਬਲੇ ਉੱਤੇ ਜਰਮਨੀ ਨੂੰ ਬਿਲਕੁਲ ਠੀਕ ਸਮਝਿਆ ਜਾ ਸਕਦਾ ਹੈ, ਕਿਉਂਕਿ ਉਸਨੂੰ ਬਸਤੀਆਂ ਦੇ ਪੱਖੋਂ ਪਿੱਛੇ ਛੱਡ ਦਿੱਤਾ ਗਿਆ ਹੈ, ਉਸਦੇ ਦੁਸ਼ਮਣ ਉਸ ਨਾਲ਼ੋਂ ਕਿਤੇ ਜ਼ਿਆਦਾ ਕੌਮਾਂ ਨੂੰ ਦਬਾ ਕੇ ਰੱਖ ਰਹੇ ਹਨ, ਤੇ ਉਸਦੇ ਇਤਿਹਾਦੀ, ਆਸਟਰੀਆ, ਵੱਲੋਂ ਦਬਾਏ ਜਾ ਰਹੇ ਸਲਾਵ ਜ਼ਾਰਸ਼ਾਹੀ ਰੂਸ—"ਕੌਮਾਂ ਦੀ ਇਸ ਸੱਚਮੁਚ ਦੀ ਜੇਲ੍ਹ"—ਵਿਚਲੇ ਸਲਾਵਾਂ ਨਾਲ਼ੋਂ ਨਿਰਸੰਦੇਹ ਕਿਤੇ ਜ਼ਿਆਦਾ ਆਜ਼ਾਦੀ ਮਾਣ ਰਹੇ ਹਨ। ਪਰ ਜਰਮਨੀ ਕੌਮਾਂ ਦੀ ਆਜ਼ਾਦੀ ਲਈ ਨਹੀਂ ਸਗੋਂ ਉਹਨਾਂ ਨੂੰ ਦਬਾਉਣ ਲਈ ਲੜ ਰਿਹਾ ਹੈ। ਪੁਰਾਣੇ ਤੇ ਹੱਦੋਂ ਵੱਧ ਤੂਸੇ ਹੋਏ ਡਾਕੂਆਂ ਨੂੰ ਲੁੱਟਣ ਵਿੱਚ ਛੋਟੇ ਤੇ ਵਧੇਰੇ ਤਕੜੇ ਡਾਕੂ (ਜਰਮਨੀ) ਦੀ ਮਦਦ ਕਰਨਾ ਸਮਾਜਵਾਦੀਆਂ ਦਾ ਕੰਮ ਨਹੀਂ। ਸਮਾਜਵਾਦੀਆਂ ਨੂੰ ਡਾਕੂਆਂ ਵਿਚਕਾਰ ਲੜਾਈ ਤੋਂ ਉਹਨਾਂ ਸਾਰਿਆਂ ਨੂੰ ਉਲ਼ਟਾਉਣ ਲਈ ਫਾਇਦਾ ਉਠਾਉਣਾ ਚਾਹੀਦਾ ਹੈ। ਇੰਝ ਕਰਨ ਦੇ ਯੋਗ ਹੋਣ ਲਈ, ਸਮਾਜਵਾਦੀਆਂ ਨੂੰ ਸਭ ਤੋਂ ਪਹਿਲਾਂ ਚਾਹੀਦਾ ਹੈ ਕਿ ਲੋਕਾਂ ਨੂੰ ਸੱਚ ਦੱਸਣ, ਭਾਵ, ਕਿ ਇਹ ਜੰਗ, ਤਿੰਨ ਪੱਖਾਂ ਤੋਂ, ਗ਼ੁਲਾਮੀ ਨੂੰ ਪੱਕੇ ਪੈਰੀਂ ਕਰਨ ਦੇ ਨਿਸ਼ਾਨੇ ਨਾਲ਼ ਗ਼ੁਲਾਮ-ਮਾਲਕਾਂ ਵਿਚਕਾਰ ਜੰਗ ਹੈ। ਪਹਿਲੀ ਥਾਂ ਉੱਤੇ, ਇਹ ਜੰਗ "ਵਧੇਰੇ ਨਿਆਈਂ" ਵੰਡ ਤੇ ਇਸਦੇ ਸਿੱਟੇ ਵਜੋਂ ਉਹਨਾਂ ਦੀ ਵਧੇਰੇ ਬੱਝਵੀਂ ਲੁੱਟ-ਖਸੁੱਟ ਰਾਹੀਂ ਬਸਤੀਆਂ ਦੀ ਗ਼ੁਲਾਮੀ ਨੂੰ ਵਧਾਉਣ ਦੀ ਜੰਗ ਹੈ; ਦੂਜੀ ਗੱਲ, ਇਹ "ਵੱਡੀਆਂ" ਤਾਕਤਾਂ ਦੇ ਅੰਦਰਲੀਆਂ ਦੂਜੀਆਂ ਕੌਮਾਂ ਉੱਪਰ ਜਬਰ ਵਧਾਉਣ ਲਈ ਜੰਗ ਹੈ, ਕਿਉਂਕਿ ਆਸਟਰੀਆ ਤੇ ਰੂਸ **ਦੋਵੇਂ ਹੀ** (ਰੂਸ ਆਸਟਰੀਆ ਨਾਲ਼ੋਂ ਵਧੇਰੇ ਮਾਤਰਾ ਵਿੱਚ ਤੇ ਕਿਤੇ ਭੈੜੇ ਨਤੀਜਿਆਂ ਨਾਲ਼) ਸਿਰਫ਼ ਇਹੋ ਜਿਹੇ ਜਬਰ ਨਾਲ਼ ਹੀ, ਜੰਗ ਨਾਲ਼ ਇਸਨੂੰ ਹੋਰ ਤੇਜ਼ ਕਰਦੇ ਹੋਏ, ਆਪਣੀ ਹਕੂਮਤ ਕਾਇਮ ਰੱਖਦੇ ਹਨ; ਤੇ ਤੀਜੀ ਗੱਲ, ਇਹ ਉਜਰਤੀ ਗ਼ੁਲਾਮੀ ਨੂੰ ਵਧਾਉਣ ਤੇ ਲਮਕਾਉਣ ਲਈ ਜੰਗ ਹੈ, ਕਿਉਂਕਿ ਪ੍ਰੋਲੇਤਾਰੀਆਂ ਵਿਚਕਾਰ ਫੁੱਟ ਪਈ ਹੋਈ ਹੈ ਤੇ ਉਹ ਦਬਾਏ ਹੋਏ ਹਨ, ਜਦ ਕਿ ਸਰਮਾਇਦਾਰ ਫਾਇਦੇ ਵਿੱਚ ਹਨ, ਜੰਗ ਤੋਂ ਕਿਸਮਤਾਂ ਬਣਾ ਰਹੇ ਹਨ, ਕੌਮੀ ਤੁਅੱਸਬਾਂ ਨੂੰ ਹਵਾ ਦੇ ਰਹੇ ਹਨ ਤੇ ਪਿਛਾਖੜ ਨੂੰ ਤੇਜ਼ ਕਰ ਰਹੇ ਹਨ, ਜਿਸਨੇ ਸਾਰੇ ਦੇਸ਼ਾਂ ਵਿੱਚ ਸਿਰ ਚੁੱਕ ਲਿਆ ਹੈ, ਇਥੋਂ ਤੱਕ ਕਿ ਸਭ ਤੋਂ ਵੱਧ ਆਜ਼ਾਦ ਤੇ ਸਭ ਤੋਂ ਵੱਧ ਗਣਰਾਜੀ ਦੇਸ਼ਾਂ ਵਿੱਚ ਵੀ।

## "ਜੰਗ ਦੂਜੇ" (ਭਾਵ, ਹਿੰਸਕ) "ਸਾਧਨਾਂ ਰਾਹੀਂ ਸਿਆਸਤ ਦਾ ਜਾਰੀ ਰਹਿਣਾ ਹੈ"

ਇਹ ਪ੍ਰਸਿੱਧ ਕਥਨ ਕਲਾਊਜ਼ੇਵਿਤਸ[7] ਦਾ ਹੈ, ਜਿਹੜਾ ਕਿ ਜੰਗ ਦੇ ਮਸਲਿਆਂ ਬਾਰੇ ਸਭ ਤੋਂ ਗੰਭੀਰ ਲੇਖਕ ਹੈ। ਮਾਰਕਸਵਾਦੀਆਂ ਨੇ ਹਮੇਸ਼ਾ ਇਸ ਥੀਸਿਸ ਨੂੰ ਕਿਸੇ ਜੰਗ ਦੀ ਮਹੱਤਤਾ ਬਾਰੇ ਵਿਚਾਰਾਂ ਦਾ ਠੀਕ ਹੀ ਸਿਧਾਂਤਕ ਆਧਾਰ ਮੰਨਿਆ ਹੈ। ਇਸੇ ਦ੍ਰਿਸ਼ਟੀਕੋਣ ਤੋਂ ਮਾਰਕਸ ਤੇ ਏਂਗਲਜ਼ ਨੇ ਹਮੇਸ਼ਾ ਵੱਖੋ ਵੱਖਰੀਆਂ ਜੰਗਾਂ ਨੂੰ ਦੇਖਿਆ ਸੀ।

ਇਸ ਦ੍ਰਿਸ਼ਟੀਕੋਣ ਨੂੰ ਮੌਜੂਦਾ ਜੰਗ ਉੱਪਰ ਢੁਕਾਓ। ਤੁਸੀਂ ਦੇਖੋਗੇ ਕਿ ਕਈ

ਦਹਾਕਿਆਂ ਤੋਂ, ਲਗਭਗ ਅੱਧੀ ਸਦੀ ਤੋਂ, ਬਰਤਾਨੀਆ ਤੇ ਫਰਾਂਸ, ਜਰਮਨੀ ਤੇ ਇਟਲੀ, ਆਸਟਰੀਆ ਤੇ ਰੂਸ ਦੀਆਂ ਸਰਕਾਰਾਂ ਤੇ ਹਾਕਮ ਜਮਾਤਾਂ ਬਸਤੀਆਂ ਨੂੰ ਲੁੱਟਣ ਦੀ, ਦੂਜੀਆਂ ਕੌਮਾਂ ਨੂੰ ਦਬਾਉਣ ਦੀ ਤੇ ਮਜ਼ਦੂਰ ਜਮਾਤ ਲਹਿਰ ਨੂੰ ਕੁਚਲਣ ਦੀ ਨੀਤੀ ਉੱਤੇ ਚਲਦੀਆਂ ਆ ਰਹੀਆਂ ਹਨ। ਇਹੀ, ਤੇ ਸਿਰਫ ਇਹੀ ਨੀਤੀ ਹੈ, ਜਿਹੜੀ ਮੌਜੂਦਾ ਜੰਗ ਵਿੱਚ ਜਾਰੀ ਰੱਖੀ ਜਾ ਰਹੀ ਹੈ। ਖਾਸ ਕਰਕੇ ਰੂਸ ਤੇ ਆਸਟਰੀਆ, ਦੋਹਾਂ ਦੀ ਨੀਤੀ, ਅਮਨ ਸਮੇਂ ਵੀ ਤੇ ਜੰਗ ਸਮੇਂ ਵੀ ਕੌਮਾਂ ਨੂੰ ਗ਼ੁਲਾਮ ਬਨਾਉਣ ਦੀ ਨੀਤੀ ਹੈ, ਉਹਨਾਂ ਨੂੰ ਆਜ਼ਾਦ ਕਰਾਉਣ ਦੀ ਨੀਤੀ ਨਹੀਂ। ਚੀਨ, ਫਾਰਸ, ਭਾਰਤ ਤੇ ਦੂਜੇ ਪਰਾਧੀਨ ਦੇਸ਼ਾਂ ਵਿੱਚ, ਇਸ ਦੇ ਉਲਟ, ਪਿਛਲੇ ਦਹਾਕਿਆਂ ਵਿੱਚ ਲੱਖਾਂ ਕਰੋੜਾਂ ਲੋਕਾਂ ਨੂੰ ਕੌਮੀ ਜੀਵਨ ਪ੍ਰਤਿ ਜਾਗ੍ਰਿਤ ਕਰਨ ਦੀ, ਪਿਛਾਂਹਖਿੱਚੂ "ਵੱਡੀਆਂ" ਤਾਕਤਾਂ ਦੇ ਜਬਰ ਤੋਂ ਉਹਨਾਂ ਦੀ ਮੁਕਤੀ ਦੀ ਨੀਤੀ ਸਾਡੇ ਦੇਖਣ ਵਿੱਚ ਆਈ ਹੈ। ਇਹੋ ਜਿਹੇ ਇਤਿਹਾਸਕ ਆਧਾਰ ਉੱਤੇ ਲੜੀ ਗਈ ਜੰਗ ਅੱਜ ਵੀ ਬੁਰਜੂਆ-ਅਗਾਂਹਵਧੂ, ਕੌਮੀ ਆਜ਼ਾਦੀ ਦੀ ਜੰਗ ਹੋ ਸਕਦੀ ਹੈ।

ਜੇ ਮੌਜੂਦਾ ਜੰਗ ਨੂੰ "ਵੱਡੀਆਂ" ਤਾਕਤਾਂ ਦੀ ਤੇ ਉਹਨਾਂ ਦੇ ਅੰਦਰ ਮੁੱਖ ਜਮਾਤਾਂ ਦੀ ਸਿਆਸਤ ਦਾ ਜਾਰੀ ਰਹਿਣਾ ਸਮਝਿਆ ਜਾਏ, ਤਾਂ ਇੱਕ ਨਜ਼ਰ ਹੀ ਸਾਡੇ ਸਾਮ੍ਹਣੇ ਇਸ ਵਿਚਾਰ ਦੀ ਉਘੜਵੀਂ ਇਤਿਹਾਸ-ਵਿਰੋਧਤਾ, ਝੂਠ ਤੇ ਦੰਭ ਤੁਰੰਤ ਦਿਸ ਪਵੇਗਾ ਕਿ ਮੌਜੂਦਾ ਜੰਗ ਵਿੱਚ "ਪਿਤਾਭੂਮੀ ਦੀ ਰਾਖੀ" ਦਾ ਵਿਚਾਰ ਠੀਕ ਸਿੱਧ ਕੀਤਾ ਜਾ ਸਕਦਾ ਹੈ।

## ਬੈਲਜੀਅਮ ਦਾ ਕੇਸ

ਤੀਹਰੇ (ਹੁਣ ਚੌਹਰੇ[8]) ਇਤਿਹਾਦ ਦੇ ਸਮਾਜਕ-ਅੰਧਰਾਸ਼ਟਰਵਾਦੀਆਂ (ਰੂਸ ਵਿੱਚ, ਪਲੈਖਾਨੋਵ ਐਂਡ ਕੰਪਨੀ) ਦੀ ਮਨ-ਭਾਉਂਦੀ ਦਲੀਲ ਬੈਲਜੀਅਮ ਦਾ ਕੇਸ ਹੈ। ਪਰ ਇਹ ਮਿਸਾਲ ਉਹਨਾਂ ਦੇ ਉਲ਼ਟ ਜਾਂਦੀ ਹੈ। ਜਰਮਨ ਸਾਮਰਾਜਵਾਦੀਆਂ ਨੇ, ਜਿਵੇਂ ਕਿ ਜੰਗ-ਜੁੱਟੇ ਰਾਜਾਂ ਨੇ ਹਮੇਸ਼ਾ ਹੀ ਤੇ ਹਰ ਥਾਂ ਹੀ ਕੀਤਾ ਹੈ, ਜੇ ਲੋੜ ਪਵੇ ਤਾਂ **ਸਾਰੀਆਂ** ਸੰਧੀਆਂ ਤੇ ਫਰਜ਼ਾਂ ਨੂੰ ਪੈਰਾਂ ਹੇਠ ਮਧੋਲ਼ਦਿਆਂ, ਬੈਲਜੀਅਮ ਦੀ ਨਿਰਪੱਖਤਾ ਦੀ ਖੁੱਲ੍ਹਮ-ਖੁੱਲ੍ਹਾ ਉਲੰਘਣਾ ਕੀਤੀ ਹੈ। ਆਓ ਫਰਜ਼ ਕਰੀਏ ਕਿ ਕੌਮਾਂਤਰੀ ਸੰਧੀਆਂ ਦੀ ਪਾਲਣਾ ਵਿੱਚ ਦਿਲਚਸਪੀ ਰੱਖਦੇ ਸਾਰੇ ਰਾਜਾਂ ਨੂੰ, ਇਹ ਮੰਗ ਕਰਦਿਆਂ ਕਿ ਬੈਲਜੀਅਮ ਨੂੰ ਆਜ਼ਾਦ ਕੀਤਾ ਜਾਏ ਤੇ ਉਸਨੂੰ ਹਰਜਾਨਾ ਦਿੱਤਾ ਜਾਏ, ਜਰਮਨੀ ਦੇ ਖ਼ਿਲਾਫ ਜੰਗ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਸੂਰਤ ਵਿੱਚ, ਸਮਾਜਵਾਦੀਆਂ ਦੀਆਂ ਹਮਦਰਦੀਆਂ ਬੇਸ਼ੱਕ ਜਰਮਨੀ ਦੇ ਦੁਸ਼ਮਣਾਂ ਨਾਲ਼ ਹੋਣਗੀਆਂ। ਪਰ ਸਾਰਾ ਮਸਲਾ ਇਹ ਹੈ ਕਿ ਤੀਹਰਾ (ਤੇ ਚੌਹਰਾ) ਇਤਿਹਾਦ ਜੰਗ ਲੜ ਰਿਹਾ ਹੈ, ਪਰ ਬੈਲਜੀਅਮ ਕਰਕੇ **ਨਹੀਂ**: ਇਹ ਗੱਲ ਸਾਰੇ ਜਾਣਦੇ ਹਨ ਤੇ ਸਿਰਫ਼ ਦੰਭੀ ਹੀ ਇਸ ਤੱਥ ਨੂੰ ਲੁਕਾਉਂਦੇ ਹਨ। ਬਰਤਾਨੀਆਂ ਜਰਮਨੀ ਦੀਆਂ ਬਸਤੀਆਂ ਤੇ ਤੁਰਕੀ ਨੂੰ ਹੜੱਪ ਰਿਹਾ ਹੈ; ਰੂਸ ਗਾਲੀਸ਼ੀਆ ਤੇ ਤੁਰਕੀ ਉੱਪਰ ਕਬਜ਼ਾ ਕਰ ਰਿਹਾ ਹੈ; ਫਰਾਂਸ ਅਲਸਾਸੇ-ਲਾਰੇਨ ਤੇ ਸਗੋਂ ਰ੍ਹਾਈਨ ਦਾ ਖੱਬਾ ਕੰਢਾ ਵੀ ਚਾਹੁੰਦਾ ਹੈ; ਲੁੱਟ ਦਾ ਮਾਲ (ਅਲਬਾਨੀਆ ਤੇ ਛੋਟਾ ਏਸ਼ੀਆ) ਵੰਡਣ ਲਈ ਇਟਲੀ ਨਾਲ਼ ਸੰਧੀ ਹੋ ਚੁੱਕੀ ਹੈ; ਲੁੱਟ ਦਾ ਮਾਲ ਵੰਡਣ ਲਈ

ਹੀ ਬਲਗਾਰੀਆ ਤੇ ਰੁਮਾਨੀਆ ਨਾਲ਼ ਸੌਦੇਬਾਜ਼ੀ ਚੱਲ ਰਹੀ ਹੈ। ਅੱਜ ਦੀਆਂ ਸਰਕਾਰਾਂ ਵੱਲੋਂ ਚਲਾਈ ਗਈ ਮੌਜੂਦਾ ਜੰਗ ਵਿੱਚ ਆਸਟਰੀਆ ਜਾਂ ਤੁਰਕੀ ਆਦਿ ਦਾ ਗਲ਼ ਘੁੱਟਣ ਵਿੱਚ ਸਹਾਇਤਾ ਕਰਨ **ਤੋਂ ਬਿਨਾਂ** ਬੈਲਜੀਅਮ ਦੀ ਸਹਾਇਤਾ ਕਰਨਾ **ਅਸੰਭਵ** ਹੈ। ਇਸ ਵਿੱਚ "ਪਿਤਾਭੂਮੀ ਦੀ ਰਾਖੀ" ਕਿੱਥੇ ਆਉਂਦੀ ਹੈ ? ਇਸ ਗੱਲ ਵਿੱਚ ਸਾਮਰਾਜਵਾਦੀ ਜੰਗ ਦਾ ਵਿਸ਼ੇਸ਼ ਲੱਛਣ ਪਾਇਆ ਜਾਂਦਾ ਹੈ, ਜਿਹੜੀ ਜੰਗ ਦੂਜੀਆਂ ਕੌਮਾਂ ਨੂੰ ਦਬਾਉਣ ਦੇ ਮੰਤਵ ਨਾਲ਼ ਪਿਛਾਂਹਖਿੱਚੂ ਬੁਰਜੂਆ ਤੇ ਇਤਿਹਾਸਕ ਤੌਰ ਉੱਤੇ ਸਮਾਂ ਵਿਹਾ ਚੁੱਕੀਆਂ ਸਰਕਾਰਾਂ ਵਿਚਕਾਰ ਲੜੀ ਜਾ ਰਹੀ ਹੈ। ਜਿਹੜਾ ਵੀ ਕੋਈ ਮੌਜੂਦਾ ਜੰਗ ਵਿੱਚ ਸ਼ਮੂਲੀਅਤ ਨੂੰ ਠੀਕ ਸਿੱਧ ਕਰਦਾ ਹੈ, ਉਹ ਕੌਮਾਂ ਉੱਪਰ ਸਾਮਰਾਜਵਾਦੀ ਜਬਰ ਦੀ ਉਮਰ ਵਧਾ ਰਿਹਾ ਹੈ। ਜਿਹੜਾ ਵੀ ਕੋਈ ਸਮਾਜਕ ਇਨਕਲਾਬ ਲਈ ਲੜਣ ਵਾਸਤੇ ਸਰਕਾਰਾਂ ਦੀਆਂ ਮੌਜੂਦਾ ਪ੍ਰੇਸ਼ਾਨੀਆਂ ਤੋਂ ਲਾਭ ਉਠਾਉਣ ਦੀ ਵਕਾਲਤ ਕਰਦਾ ਹੈ, ਉਹ ਸੱਚਮੁਚ ਸਾਰੀਆਂ ਕੌਮਾਂ ਦੀ ਅਸਲ ਆਜ਼ਾਦੀ ਦਾ ਸਮਰਥਨ ਕਰ ਰਿਹਾ ਹੈ, ਜਿਹੜੀ ਸਮਾਜਵਾਦ ਹੇਠਾਂ ਹੀ ਸੰਭਵ ਹੈ।

## ਰੂਸ ਕਾਹਦੇ ਲਈ ਲੜ ਰਿਹਾ ਹੈ ?

ਰੂਸ ਵਿੱਚ ਨਵੀਨਤਮ ਕਿਸਮ ਦੇ ਸਰਮਾਇਦਾਰੀ ਸਾਮਰਾਜਵਾਦ ਨੇ ਫਾਰਸ, ਮਾਨਚੂਰੀਆ ਤੇ ਮੰਗੋਲੀਆ ਵੱਲ ਜ਼ਾਰਸ਼ਾਹੀ ਦੀ ਨੀਤੀ ਵਿੱਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਪ੍ਰਗਟ ਕੀਤਾ ਹੈ, ਪਰ ਆਮ ਕਰਕੇ ਰੂਸ ਵਿੱਚ ਫੌਜੀ ਤੇ ਸਾਮੰਤੀ ਸਾਮਰਾਜਵਾਦ ਪ੍ਰਧਾਨ ਹੈ। ਦੁਨੀਆਂ ਦੇ ਹੋਰ ਕਿਸੇ ਦੇਸ਼ ਵਿੱਚ ਵੱਸੋਂ ਦੀ ਬਹੁ-ਗਿਣਤੀ ਇਸ ਤਰ੍ਹਾਂ ਨਹੀਂ ਦਬਾਈ ਹੋਈ, ਜਿੰਨੀਂ ਰੂਸ ਵਿੱਚ ਹੈ; ਮਹਾਨ ਰੂਸੀ ਕੁੱਲ ਵੱਸੋਂ ਦਾ ਸਿਰਫ਼ 43 ਫੀਸਦੀ, ਭਾਵ ਅੱਧੇ ਤੋਂ ਵੀ ਘੱਟ ਹਨ; ਗ਼ੈਰ-ਰੂਸੀਆਂ ਨੂੰ ਸਭ ਹੱਕਾਂ ਤੋਂ ਵਾਂਝਿਆਂ ਰੱਖਿਆ ਗਿਆ ਹੈ। ਰੂਸ ਦੇ 17 ਕਰੋੜ ਵਾਸੀਆਂ ਵਿੱਚੋਂ ਲਗਭਗ 10 **ਕਰੋੜ** ਦੱਬੇ-ਕੁਚਲੇ ਤੇ ਹੱਕਾਂ ਤੋਂ ਵਾਂਝੇ ਹਨ। ਜ਼ਾਰਸ਼ਾਹੀ ਗਾਲੀਸ਼ੀਆ ਉੱਪਰ ਕਬਜ਼ਾ ਕਰਨ ਲਈ, ਤੇ ਯੁਕਰੇਨੀਆਂ ਦੀਆਂ ਆਜ਼ਾਦੀਆਂ ਨੂੰ ਅੰਤਮ ਤੌਰ ਉੱਤੇ ਕੁਚਲਣ ਲਈ, ਤੇ ਆਰਮੀਨੀਆ, ਕੰਨਸਤਨਤੁਨੀਆ ਆਦਿ ਨੂੰ ਹੱਥ ਵਿੱਚ ਕਰਨ ਲਈ ਜੰਗ ਲੜ ਰਹੀ ਹੈ। ਜ਼ਾਰਸ਼ਾਹੀ ਦੇਸ਼ ਦੇ ਅੰਦਰ ਵੱਧਦੀ ਅਸੰਤੁਸ਼ਟਤਾ ਤੋਂ ਧਿਆਨ ਲਾਂਭੇ ਕਰਨ ਤੇ ਵਧਦੀ ਇਨਕਲਾਬੀ ਲਹਿਰ ਨੂੰ ਦਬਾਉਣ ਦੇ ਸਾਧਨ ਵਜੋਂ ਜੰਗ ਨੂੰ ਲੈਂਦੀ ਹੈ। ਅੱਜ ਰੂਸ ਵਿੱਚ ਹਰ ਦੋ ਮਹਾਨ ਰੂਸੀਆਂ ਪਿੱਛੇ ਮੁਢਲੇ ਹੱਕਾਂ ਤੋਂ ਵੀ ਬਿਨਾਂ ਦੋ ਜਾਂ ਤਿੰਨ "ਗ਼ੈਰ-ਰੂਸੀ" ਹਨਃ ਜੰਗ ਰਾਹੀਂ ਜ਼ਾਰਸ਼ਾਹੀ ਰੂਸ ਵੱਲੋਂ ਦਬਾਈਆਂ ਕੌਮਾਂ ਦੀ ਗਿਣਤੀ ਵਿੱਚ ਵਾਧਾ ਕਰਨ ਦੀ, ਇਸ ਜਬਰ ਨੂੰ ਲਮਕਾਉਣ ਲਈ ਤੇ ਇਸ ਤਰ੍ਹਾਂ ਆਜ਼ਾਦੀ ਲਈ ਘੋਲ਼ ਨੂੰ ਢਾਹ ਲਾਉਣ ਦੀ, ਜਿਹੜਾ ਖੁਦ ਮਹਾਨ ਰੂਸੀ ਚਲਾ ਰਹੇ ਹਨ, ਕੋਸ਼ਿਸ਼ ਕਰ ਰਹੀ ਹੈ। ਦੂਜੀਆਂ ਕੌਮਾਂ ਨੂੰ ਦਬਾਉਣ ਤੇ ਲੁੱਟਣ ਦੀ ਸੰਭਾਵਨਾ ਆਰਥਕ ਖੜੋਤ ਨੂੰ ਕਾਇਮ ਰੱਖਦੀ ਹੈ, ਕਿਉਂਕਿ ਆਮਦਨ ਦਾ ਸੋਮਾ ਆਮ ਤੌਰ ਉਤੇ ਉਤਪਾਦਕ ਸ਼ਕਤੀਆਂ ਦਾ ਵਿਕਾਸ ਨਹੀਂ ਹੁੰਦਾ, ਸਗੋਂ "ਗ਼ੈਰ-ਰੂਸੀਆਂ" ਦੀ ਅਰਧ-ਜਗੀਰੂ ਲੁੱਟ-ਖਸੁੱਟ ਹੁੰਦਾ ਹੈ। ਇਸ ਤਰ੍ਹਾਂ ਰੂਸ ਵਾਲ਼ੇ ਪਾਸਿਉਂ, ਜੰਗ ਆਪਣੇ ਪਿਛਾਂਹਖਿੱਚੂ ਖਾਸੇ ਕਰਕੇ, ਕੌਮੀ ਆਜ਼ਾਦੀ ਵੱਲ ਆਪਣੀ

ਦੁਸ਼ਮਣੀ ਕਰਕੇ ਵਿਲੱਖਣ ਹੈ।

## ਸਮਾਜਕ-ਅੰਧਰਾਸ਼ਟਰਵਾਦ ਕੀ ਹੈ ?

ਮੌਜੂਦਾ ਜੰਗ ਵਿੱਚ "ਪਿਤਾਭੂਮੀ ਦੀ ਰਾਖੀ" ਦੇ ਵਿਚਾਰ ਦੀ ਵਕਾਲਤ ਕਰਨ ਦਾ ਨਾਂ ਸਮਾਜਕ-ਅੰਧਰਾਸ਼ਟਰਵਾਦ ਹੈ। ਇਹ ਵਿਚਾਰ ਮੰਤਕੀ ਤੌਰ ਉੱਤੇ ਜੰਗ ਦੇ ਦੌਰਾਨ ਜਮਾਤੀ ਘੋਲ਼ ਨੂੰ ਛੱਡਣ ਵੱਲ, ਜੰਗੀ ਕਰਜ਼ਿਆਂ ਦੇ ਹੱਕ ਵਿੱਚ ਵੋਟਾਂ ਪਾਉਣ ਆਦਿ ਵੱਲ ਲੈ ਜਾਂਦਾ ਹੈ। ਅਸਲ ਵਿੱਚ, ਸਮਾਜਕ-ਅੰਧਰਾਸ਼ਟਰਵਾਦੀਏ ਪ੍ਰੋਲੇਤਾਰੀਆਂ-ਵਿਰੋਧੀ ਬੁਰਜੂਆ ਨੀਤੀ ਉੱਤੇ ਚੱਲ ਰਹੇ ਹਨ, ਕਿਉਂਕਿ ਉਹ ਹਕੀਕਤ ਵਿੱਚ ਵਿਦੇਸ਼ੀ ਜਬਰ ਦਾ ਮੁਕਾਬਲਾ ਕਰਨ ਦੇ ਅਰਥਾਂ ਵਿੱਚ "ਪਿਤਾਭੂਮੀ ਦੀ ਰਾਖੀ" ਦੀ ਨਹੀਂ, ਸਗੋਂ ਇੱਕ ਜਾਂ ਦੂਜੀ "ਵੱਡੀ" ਤਾਕਤ ਦੇ ਬਸਤੀਆਂ ਨੂੰ ਲੁੱਟਣ ਤੇ ਦੂਜੀਆਂ ਕੌਮਾਂ ਨੂੰ ਦਬਾਉਣ ਦੇ "ਹੱਕ" ਦੀ ਵਕਾਲਤ ਕਰ ਰਹੇ ਹਨ। ਸਮਾਜਕ-ਅੰਧਰਾਸ਼ਟਰਵਾਦੀਏ ਲੋਕਾਂ ਨਾਲ਼ ਕੀਤੇ ਜਾ ਰਹੇ ਬੁਰਜੂਆ ਛਲ ਨੂੰ ਦੁਹਰਾਅ ਰਹੇ ਹਨ ਕਿ ਇਹ ਜੰਗ ਕੌਮਾਂ ਦੀ ਆਜ਼ਾਦੀ ਤੇ ਵਜੂਦ ਨੂੰ ਬਚਾਉਣ ਲਈ ਲੜੀ ਜਾ ਰਹੀ ਹੈ, ਤੇ ਇਸ ਤਰ੍ਹਾਂ ਉਹ ਪ੍ਰੋਲੇਤਾਰੀਆਂ ਦੇ ਖਿਲਾਫ਼ ਬੁਰਜੂਆਜ਼ੀ ਦੀਆਂ ਧਿਰਾਂ ਲੈਂਦੇ ਹਨ। ਸਮਾਜਕ-ਅੰਧਰਾਸ਼ਟਰਵਾਦੀਆਂ ਵਿੱਚ ਉਹ ਲੋਕ ਹਨ ਜਿਹੜੇ ਜੰਗ-ਜੁੱਟੀਆਂ ਤਾਕਤਾਂ ਦੇ ਧੜਿਆਂ ਵਿੱਚੋਂ **ਇੱਕ** ਦੀਆਂ ਸਰਕਾਰਾਂ ਤੇ ਬੁਰਜੂਆਜ਼ੀ ਨੂੰ ਠੀਕ ਸਿੱਧ ਕਰਦੇ ਤੇ ਉਹਨਾਂ ਦੀ ਪੋਚਾ-ਪਾਚੀ ਕਰਦੇ ਹਨ, ਤੇ ਇਹਨਾਂ ਵਿੱਚ ਉਹ ਲੋਕ ਵੀ ਹਨ ਜਿਹੜੇ, ਕਾਊਤਸਕੀ ਵਾਂਗ, ਇਹ ਦਲੀਲ ਦੇਂਦੇ ਹਨ ਕਿ **ਸਾਰੀਆਂ** ਜੰਗ-ਜੁੱਟੀਆਂ ਤਾਕਤਾਂ ਦੇ ਸਮਾਜਵਾਦੀ "ਪਿਤਾਭੂਮੀ ਦੀ ਰਾਖੀ" ਕਰਨ ਦਾ ਇੱਕੋ ਜਿੰਨਾਂ ਹੱਕ ਰੱਖਦੇ ਹਨ। ਸਮਾਜਕ-ਅੰਧਰਾਸ਼ਟਰਵਾਦ, ਜੋ ਕਿ ਅਸਲ ਵਿੱਚ ਵਿਸ਼ੇਸ਼ਾਧਿਕਾਰਾਂ, ਲਾਭਾਂ, "ਆਪਣੀ" (ਜਾਂ ਕਿਸੇ ਵੀ) ਸਾਮਰਾਜੀ ਬੁਰਜੂਆਜ਼ੀ ਦੇ ਲੁੱਟ-ਮਾਰ ਕਰਨ ਦੇ ਹੱਕ ਦੀ ਵਕਾਲਤ ਹੈ, ਸਾਰੇ ਸਮਾਜਵਾਦੀ ਵਿਸ਼ਵਾਸਾਂ ਨਾਲ਼ ਤੇ ਬਾਸਲ[9] ਕੌਮਾਂਤਰੀ ਸਮਾਜਵਾਦੀ ਕਾਂਗਰਸ ਦੇ ਫੈਸਲੇ ਨਾਲ਼ ਘੋਰ ਗ਼ੱਦਾਰੀ ਹੈ।

## ਬਾਸਲ ਮੈਨੀਫੈਸਟੋ

ਬਾਸਲ ਵਿੱਚ 1912 ਵਿੱਚ ਜੰਗ ਬਾਰੇ ਸਰਬ-ਸੰਮਤੀ ਨਾਲ਼ ਪ੍ਰਵਾਨ ਕੀਤਾ ਗਿਆ ਮੈਨੀਫੈਸਟੋ ਬਰਤਾਨੀਆ ਤੇ ਜਰਮਨੀ ਤੇ ਉਹਨਾਂ ਦੇ ਮੌਜੂਦਾ ਇਤਿਹਾਦੀਆਂ ਵਿਚਕਾਰ ਬਿਲਕੁਲ ਉਸੇ ਤਰ੍ਹਾਂ ਦੀ ਜੰਗ ਨੂੰ ਸਾਮ੍ਹਣੇ ਰੱਖਦਾ ਹੈ, ਜਿਹੜੀ 1914 ਵਿੱਚ ਛਿੜੀ। ਮੈਨੀਫੈਸਟੋ ਖੁੱਲ੍ਹਮ-ਖੁੱਲ੍ਹਾ ਐਲਾਨ ਕਰਦਾ ਹੈ ਕਿ ਲੋਕਾਂ ਦੇ ਕੋਈ ਵੀ ਹਿਤ ਇਹੋ ਜਿਹੀ ਜੰਗ ਨੂੰ ਠੀਕ ਸਿੱਧ ਕਰਨ ਵਿੱਚ ਸਹਾਈ ਨਹੀਂ ਹੋ ਸਕਦੇ, ਜਿਹੜੀ ਜੰਗ ਵੱਡੀਆਂ ਤਾਕਤਾਂ ਦੀ ਸਾਮਰਾਜਵਾਦੀ, ਧਾੜਵੀਆਨਾ ਨੀਤੀ ਦੇ ਆਧਾਰ ਉੱਤੇ "ਸਰਮਾਇਦਾਰਾਂ ਦੇ ਮੁਨਾਫ਼ਿਆਂ ਤੇ ਘਰਾਨਿਆਂ ਦੀਆਂ ਲਾਲਸਾਵਾਂ ਦੀ ਖਾਤਰ" ਲੜੀ ਜਾ ਰਹੀ ਹੋਵੇ। ਮੈਨੀਫੈਸਟੋ ਖੁੱਲ੍ਹਮ-ਖੁੱਲ੍ਹਾ ਐਲਾਨ ਕਰਦਾ ਹੈ ਕਿ ਜੰਗ "ਸਰਕਾਰਾਂ" ਲਈ (ਸਾਰੀਆਂ ਲਈ, ਬਿਨਾਂ ਛੋਟ ਦੇ) ਖਤਰਨਾਕ ਹੈ, ਉਹਨਾਂ ਦੇ "ਪ੍ਰੋਲੇਤਾਰੀ ਇਨਕਲਾਬ" ਦੇ ਡਰ ਵੱਲ ਧਿਆਨ ਦੁਆਉਂਦਾ ਹੈ,

ਤੇ ਬੜੇ ਨਿਸ਼ਚਿਤ ਤਰੀਕੇ ਨਾਲ਼ 1871 ਦੀ ਕਮਿਊਨ ਵੱਲੋਂ ਤੇ ਅਕਤੂਬਰ-ਦਸੰਬਰ 1905 ਵੱਲੋਂ[10], ਪੇਸ਼ ਕੀਤੀਆਂ ਗਈਆਂ ਮਿਸਾਲਾਂ ਵੱਲ, **ਭਾਵ, ਇਨਕਲਾਬ ਤੇ ਘਰੇਲੂ ਜੰਗ ਦੀਆਂ ਮਿਸਾਲਾਂ ਵੱਲ** ਧਿਆਨ ਦੁਆਉਂਦਾ ਹੈ। ਬਾਸਲ ਮੈਨੀਫੈਸਟੋ, ਬਿਲਕੁਲ ਮੌਜੂਦਾ ਜੰਗ ਲਈ, ਆਪੋ ਆਪਣੀਆਂ ਸਰਕਾਰਾਂ ਦੇ ਖ਼ਿਲਾਫ਼ ਕੌਮਾਂਤਰੀ ਪੈਮਾਨੇ ਉੱਤੇ ਮਜ਼ਦੂਰਾਂ ਦੇ ਇਨਕਲਾਬੀ ਘੋਲ ਦੇ ਦਾਅਪੇਚ, ਪ੍ਰੋਲੇਤਾਰੀ ਇਨਕਲਾਬ ਦੇ ਦਾਅਪੇਚ ਉਲੀਕਦਾ ਹੈ। ਬਾਸਲ ਮੈਨੀਫੈਸਟੋ ਵਿੱਚ ਸ਼ਟੁਟਗਾਰਟ ਮਤੇ[11] ਵਿਚਲੇ ਇਹ ਲਫ਼ਜ਼ ਦੁਹਰਾਏ ਗਏ ਹਨ ਕਿ, ਜੰਗ ਛਿੜ ਪੈਣ ਦੀ ਸੂਰਤ ਵਿੱਚ, ਸਮਾਜਵਾਦੀਆਂ ਨੂੰ ਚਾਹੀਦਾ ਹੈ ਕਿ ਇਸ ਨਾਲ਼ ਵਾਪਰਦੇ "ਆਰਥਕ ਤੇ ਰਾਜਸੀ ਸੰਕਟ" ਤੋਂ ਫਾਇਦਾ ਉਠਾਉਣ, ਤਾਂ ਕਿ "ਸਰਮਾਇਦਾਰੀ ਦੇ ਢਹਿ-ਢੇਰੀ ਹੋਣ" ਵਿੱਚ ਤੇਜ਼ੀ ਲਿਆਂਦੀ ਜਾ ਸਕੇ, ਭਾਵ, ਸਮਾਜਵਾਦੀ ਇਨਕਲਾਬ ਨੂੰ ਅੱਗੇ ਤੋਰਨ ਲਈ ਸਰਕਾਰਾਂ ਦੀਆਂ ਜੰਗ ਵੇਲੇ ਦੀਆਂ ਮੁਸ਼ਕਲਾਂ ਤੋਂ ਤੇ ਲੋਕਾਂ ਦੇ ਰੋਹ ਤੋਂ ਲਾਭ ਉਠਾਇਆ ਜਾਏ।

ਸਮਾਜਕ-ਅੰਧਰਾਸ਼ਟਰਵਾਦੀਆਂ ਦੀ ਨੀਤੀ, ਬੁਰਜੂਆ-ਮੁਕਤੀ ਦੇ ਦ੍ਰਿਸ਼ਟੀਕੋਣ ਤੋਂ ਉਹਨਾਂ ਦਾ ਜੰਗ ਨੂੰ ਠੀਕ ਸਿੱਧ ਕਰਨਾ, "ਪਿਤਾਭੂਮੀ ਦੀ ਰਾਖੀ" ਦੀ ਆਗਿਆ ਦੇਣਾ, ਉਹਨਾਂ ਵੱਲੋਂ ਕਰਜ਼ਿਆਂ ਦੇ ਹੱਕ ਵਿੱਚ ਵੋਟ ਪਾਇਆ ਜਾਣਾ, ਸਰਕਾਰਾਂ ਦੇ ਮੈਂਬਰ ਬਨਣਾ, ਵਗੈਰਾ, ਵਗੈਰਾ, ਸਮਾਜਵਾਦ ਨਾਲ਼ ਘੋਰ ਗ਼ੱਦਾਰੀ ਹੈ, ਜਿਸਦੀ ਵਿਆਖਿਆ ਸਿਰਫ਼ ਇਹੀ ਕੀਤੀ ਜਾ ਸਕਦੀ ਹੈ, ਜਿਵੇਂ ਕਿ ਅਸੀਂ ਹੇਠਾਂ ਦੇਖਾਂਗੇ, ਕਿ ਯੂਰਪੀ ਪਾਰਟੀਆਂ ਦੀ ਬਹੁ-ਗਿਣਤੀ ਵਿੱਚ ਮੌਕਾਪ੍ਰਸਤੀ ਦੀ ਤੇ ਕੌਮੀ ਉਦਾਰਵਾਦੀ-ਕਿਰਤੀ ਨੀਤੀ ਦੀ ਜਿੱਤ ਹੋਈ ਹੈ।

## ਮਾਰਕਸ ਤੇ ਏਂਗਲਜ਼ ਦੇ ਗ਼ਲਤ ਹਵਾਲੇ

ਰੂਸੀ ਸਮਾਜਕ-ਅੰਧਰਾਸ਼ਟਰਵਾਦੀ (ਪਲੈਖਾਨੋਵ ਦੀ ਅਗਵਾਈ ਹੇਠ) 1870 ਦੀ ਜੰਗ ਵਿੱਚ ਮਾਰਕਸ ਦੇ ਦਾਅਪੇਚਾਂ ਦਾ ਹਵਾਲਾ ਦੇਂਦੇ ਹਨ; ਜਰਮਨ (ਲੈਂਚ, ਡੇਵਿਡ ਐਂਡ ਕੰਪਨੀ ਕਿਸਮ ਦੇ) —1891 ਵਿੱਚ ਏਂਗਲਜ਼ ਦੇ ਬਿਆਨ ਦਾ ਹਵਾਲਾ ਦੇਂਦੇ ਹਨ ਕਿ ਰੂਸ ਤੇ ਫਰਾਂਸ ਦੇ ਖਿਲਾਫ਼ ਮਿਲਵੀਂ ਜੰਗ ਸ਼ੁਰੂ ਹੋਣ ਦੀ ਸੂਰਤ ਵਿੱਚ ਆਪਣੀ ਪਿਤਾਭੂਮੀ ਦੀ ਰਾਖੀ ਕਰਨਾ ਜਰਮਨ ਸਮਾਜਵਾਦੀਆਂ ਦਾ ਫਰਜ਼ ਹੋਵੇਗਾ; ਅਖੀਰ ਵਿੱਚ, ਕਾਊਤਸਕੀ ਕਿਸਮ ਦੇ ਸਮਾਜਕ-ਅੰਧਰਾਸ਼ਟਰਵਾਦੀ, ਜਿਹੜੇ ਕੌਮਾਂਤਰੀ ਅੰਧਰਾਸ਼ਟਰਵਾਦ ਨੂੰ ਠੀਕ ਦੱਸਣਾ ਤੇ ਕਨੂੰਨੀ ਰੂਪ ਦੇਣਾ ਚਾਹੁੰਦੇ ਹਨ, ਇਸ ਤੱਥ ਦਾ ਹਵਾਲਾ ਦੇਂਦੇ ਹਨ ਕਿ ਮਾਰਕਸ ਤੇ ਏਂਗਲਜ਼ ਨੇ ਜੰਗ ਦੀ ਨਿਖੇਧੀ ਕਰਦਿਆਂ ਵੀ, 1854-55 ਤੋਂ 1870-71 ਤੇ 1876-77 ਤੱਕ, ਜਦੋਂ ਵੀ ਕਦੀ ਜੰਗ ਛਿੜੀ, ਹਮੇਸ਼ਾ ਹੀ ਜੰਗ-ਜੁੱਟੇ ਰਾਜਾਂ ਵਿੱਚੋਂ ਇੱਕ ਜਾਂ ਦੂਜੇ ਦੀ ਧਿਰ ਲਈ।

ਇਹ ਸਾਰੇ ਹਵਾਲੇ, ਬੁਰਜੂਆਜ਼ੀ ਤੇ ਮੌਕਾਪ੍ਰਸਤਾਂ ਦੇ ਹਿਤਾਂ ਵਿੱਚ, ਮਾਰਕਸ ਤੇ ਏਂਗਲਜ਼ ਦੇ ਵਿਚਾਰਾਂ ਦਾ ਸ਼ਰਮਨਾਕ ਹੱਦ ਤੱਕ ਰੂਪ-ਵਿਗਾੜ ਹਨ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਗਿਲਾਊਮੇ ਐਂਡ ਕੰਪਨੀ ਵਰਗੇ ਅਰਾਜਕਤਾਵਾਦੀਆਂ ਦੀਆਂ ਲਿਖਤਾਂ,

ਅਰਾਜਕਤਾਵਾਦ ਨੂੰ ਠੀਕ ਸਿੱਧ ਕਰਨ ਲਈ ਮਾਰਕਸ ਤੇ ਏਂਗਲਜ਼ ਦੇ ਵਿਚਾਰਾਂ ਨੂੰ ਵਿਗਾੜ ਕੇ ਪੇਸ਼ ਕਰਦੀਆਂ ਹਨ। 1870-71 ਦੀ ਜੰਗ, ਜਦੋਂ ਤੱਕ ਨੈਪੋਲੀਅਨ ਤੀਜੇ ਦੀ ਹਾਰ ਨਹੀਂ ਸੀ ਹੋ ਗਈ, ਜਰਮਨੀ ਦੇ ਪਾਸਿਉਂ ਇਤਿਹਾਸਕ ਤੌਰ ਉੱਤੇ ਅਗਾਂਹਵਧੂ ਸੀ: ਨੈਪੋਲੀਅਨ ਤੀਜੇ ਨੇ ਜ਼ਾਰ ਨਾਲ਼ ਮਿਲ਼ ਕੇ ਕਈ ਸਾਲਾਂ ਤੱਕ ਜਰਮਨੀ ਨੂੰ ਦਬਾ ਕੇ, ਤੇ ਜਗੀਰੂ ਫੁੱਟ ਦੀ ਹਾਲਤ ਵਿੱਚ ਰੱਖਿਆ ਹੋਇਆ ਸੀ। ਪਰ ਜਿਉਂ ਹੀ ਇਹ ਜੰਗ ਵੱਧ ਕੇ ਫਰਾਂਸ ਦੀ ਲੁੱਟ-ਮਾਰ ਕਰਨ ਤੱਕ ਪੁੱਜ ਗਈ (ਅਲਸਾਸੇ ਤੇ ਲਾਰੇਨ ਦਾ ਅਲਹਾਕ), ਤਾਂ ਮਾਰਕਸ ਤੇ ਏਂਗਲਜ਼ ਨੇ ਜਰਮਨਾਂ ਦੀ ਜ਼ੋਰਦਾਰ ਨਿਖੇਧੀ ਕੀਤੀ। ਜੰਗ ਦੇ ਸ਼ੁਰੂ ਵਿੱਚ ਵੀ, ਮਾਰਕਸ ਤੇ ਏਂਗਲਜ਼ ਨੇ ਬੇਬਲ ਤੇ ਲੀਬਕਨੇਖਤ ਵਲੋਂ ਜੰਗੀ ਕਰਜ਼ਿਆਂ ਦੇ ਹੱਕ ਵਿੱਚ ਵੋਟ ਪਾਉਣ ਤੋਂ ਇਨਕਾਰ ਕਰਨ ਨੂੰ ਪ੍ਰਵਾਨਗੀ ਦਿੱਤੀ ਤੇ ਸੋਸ਼ਲ-ਡੈਮੋਕਰੈਟਾਂ ਨੂੰ ਸਲਾਹ ਦਿੱਤੀ ਕਿ ਉਹ ਬੁਰਜੂਆਜ਼ੀ ਨਾਲ਼ ਇੱਕ-ਮਿਕ ਨਾ ਹੋਣ ਸਗੋਂ ਪ੍ਰੋਲੇਤਾਰੀਆਂ ਦੇ ਸਵੈਧੀਨ ਜਮਾਤੀ ਹਿਤਾਂ ਉੱਤੇ ਡਟੇ ਰਹਿਣ। ਮੌਜੂਦਾ ਸਾਮਰਾਜਵਾਦੀ ਜੰਗ ਉੱਪਰ ਕੌਮੀ ਆਜ਼ਾਦੀ ਦੀ ਇਸ ਬੁਰਜੂਆ-ਅਗਾਂਹਵਧੂ ਜੰਗ ਦਾ ਮੁਲੰਕਣ ਢੁਕਾਉਣਾ ਸੱਚ ਦਾ ਮਜ਼ਾਕ ਉਡਾਉਣਾ ਹੈ। 1854-55 ਦੀ ਜੰਗ ਉੱਪਰ ਤੇ ਉਨ੍ਹੀਵੀਂ ਸਦੀ ਦੀਆਂ ਸਾਰੀਆਂ ਜੰਗਾਂ ਉੱਪਰ ਇਹ ਗੱਲ ਹੋਰ ਵੀ ਵਧੇਰੇ ਜ਼ੋਰ ਨਾਲ਼ ਢੁੱਕਦੀ ਹੈ, ਜਦੋਂ ਆਧੁਨਿਕ ਸਾਮਰਾਜ ਮੌਜੂਦ **ਨਹੀਂ** ਸੀ, ਜਦੋਂ ਸਮਾਜਵਾਦ ਲਈ ਬਾਹਰਮੁਖੀ ਹਾਲਤਾਂ ਪੱਕੀਆਂ ਹੋਈਆਂ **ਨਹੀਂ** ਸਨ, ਜਦੋਂ ਜੰਗ-ਜੁੱਟੇ ਦੇਸ਼ਾਂ ਵਿੱਚੋਂ ਕਿਸੇ ਵਿੱਚ ਵੀ ਵਿਸ਼ਾਲ ਸਮਾਜਵਾਦੀ ਪਾਰਟੀਆਂ **ਨਹੀਂ** ਸਨ, ਭਾਵ, ਐਸੀਆਂ ਕੋਈ ਵੀ ਹਾਲਤਾਂ ਮੌਜੂਦ ਨਹੀਂ ਸਨ ਜਿਨ੍ਹਾਂ ਤੋਂ ਬਾਸਲ ਮੈਨੀਫੈਸਟੋ ਨੇ ਵੱਡੀਆਂ ਤਾਕਤਾਂ ਵਿਚਕਾਰ ਜੰਗ ਦੇ **ਸਬੰਧ ਵਿੱਚ** "ਪ੍ਰੋਲੇਤਾਰੀ ਇਨਕਲਾਬ" ਦੇ ਦਾਅਪੇਚ ਘੜੇ।

ਜਿਹੜਾ ਵੀ ਕੋਈ **ਅਗਾਂਹਵਧੂ** ਬੁਰਜੂਆਜ਼ੀ ਦੇ ਦੌਰ ਦੀਆਂ ਜੰਗਾਂ ਵੱਲ ਮਾਰਕਸ ਦੇ ਵਤੀਰੇ ਦਾ ਹਵਾਲਾ ਦੇਂਦਾ ਹੈ, ਤੇ ਮਾਰਕਸ ਦੇ ਇਸ ਕਥਨ ਨੂੰ ਭੁੱਲ ਜਾਂਦਾ ਹੈ ਕਿ "ਕਿਰਤੀ ਲੋਕਾਂ ਦਾ ਕੋਈ ਦੇਸ਼ ਨਹੀਂ ਹੁੰਦਾ"—ਜਿਹੜਾ ਕਥਨ ਕਿ ਪਿਛਾਂਹਖਿੱਚੂ ਤੇ **ਬਿਲਕੁਲ** ਸਮਾਂ ਵਿਹਾਅ ਚੁੱਕੀ ਬੁਰਜੂਆਜ਼ੀ ਦੇ ਦੌਰ ਉੱਤੇ, ਸਮਾਜਵਾਦੀ ਇਨਕਲਾਬ ਦੇ ਦੌਰ ਉੱਤੇ ਬਿਲਕੁਲ ਠੀਕ ਤਰ੍ਹਾਂ ਨਾਲ਼ ਢੁਕਦਾ ਹੈ—ਉਹ ਮਾਰਕਸ ਨੂੰ ਸ਼ਰਮਨਾਕ ਤੌਰ ਉੱਤੇ ਵਿਗਾੜ ਕੇ ਪੇਸ਼ ਕਰਦਾ ਹੈ, ਤੇ ਸਮਾਜਵਾਦੀ ਦ੍ਰਿਸ਼ਟੀਕੋਣ ਦੀ ਥਾਂ ਬੁਰਜੂਆ ਦ੍ਰਿਸ਼ਟੀਕੋਣ ਨੂੰ ਦੇ ਰਿਹਾ ਹੈ।

## ਦੂਜੀ ਇੰਟਰਨੈਸ਼ਨਲ ਦਾ ਢਹਿ-ਢੇਰੀ ਹੋਣਾ

ਸਾਰੀ ਦੁਨੀਆਂ ਦੇ ਸਮਾਜਵਾਦੀਆਂ ਨੇ 1912 ਵਿੱਚ ਬਾਸਲ ਵਿੱਚ ਐਲਾਨ ਕੀਤਾ ਸੀ ਕਿ ਉਹ ਯੂਰਪ ਵਿੱਚ ਸਿਰ ਉੱਤੇ ਖੜੀ ਜੰਗ ਨੂੰ "ਮੁਜਰਮਾਨਾ" ਤੇ **ਸਾਰੀਆਂ** ਸਰਕਾਰਾਂ ਦੀ ਅਤਿ ਦੀ ਪਿਛਾਂਹਖਿੱਚੂ ਕਰਤੂਤ ਸਮਝਦੇ ਹਨ, ਜਿਸਨੂੰ ਇਸਦੇ ਖਿਲਾਫ਼ ਅਟੱਲ ਤੌਰ ਉੱਤੇ, ਇਨਕਲਾਬ ਨੂੰ ਪੈਦਾ ਕਰਕੇ ਸਰਮਾਇਦਾਰੀ ਦੇ ਪੱਤਣ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ। ਜੰਗ ਛਿੜ ਪਈ, ਸੰਕਟ ਮੌਜੂਦ ਸੀ। ਇਨਕਲਾਬੀ ਦਾਅਪੇਚਾਂ ਦੀ ਥਾਂ ਬਹੁਤੀਆਂ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਨੇ ਪਿਛਾਂਹਖਿੱਚੂ ਦਾਅਪੇਚ ਸ਼ੁਰੂ ਕਰ

ਦਿੱਤੇ ਤੇ ਆਪੋ ਆਪਣੀਆਂ ਸਰਕਾਰਾਂ ਤੇ ਬੁਰਜੂਆਜ਼ੀ ਵੱਲ ਹੋ ਗਈਆਂ। ਸਮਾਜਵਾਦ ਨਾਲ਼ ਇਸ ਗ਼ੱਦਾਰੀ ਦਾ ਮਤਲਬ ਦੂਜੀ (1889–1914) ਇੰਟਰਨੈਸ਼ਨਲ ਦਾ ਢਹਿ–ਢੇਰੀ ਹੋਣਾ ਹੈ, ਤੇ ਸਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਕਿਉਂ ਵਾਪਰਿਆ, ਕਿਸ ਕਰਕੇ ਸਮਾਜਕ–ਅੰਧਰਾਸ਼ਟਰਵਾਦ ਹੋਂਦ ਵਿੱਚ ਆਇਆ ਤੇ ਇਸਨੇ ਤਾਕਤ ਫੜੀ।

## ਸਮਾਜਕ-ਅੰਧਰਾਸ਼ਟਰਵਾਦ ਮੌਕਾਪ੍ਰਸਤੀ ਦੀ ਸਿਖਰ ਹੈ

ਦੂਜੀ ਇੰਟਰਨੈਸ਼ਨਲ ਦੀ ਸਾਰੀ ਹੋਂਦ ਦੇ ਦੌਰਾਨ ਸਾਰੀਆਂ ਸੋਸ਼ਲ–ਡੈਮੋਕਰੈਟਿਕ ਪਾਰਟੀਆਂ ਦੇ ਅੰਦਰ ਉਹਨਾਂ ਦੇ ਇਨਕਲਾਬੀ ਤੇ ਮੌਕਾਪ੍ਰਸਤ ਧੜਿਆਂ ਵਿਚਕਾਰ ਘੋਲ਼ ਹੁੰਦਾ ਰਿਹਾ। ਕਈ ਦੇਸ਼ਾਂ (ਬਰਤਾਨੀਆ, ਇਟਲੀ, ਹਾਲੈਂਡ, ਬਲਗਾਰੀਆ) ਵਿੱਚ ਇਹਨਾਂ ਲੀਹਾਂ ਉੱਤੇ ਦੁਫੇੜ ਪੈ ਗਈ। ਇੱਕ ਵੀ ਮਾਰਕਸਵਾਦੀ ਨੇ ਕਦੀ ਇਸ ਬਾਰੇ ਸ਼ੱਕ ਪ੍ਰਗਟ ਨਹੀਂ ਕੀਤਾ ਕਿ ਮੌਕਾਪ੍ਰਸਤੀ ਮਜ਼ਦੂਰ ਜਮਾਤ ਲਹਿਰ ਦੇ ਅੰਦਰ ਬੁਰਜੂਆ ਨੀਤੀਆਂ ਨੂੰ ਪ੍ਰਗਟ ਕਰਦੀ ਹੈ, ਪ੍ਰੋਲੇਤਾਰੀ ਲੋਕਾਂ, ਦੱਬੇ–ਕੁਚਲੇ ਲੋਕਾਂ ਦੇ ਹਿਤਾਂ ਦੇ ਖਿਲਾਫ ਬੁਰਜੂਆ ਬਣੇ ਕੀਤੇ ਮਜ਼ਦੂਰਾਂ ਦੇ ਨਿੱਕੇ ਜਿਹੇ ਹਿੱਸੇ ਦੇ ਉਹਨਾਂ ਦੀ "**ਆਪਣੀ**" ਬੁਰਜੂਆਜ਼ੀ ਨਾਲ਼ ਗਠਜੋੜ ਤੇ ਪੈਟੀ ਬੁਰਜੂਆਜ਼ੀ ਦੇ ਹਿਤਾਂ ਨੂੰ ਪ੍ਰਗਟ ਕਰਦੀ ਹੈ।

ਉਨ੍ਹੀਵੀਂ ਸਦੀ ਦੇ ਅਖੀਰ ਉੱਤੇ ਬਾਹਰਮੁਖੀ ਹਾਲਤਾਂ ਨੇ ਮੌਕਾਪ੍ਰਸਤੀ ਨੂੰ ਬਹੁਤ ਤੇਜ਼ ਕਰ ਦਿੱਤਾ, ਬੁਰਜੂਆ ਕਨੂੰਨੀਅਤ ਦੀ ਵਰਤੋਂ ਨੂੰ ਬੁਰਜੂਆ ਕਨੂੰਨੀਅਤ ਦੀ ਅਧੀਨਗੀ ਵਿੱਚ ਬਦਲ ਦਿੱਤਾ, ਮਜ਼ਦੂਰ ਜਮਾਤ ਦਫ਼ਤਰਸ਼ਾਹੀ ਤੇ ਅਮੀਰਸ਼ਾਹੀ ਦੀ ਪਤਲੀ ਜਿਹੀ ਝਿੱਲੀ ਸਿਰਜ ਲਈ ਤੇ ਅਣਗਿਣਤ ਪੈਟੀ–ਬੁਰਜੂਆ "ਹਮਸਫ਼ਰਾਂ" ਨੂੰ ਸੋਸ਼ਲ–ਡੈਮੋਕਰੈਟਿਕ ਪਾਰਟੀਆਂ ਵਿੱਚ ਖਿੱਚ ਲਿਆ।

ਜੰਗ ਨੇ ਇਸ ਵਿਕਾਸ ਨੂੰ ਤੇਜ਼ ਕਰ ਦਿੱਤਾ ਹੈ ਤੇ ਮੌਕਾਪ੍ਰਸਤੀ ਨੂੰ ਸਮਾਜਕ–ਅੰਧਰਾਸ਼ਟਰਵਾਦ ਵਿੱਚ ਬਦਲ ਦਿੱਤਾ ਹੈ, ਮੌਕਾਪ੍ਰਸਤਾਂ ਤੇ ਬੁਰਜੂਆਜ਼ੀ ਵਿਚਕਾਰ ਖੁਫੀਆ ਗਠਜੋੜ ਨੂੰ ਖੁੱਲ੍ਹਮ–ਖੁੱਲ੍ਹਾ ਗਠਜੋੜ ਵਿੱਚ ਬਦਲ ਦਿੱਤਾ ਹੈ। ਇਸਦੇ ਨਾਲ਼ ਹੀ, ਹਰ ਥਾਂ ਫੌਜੀ ਅਧਿਕਾਰੀਆਂ ਨੇ ਮਾਰਸ਼ਲ–ਲਾਅ ਲਾਗੂ ਕਰ ਦਿੱਤਾ ਹੈ ਤੇ ਮਜ਼ਦੂਰਾਂ ਦੇ ਜਨਸਮੂਹਾਂ ਦੇ ਮੂੰਹ ਬੰਦ ਕਰ ਦਿੱਤੇ ਹਨ, ਜਿਨਾਂ ਦੇ ਪੁਰਾਣੇ ਆਗੂ ਲਗਭਗ ਸਾਰੇ ਦੇ ਸਾਰੇ ਬੁਰਜੂਆਜ਼ੀ ਵੱਲ ਚਲੇ ਗਏ ਹਨ।

ਮੌਕਾਪ੍ਰਸਤੀ ਤੇ ਸਮਾਜਕ–ਅੰਧਰਾਸ਼ਟਰਵਾਦ ਸਾਂਝੇ ਆਰਥਕ ਆਧਾਰ ਉੱਤੇ ਖੜੇ ਹਨ—ਵਿਸ਼ੇਸ਼ਾਧਿਕਾਰਾਂ ਵਾਲ਼ੇ ਮਜ਼ਦੂਰਾਂ ਦੀ ਪਤਲੀ ਜਿਹੀ ਪੇਪੜੀ ਦੇ ਤੇ ਪੈਟੀ ਬੁਰਜੂਆਜ਼ੀ ਦੇ ਹਿਤਾਂ ਉੱਤੇ, ਜਿਹੜੇ ਆਪਣੀਆਂ ਵਿਸ਼ੇਸ਼ਾਧਿਕਾਰਾਂ ਵਾਲ਼ੀਆਂ ਪੁਜ਼ੀਸ਼ਨਾਂ, ਉਹਨਾਂ ਮੁਨਾਫਿਆਂ ਤੋਂ, ਜਿਹੜੇ ਉਹਨਾਂ ਦੀ "ਆਪਣੀ" ਕੌਮੀ ਬੁਰਜੂਆਜ਼ੀ ਦੂਜੀਆਂ ਕੌਮਾਂ ਨੂੰ ਲੁੱਟਣ ਤੋਂ ਪ੍ਰਾਪਤ ਕਰਦੀ ਹੈ, ਉਹਨਾਂ ਦੀ ਵੱਡ–ਤਾਕਤੀ ਥਾਂ ਤੋਂ ਮਿਲਦੇ ਲਾਭਾਂ ਆਦਿ ਤੋਂ ਕੁੱਝ ਰਤਾ–ਮਾਸਾ ਹਿੱਸਾ ਲੈਣ ਦੇ ਆਪਣੇ "ਹੱਕ" ਦੀ ਰਾਖੀ ਕਰ ਰਹੇ ਹਨ।

ਮੌਕਾਪ੍ਰਸਤੀ ਤੇ ਸਮਾਜਕ-ਅੰਧਰਾਸ਼ਟਰਵਾਦ ਦਾ ਰਾਜਸੀ-ਵਿਚਾਰਧਾਰਕ ਵਸਤੂ ਉਹੀ ਹੈ—ਜਮਾਤੀ ਘੋਲ਼ ਦੀ ਥਾਂ ਜਮਾਤੀ ਗੰਢ-ਤੁੱਪ, ਘੋਲ਼ ਦੇ ਇਨਕਲਾਬੀ ਢੰਗਾਂ ਦਾ ਤਿਆਗ, "ਆਪਣੀ" ਸਰਕਾਰ ਦੀ ਪ੍ਰੇਸ਼ਾਨੀ ਦੀ ਹਾਲਤ ਵਿੱਚ ਉਸਦੀ ਮਦਦ ਕਰਨਾ, ਬਜਾਏ ਇਸਦੇ ਕਿ ਇਨਕਲਾਬ ਨੂੰ ਅੱਗੇ ਤੋਰਨ ਲਈ ਇਹਨਾਂ ਪ੍ਰੇਸ਼ਾਨੀਆਂ ਤੋਂ ਲਾਭ ਉਠਾਇਆ ਜਾਏ। ਜੇ ਅਸੀਂ ਸਮੁੱਚੇ ਤੌਰ ਉੱਤੇ ਯੂਰਪ ਨੂੰ ਲਈਏ, ਤੇ ਜੇ ਅਸੀਂ ਧਿਆਨ ਦੇਈਏ, (ਵਿਅਕਤੀਆਂ ਵੱਲ ਨਹੀਂ, ਭਾਵੇਂ ਉਹ ਕਿੰਨੇਂ ਵੀ ਪ੍ਰਮਾਣ-ਪੁਰਸ਼ ਕਿਉਂ ਨਾ ਹੋਣ), ਤਾਂ ਅਸੀਂ ਦੇਖਾਂਗੇ ਕਿ ਮੌਕਾਪ੍ਰਸਤ **ਰੁਝਾਣ** ਹੀ ਹੈ ਜਿਹੜਾ ਸਮਾਜਕ-ਅੰਧਰਾਸ਼ਟਰਵਾਦ ਦੀ ਢਾਲ਼ ਬਣ ਗਿਆ ਹੈ, ਜਦ ਕਿ ਇਨਕਲਾਬੀਆਂ ਦੇ ਧੜੇ ਵਿੱਚੋਂ ਲਗਭਗ ਹਰ ਪਾਸਿਆਂ ਤੋਂ ਇਸਦੇ ਖਿਲਾਫ ਸਿਰੜੀ ਰੋਸ ਸੁਨਣ ਵਿੱਚ ਆਉਂਦੇ ਹਨ। ਤੇ ਜੇ ਅਸੀਂ, ਮਿਸਾਲ ਵਜੋਂ, 1907 ਵਿੱਚ ਸਟੁੱਟਗਾਰਟ ਇੰਟਰਨੈਸ਼ਨਲ ਸਮਾਜਵਾਦੀ ਕਾਂਗਰਸ ਵਿੱਚ ਰੁਝਾਣਾਂ ਦੀ ਗੁੱਟਬੰਦੀ ਨੂੰ ਲਈਏ, ਤਾਂ ਅਸੀਂ ਦੇਖਾਂਗੇ ਕਿ ਕੌਮਾਂਤਰੀ ਮਾਰਕਸਵਾਦ ਸਾਮਰਾਜ ਦਾ ਵਿਰੋਧੀ ਸੀ, ਜਦ ਕਿ ਕੌਮਾਂਤਰੀ ਮੌਕਾਪ੍ਰਸਤੀ ਉਸ ਵੇਲੇ ਵੀ ਇਸਦੇ ਹੱਕ ਵਿੱਚ ਸੀ।

## ਮੌਕਾਪ੍ਰਸਤਾਂ ਨਾਲ਼ ਏਕਤਾ ਦਾ ਮਤਲਬ ਹੈ ਮਜ਼ਦੂਰਾਂ ਤੇ ਉਹਨਾਂ ਦੀ "ਆਪਣੀ" ਕੌਮੀ ਬੁਰਜੂਆਜ਼ੀ ਵਿਚਕਾਰ ਗਠਜੋੜ, ਤੇ ਕੌਮਾਂਤਰੀ ਇਨਕਲਾਬੀ ਮਜ਼ਦੂਰ ਜਮਾਤ ਨੂੰ ਪਾੜਣਾ

ਬੀਤੇ ਵਿੱਚ, ਜੰਗ ਤੋਂ ਪਹਿਲਾਂ, ਮੌਕਾਪ੍ਰਸਤੀ ਨੂੰ ਅਕਸਰ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਕਨੂੰਨੀ, ਭਾਵੇਂ "ਕੁਰਾਹੇਵਾਦੀ" ਤੇ "ਅਤਿਵਾਦੀ" ਹਿੱਸਾ ਹੀ, ਸਮਝਿਆ ਜਾਂਦਾ ਸੀ। ਜੰਗ ਨੇ ਭਵਿੱਖ ਵਿੱਚ ਇਸਦੀ ਅਸੰਭਵਤਾ ਨੂੰ ਦਿਖਾ ਦਿੱਤਾ ਹੈ। ਮੌਕਾਪ੍ਰਸਤੀ "ਪੱਕ ਚੁੱਕੀ" ਹੈ, ਤੇ ਹੁਣ ਮਜ਼ਦੂਰ ਜਮਾਤ ਲਹਿਰ ਵਿੱਚ ਬੁਰਜੂਆਜ਼ੀ ਦੇ ਦੂਤ ਵਜੋਂ ਆਪਣਾ ਰੋਲ਼ ਪੂਰੀ ਤਰ੍ਹਾਂ ਅਦਾ ਕਰ ਰਹੀ ਹੈ। ਮੌਕਾਪ੍ਰਸਤਾਂ ਨਾਲ਼ ਏਕਤਾ ਨਿਰੋਲ ਦੰਭ ਹੈ, ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਜਿਸਦੀ ਮਿਸਾਲ ਹੈ। ਹਰ ਮਹੱਤਵਪੂਰਨ ਮੌਕੇ ਉੱਤੇ (ਜਿਵੇਂ ਕਿ 4 ਅਗਸਤ[12] ਦੀਆਂ ਵੋਟਾਂ ਵੇਲੇ) ਮੌਕਾਪ੍ਰਸਤ ਅਲਟੀਮੇਟਮ ਦੇਂਦੇ ਹਨ, ਜਿਸਨੂੰ ਉਹ ਬੁਰਜੂਆਜ਼ੀ ਨਾਲ਼ ਆਪਣੀਆਂ ਅਣਗਿਣਤ ਕੜੀਆਂ ਰਾਹੀਂ, ਟਰੇਡ ਯੂਨੀਅਨਾਂ ਦੀਆਂ ਕਾਰਜ-ਸਾਧਕ ਕਮੇਟੀਆਂ ਵਿੱਚ ਆਪਣੀ ਬਹੁ-ਗਿਣਤੀ ਆਦਿ ਰਾਹੀਂ ਅਮਲ ਵਿੱਚ ਲਿਆਉਂਦੇ ਹਨ। ਅੱਜ ਮੌਕਾਪ੍ਰਸਤਾਂ ਨਾਲ਼ **ਏਕਤਾ** ਦਾ **ਅਸਲ ਵਿੱਚ** ਮਤਲਬ ਮਜ਼ਦੂਰ ਜਮਾਤ ਨੂੰ ਉਸਦੀ "ਆਪਣੀ" ਕੌਮੀ ਬੁਰਜੂਆਜ਼ੀ ਦੇ ਅਧੀਨ ਕਰਨਾ ਹੈ, ਤੇ ਦੂਜੀਆਂ ਕੌਮਾਂ ਨੂੰ ਦਬਾਉਣ ਤੇ ਗ਼ਾਲਬ-ਕੌਮ ਦੇ ਵਿਸ਼ੇਸ਼ਾਧਿਕਾਰਾਂ ਲਈ ਲੜਣ ਦੇ ਮੰਤਵ ਨਾਲ਼ ਕੌਮੀ ਬੁਰਜੂਆਜ਼ੀ ਨਾਲ਼ ਗਠਜੋੜ ਕਰਨਾ ਹੈ; ਇਸ ਦਾ ਮਤਲਬ ਸਾਰੇ ਦੇਸ਼ਾਂ ਦੇ ਇਨਕਲਾਬੀ ਪ੍ਰੋਲੇਤਾਰੀਆਂ ਵਿੱਚ **ਫੁੱਟ** ਪਾਉਣਾ ਹੈ।

ਭਾਵੇਂ, ਵੱਖੋ ਵੱਖਰੀਆਂ ਸੂਰਤਾਂ ਵਿੱਚ, ਮੌਕਾਪ੍ਰਸਤਾਂ ਦੇ ਖਿਲਾਫ਼ ਘੋਲ਼ ਕਿੰਨਾ ਵੀ

ਮੁਸ਼ਕਲ ਕਿਉਂ ਨਾ ਹੋਵੇ, ਜਿਹੜੇ ਕਈ ਜਥੇਬੰਦੀਆਂ ਵਿੱਚ ਗ਼ਾਲਬ ਹਨ, ਵੱਖੋ ਵੱਖਰੇ ਦੇਸ਼ਾਂ ਵਿੱਚ ਮੌਕਾਪ੍ਰਸਤਾਂ ਨੂੰ ਮਜ਼ਦੂਰ ਪਾਰਟੀਆਂ ਵਿੱਚੋਂ ਕੱਢਣ ਦਾ ਜਿਹੜਾ ਵੀ ਕੋਈ ਵਿਸ਼ੇਸ਼ ਖਾਸਾ ਹੋਵੇ, ਇਹ ਅਮਲ ਅਟੱਲ ਤੇ ਫਲਦਾਇਕ ਹੈ। ਸੁਧਾਰਵਾਦੀ ਸਮਾਜਵਾਦ ਮਰ ਰਿਹਾ ਹੈ; ਮੁੜ-ਸੁਰਜੀਤ ਹੋਇਆ ਸਮਾਜਵਾਦ ਇਨਕਲਾਬੀ, ਜੇ ਫਰਾਂਸੀਸੀ ਸੋਸ਼ਲਿਸਟ ਪਾਲ ਗੋਲੇ[13]' ਦੇ ਢੁਕਵੇਂ ਸ਼ਬਦ ਵਰਤੀਏ ਤਾਂ, "ਇਨਕਲਾਬੀ ਬੇਲਚਕ ਤੇ ਵਿਦਰੋਹੀ ਹੋਵੇਗਾ।"

## "ਕਾਊਤਸਕੀਵਾਦ"

ਦੂਜੀ ਇੰਟਰਨੈਸ਼ਨਲ ਦਾ ਆਗੂ ਪ੍ਰਮਾਣ-ਪੁਰਸ਼ ਕਾਊਤਸਕੀ ਇਸ ਗੱਲ ਦੀ ਸਭ ਤੋਂ ਵੱਧ ਪ੍ਰਤਿਨਿੱਧ ਤੇ ਉਘੜਵੀਂ ਮਿਸਾਲ ਹੈ ਕਿ ਮਾਰਕਸਵਾਦ ਦੀ ਲਫ਼ਜ਼ੀ ਮਾਣਤਾ ਕਿਵੇਂ ਅਮਲ ਵਿੱਚ ਇਸਨੂੰ "ਸਤਰੂਵੇਵਾਦ"[14] ਵਿੱਚ ਜਾਂ "ਬਰੇਨਤਾਨੋਵਾਦ"[15] ਵਿੱਚ ਬਦਲਣ ਵੱਲ ਲੈ ਜਾਂਦੀ ਹੈ। ਇੱਕ ਹੋਰ ਮਿਸਾਲ ਪਲੈਖਾਨੋਵ ਹੈ। ਸਿੱਕੇਬੰਦ ਝੂਠੀ ਦਲੀਲਬਾਜ਼ੀ ਰਾਹੀਂ ਮਾਰਕਸਵਾਦ ਨੂੰ ਇਸਦੀ ਇਨਕਲਾਬੀ ਜਿਊਂਦੀ-ਜਾਗਦੀ ਭਾਵਨਾ ਤੋਂ ਵਾਂਝਿਆ ਕਰ ਦਿੱਤਾ ਗਿਆ ਹੈ; ਮਾਰਕਸਵਾਦ ਵਿੱਚ **ਸਭ ਕੁੱਝ** ਮੰਨਿਆਂ ਗਿਆ ਹੈ, **ਸਿਵਾਏ** ਘੋਲ਼ ਦੇ ਇਨਕਲਾਬੀ ਢੰਗਾਂ ਦੇ, ਉਹਨਾਂ ਢੰਗਾਂ ਦੇ ਪ੍ਰਚਾਰ ਤੇ ਤਿਆਰੀ ਦੇ, ਤੇ ਇਸ ਪਾਸੇ ਵੱਲ ਲੋਕਾਂ ਨੂੰ ਵਿੱਦਿਆ ਦੇਣ ਦੇ। ਕਾਊਤਸਕੀ ਸਮਾਜਕ-ਅੰਧਰਾਸ਼ਟਰਵਾਦ ਦੇ ਬੁਨਿਆਦੀ ਵਿਚਾਰ, ਮੌਜੂਦਾ ਜੰਗ ਵਿੱਚ ਪਿਤਾਭੂਮੀ ਦੀ ਰਾਖੀ ਦੀ ਮਾਣਤਾ ਨੂੰ ਬੇਅਸੂਲੇ ਤਰੀਕੇ ਨਾਲ਼ ਖੱਬਿਆਂ ਨੂੰ ਡਿਪਲੋਮੈਟਿਕ ਝੂਠੀ ਰਿਆਇਤ—ਜੰਗੀ ਕਰਜ਼ਿਆਂ ਲਈ ਵੋਟਾਂ ਸਮੇਂ ਵੋਟ ਨਾ ਪਾਉਣਾ, ਵਿਰੋਧੀ ਦਲ ਵਿੱਚ ਹੋਣ ਦਾ ਉਸਦੇ ਲਫ਼ਜ਼ੀ ਦਾਅਵੇ, ਆਦਿ—ਨਾਲ਼ "ਮੇਲ਼ਦਾ ਹੈ।" ਉਹ ਕਾਊਤਸਕੀ, ਜਿਸਨੇ 1909 ਵਿੱਚ ਇਨਕਲਾਬਾਂ ਦੇ ਆ ਰਹੇ ਦੌਰ ਬਾਰੇ ਤੇ ਜੰਗ ਤੇ ਇਨਕਲਾਬ ਵਿਚਕਾਰ ਸਬੰਧ ਬਾਰੇ ਇੱਕ ਕਿਤਾਬ ਲਿਖੀ ਸੀ, ਉਹ ਕਾਊਤਸਕੀ, ਜਿਸਨੇ 1912 ਵਿੱਚ ਸਿਰ ਉੱਤੇ ਖੜੀ ਜੰਗ ਤੋਂ ਇਨਕਲਾਬੀ ਲਾਭ ਉਠਾਉਣ ਬਾਰੇ ਬਾਸਲ ਮੈਨੀਫੈਸਟੋ ਉੱਤੇ ਦਸਤਖ਼ਤ ਕੀਤੇ ਸਨ, ਅੱਜ ਸਮਾਜਕ-ਅੰਧਰਾਸ਼ਟਰਵਾਦ ਨੂੰ ਠੀਕ ਸਿੱਧ ਕਰਨ ਲਈ ਤੇ ਸ਼ਿੰਗਾਰਨ ਲਈ ਆਪਣੇ ਆਪ ਨੂੰ ਵੀ ਮਾਤ ਪਾ ਰਿਹਾ ਹੈ ਤੇ, ਪਲੈਖ਼ਾਨੋਵ ਵਾਂਗ, ਇਨਕਲਾਬ ਦੇ ਕਿਸੇ ਵਿਚਾਰ ਦਾ ਹੀ, ਤੇ ਤੁਰੰਤ ਇਨਕਲਾਬੀ ਘੋਲ਼ ਵੱਲ ਸਾਰੇ ਕਦਮਾਂ ਦਾ ਮਜ਼ਾਕ ਉਡਾਉਣ ਵਿੱਚ ਬੁਰਜੂਆਜ਼ੀ ਨਾਲ਼ ਮਿਲ਼ ਗਿਆ ਹੈ।

ਮਜ਼ਦੂਰ ਜਮਾਤ ਆਪਣਾ ਸੰਸਾਰ-ਇਨਕਲਾਬੀ ਰੋਲ਼ ਉਦੋਂ ਤੱਕ ਅਦਾ ਨਹੀਂ ਕਰ ਸਕਦੀ, ਜਦੋਂ ਤੱਕ ਇਹ ਇਸ ਪਿੱਛੇ-ਤਿਲ੍ਹਕਣ ਦੇ, ਕੰਗਰੋੜ-ਹੀਣਤਾ ਦੇ, ਮੌਕਾਪ੍ਰਸਤੀ ਦੀ ਦਾਸਤਾ ਦੇ ਤੇ ਮਾਰਕਸਵਾਦ ਦੇ ਸਿਧਾਂਤਾਂ ਦੇ ਬੇਮਿਸਾਲ ਭ੍ਰਿਸ਼ਟੀਕਰਨ ਦੇ ਖਿਲਾਫ ਬੇਕਿਰਕ ਘੋਲ਼ ਨਹੀਂ ਚਲਾਉਂਦੀ। ਕਾਊਤਸਕੀਵਾਦ ਕੋਈ ਸਬੱਬੀ ਗੱਲ ਨਹੀਂ; ਇਹ ਦੂਜੀ ਇੰਟਰਨੈਸ਼ਨਲ ਦੇ ਅੰਦਰਲੀਆਂ ਵਿਰੋਧਤਾਈਆਂ ਦੀ ਸਮਾਜਕ ਉਪਜ ਹੈ, ਕਥਨੀ ਵਿੱਚ ਮਾਰਕਸਵਾਦ ਵੱਲ ਵਫ਼ਾਦਾਰੀ ਤੇ ਕਰਨੀ ਵਿੱਚ ਮੌਕਾਪ੍ਰਸਤੀ ਦੀ ਦਾਸਤਾ ਦਾ ਮਿਲ਼ਗੋਭਾ ਹੈ।

"ਕਾਊਤਸਕੀਵਾਦ" ਦਾ ਇਹ ਬੁਨਿਆਦੀ ਕੁਸੱਤ ਵੱਖੋ ਵੱਖਰੇ ਦੇਸ਼ਾਂ ਵਿੱਚ ਵੱਖੋ

ਵੱਖਰੇ ਤਰੀਕਿਆਂ ਨਾਲ਼ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਹਾਲੈਂਡ ਵਿੱਚ, ਰੋਲੈਂਡ-ਹੋਲਸਟ, ਪਿਤਾਭੂਮੀ ਦੀ ਰਾਖੀ ਦੇ ਵਿਚਾਰ ਨੂੰ ਰੱਦ ਕਰਨ ਦੇ ਨਾਲ਼ ਨਾਲ਼, ਮੌਕਾਪ੍ਰਸਤਾਂ ਦੀ ਪਾਰਟੀ ਨਾਲ਼ ਏਕਤਾ ਦਾ ਸਮਰਥਨ ਕਰਦਾ ਹੈ। ਰੂਸ ਵਿੱਚ, ਤਰਾਤਸਕੀ, ਇਸ ਵਿਚਾਰ ਨੂੰ ਰੱਦ ਕਰਨ ਦੇ ਨਾਲ਼ ਨਾਲ਼ ਮੌਕਾਪ੍ਰਸਤ ਤੇ ਅੰਧਰਾਸ਼ਟਰਵਾਦੀ "ਨਾਸ਼ਾ ਜ਼ਾਰੀਆ"[16] ਟੋਲੇ ਨਾਲ਼ ਏਕਤਾ ਦਾ ਸਮਰਥਨ ਕਰਦਾ ਹੈ। ਰੁਮਾਨੀਆ ਵਿੱਚ, ਰਾਕੋਵਸਕੀ, ਮੌਕਾਪ੍ਰਸਤੀ ਨੂੰ ਇੰਟਰਨੈਸ਼ਨਲ ਦੇ ਢਹਿ-ਢੇਰੀ ਹੋਣ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਇਸਦੇ ਖਿਲਾਫ਼ ਜੰਗ ਦਾ ਐਲਾਨ ਕਰਨ ਦੇ ਨਾਲ਼ ਨਾਲ਼, ਪਿਤਾਭੂਮੀ ਦੀ ਰਾਖੀ ਕਰਨ ਦੇ ਵਿਚਾਰ ਦੇ ਕਨੂੰਨੀ ਹੋਣ ਨੂੰ ਵੀ ਮਾਣਤਾ ਦੇਣ ਲਈ ਤਿਆਰ ਹੈ। ਇਸ ਸਾਰਾ ਕੁੱਝ ਉਸ ਬੁਰਾਈ ਦਾ ਪ੍ਰਗਟਾਅ ਹੈ ਜਿਸਨੂੰ ਡੱਚ ਮਾਰਕਵਾਦੀਆਂ (ਗੋਰਟੇਰ ਤੇ ਪਾਨੇਕੋਕ) ਨੇ "ਸਿੱਥਲ ਮੂਲ-ਸੁਧਾਰਵਾਦ" ਦਾ ਨਾਂ ਦਿੱਤਾ ਹੈ ਤੇ ਜਿਹੜਾ ਸਿਧਾਂਤ ਵਿੱਚ ਇਨਕਲਾਬੀ ਮਾਰਕਸਵਾਦ ਦੀ ਥਾਂ ਚੌਂਗਮਤ ਨੂੰ, ਤੇ ਅਮਲ ਵਿੱਚ ਮੌਕਾਪ੍ਰਸਤੀ ਦੀ ਦਾਸਤਾ ਜਾਂ ਇਸ ਵੱਲ ਨਿਪੁੰਸਕਤਾ ਨੂੰ ਦੇਣਾ ਹੋ ਨਿੱਬੜਦਾ ਹੈ।

## ਮਾਰਕਸਵਾਦੀਆਂ ਦਾ ਨਾਹਰਾ—
## ਇਨਕਲਾਬੀ ਸੋਸ਼ਲ-ਡੈਮੋਕਰੇਸੀ ਦਾ ਨਾਹਰਾ ਹੈ

ਜੰਗ ਨੇ, ਬਿਨਾਂ ਕਿਸੇ ਸ਼ੱਕ ਦੇ, ਅਤਿ ਦਾ ਡੂੰਘਾ ਸੰਕਟ ਪੈਦਾ ਕਰ ਦਿੱਤਾ ਹੈ ਤੇ ਲੋਕਾਂ ਦੀ ਮੁਸੀਬਤ ਨੂੰ ਅਥਾਹ ਤੌਰ ਉੱਤੇ ਵਧਾਅ ਦਿੱਤਾ ਹੈ। ਇਸ ਜੰਗ ਦਾ ਪਿਛਾਂਹਖਿੱਚੂ ਖਾਸਾ, ਤੇ ਆਪਣੇ ਧਾੜਵੀ ਨਿਸ਼ਾਨਿਆਂ ਨੂੰ "ਕੌਮੀ" ਵਿਚਾਰਧਾਰਾ ਨਾਲ਼ ਲੁਕਾਉਣ ਲਈ **ਸਾਰੇ** ਦੇਸ਼ਾਂ ਦੀ ਬੁਰਜੂਆਜ਼ੀ ਵੱਲੋਂ ਦੱਸੇ ਜਾ ਰਹੇ ਬੇਸ਼ਰਮ ਝੂਠ, ਬਾਹਰਮੁਖੀ ਇਨਕਲਾਬੀ ਹਾਲਤ ਦੇ ਆਧਾਰ ਉੱਤੇ, ਲੋਕਾਂ ਵਿੱਚ ਅਟੱਲ ਤੌਰ ਉੱਤੇ ਇਨਕਲਾਬੀ ਰੌਂ ਪੈਦਾ ਕਰ ਰਹੇ ਹਨ। ਇਹ ਸਾਡਾ ਫਰਜ਼ ਹੈ ਕਿ ਲੋਕਾਂ ਨੂੰ ਇਹਨਾਂ ਰੌਆਂ ਤੋਂ ਚੇਤੰਨ ਹੋਣ, ਉਹਨਾਂ ਨੂੰ ਡੂੰਘਿਆਂ ਕਰਨ ਤੇ ਉਹਨਾਂ ਨੂੰ ਰੂਪ ਦੇਣ ਵਿੱਚ ਸਹਾਇਤਾ ਦੇਈਏ। ਇਹ ਕਾਰਜ ਸਿਰਫ਼ ਇਸ ਨਾਰ੍ਹੇ ਵਿੱਚ ਹੀ ਠੀਕ ਠੀਕ ਪ੍ਰਗਟ ਹੁੰਦਾ ਹੈ: ਸਾਮਰਾਜੀ ਜੰਗ ਨੂੰ ਘਰੇਲੂ ਜੰਗ ਵਿੱਚ ਬਦਲ ਦਿਓ; ਜੰਗ ਦੇ ਸਮੇਂ ਵਿੱਚ ਸਿਰੜੀ ਢੰਗ ਨਾਲ਼ ਚਲਾਏ ਗਏ **ਸਾਰੇ** ਜਮਾਤੀ ਘੋਲ਼ ਤੇ ਗੰਭੀਰਤਾ ਨਾਲ਼ ਚਲਾਏ ਗਏ ਸਾਰੇ "ਜਨਤਕ ਕਾਰਵਾਈ" ਦੇ ਦਾਅਪੇਚ ਅਟੱਲ ਤੌਰ ਉੱਤੇ ਇਸ ਨਤੀਜੇ ਵੱਲ ਲੈ ਜਾਂਦੇ ਹਨ। ਇਹ ਅਗਾਉਂ ਦੱਸਣਾ ਅਸੰਭਵ ਹੈ ਕਿ ਵੱਡੀਆਂ ਤਾਕਤਾਂ ਦੀ ਪਹਿਲੀ ਜਾਂ ਦੂਜੀ ਸਾਮਰਾਜੀ ਜੰਗ ਦੇ ਸਬੰਧ ਵਿੱਚ, ਇਸਦੇ ਦੌਰਾਨ ਜਾਂ ਪਿੱਛੋਂ ਕੋਈ ਸ਼ਕਤੀਸ਼ਾਲੀ ਇਨਕਲਾਬੀ ਲਹਿਰ ਭੜਕ ਉਠੇਗੀ ਜਾਂ ਨਹੀਂ; ਕਿਸੇ ਵੀ ਸੂਰਤ ਵਿੱਚ ਇਸ ਪਾਸੇ ਵੱਲ ਬਾਕਾਇਦਾ ਢੰਗ ਨਾਲ਼ ਤੇ ਸਿਰੜੀ ਤਰੀਕੇ ਨਾਲ਼ ਕੰਮ ਕਰੀ ਜਾਣਾ ਸਾਡਾ ਲਾਜ਼ਮੀ ਫਰਜ਼ ਬਣਦਾ ਹੈ।

ਬਾਸਲ ਮੈਨੀਫੈਸਟੋ ਪੈਰਿਸ ਕਮਿਊਨ ਵੱਲੋਂ ਕਾਇਮ ਕੀਤੀ ਗਈ ਮਿਸਾਲ ਦਾ, ਭਾਵ, ਸਰਕਾਰਾਂ ਵਿਚਕਾਰ ਜੰਗ ਨੂੰ ਘਰੇਲੂ ਜੰਗ ਵਿੱਚ ਬਦਲਣ ਦੀ ਮਿਸਾਲ ਦਾ ਸਿੱਧਾ

ਹਵਾਲਾ ਦੇਂਦਾ ਹੈ। ਅੱਧੀ ਸਦੀ ਪਹਿਲਾਂ ਪ੍ਰੋਲੇਤਾਰੀ ਬਹੁਤ ਕਮਜ਼ੋਰ ਸਨ; ਸਮਾਜਵਾਦ ਲਈ ਬਾਹਰਮੁਖੀ ਹਾਲਤਾਂ ਅਜੇ ਪੱਕੀਆਂ ਨਹੀਂ ਸਨ, ਸਾਰੇ ਜੰਗ-ਜੁੱਟੇ ਦੇਸ਼ਾਂ ਵਿੱਚ ਇਨਕਲਾਬੀ ਲਹਿਰਾਂ ਵਿਚਕਾਰ ਤਾਲ-ਮੇਲ ਤੇ ਮਿਲਵਰਤਨ ਨਹੀਂ ਸੀ ਹੋ ਸਕਦਾ; "ਕੌਮੀ ਵਿਚਾਰਧਾਰਾ" (1792 ਦੀਆਂ ਪ੍ਰੰਪਰਾਵਾਂ), ਜਿਸ ਵਿੱਚ ਪੈਰਿਸ ਦੇ ਮਜ਼ਦੂਰਾਂ ਦਾ ਇੱਕ ਹਿੱਸਾ ਰੰਗਿਆ ਪਿਆ ਸੀ, ਇੱਕ ਪੈਟੀ ਬੁਰਜੂਆ ਕਮਜ਼ੋਰੀ ਸੀ, ਜਿਸਦਾ ਮਾਰਕਸ ਨੇ ਉਦੋਂ ਵੀ ਜ਼ਿਕਰ ਕੀਤਾ ਸੀ, ਤੇ ਇਹ ਕਮਿਊਨ ਦੇ ਢਹਿ-ਢੇਰੀ ਹੋਣ ਦਾ ਇੱਕ ਕਾਰਨ ਸੀ। ਉਦੋਂ ਤੋਂ ਅੱਧੀ ਸਦੀ ਪਿਛੋਂ, ਉਹ ਹਾਲਤਾਂ ਕਾਇਮ ਨਹੀਂ ਰਹੀਆਂ, ਜਿਨ੍ਹਾਂ ਨੇ ਉਦੋਂ ਇਨਕਲਾਬ ਨੂੰ ਕਮਜ਼ੋਰ ਕਰ ਦਿੱਤਾ ਸੀ, ਤੇ ਅੱਜ ਕਿਸੇ ਸਮਾਜਵਾਦੀ ਲਈ ਇਹ ਨਾ-ਮੁਆਫੀਯੋਗ ਹੈ ਕਿ ਉਹ ਆਪਣੇ ਆਪ ਨੂੰ ਪੈਰਿਸ ਕਮਿਊਨ ਦੇ ਮੈਂਬਰ ਦੀ ਭਾਵਨਾ ਵਿੱਚ ਸਰਗਰਮੀਆਂ ਦਾ ਤਿਆਗ ਕਰਨ ਉੱਤੇ ਛੱਡ ਦੇਵੇ।

## ਖੰਦਕਾਂ ਵਿੱਚ ਭਰਾਤਰੀਕਰਨ ਵੱਲੋਂ ਪੇਸ਼ ਕੀਤੀ ਗਈ ਮਿਸਾਲ

ਸਾਰੇ ਜੰਗ-ਜੁੱਟੇ ਦੇਸ਼ਾਂ ਦੇ ਬੁਰਜੂਆ ਅਖ਼ਬਾਰਾਂ ਵਿੱਚ ਜੰਗ-ਜੁੱਟੀਆਂ ਕੌਮਾਂ ਦੇ ਸਿਪਾਹੀਆਂ ਵਿਚਕਾਰ, ਖੰਦਕਾਂ ਤੱਕ ਵਿੱਚ ਵੀ, ਭਰਾਤਰੀਕਰਨ ਦੇ ਕੇਸਾਂ ਬਾਰੇ ਰੀਪੋਰਟਾਂ ਛਪੀਆਂ ਹਨ। ਇਹੋ ਜਿਹੇ ਭਰਾਤਰੀਕਰਨ ਦੇ ਖਿਲਾਫ (ਜਰਮਨੀ ਤੇ ਬਰਤਾਨੀਆ ਦੇ) ਫੌਜੀ ਅਧਿਕਾਰੀਆਂ ਵਲੋਂ ਜਾਰੀ ਕੀਤੇ ਗਏ ਸਖ਼ਤ ਹੁਕਮ ਇਸ ਗੱਲ ਦੀ ਗਵਾਹੀ ਹਨ ਕਿ ਸਰਕਾਰਾਂ ਤੇ ਬੁਰਜੂਆਜ਼ੀ ਇਸ ਮਾਮਲੇ ਨੂੰ ਗੰਭੀਰ ਮਹੱਤਤਾ ਦੇਂਦੀਆਂ ਹਨ। ਜੇ ਭਰਾਤਰੀਕਰਨ ਦੇ ਇਹੋ ਜਿਹੇ ਕੇਸ ਉਦੋਂ ਵੀ ਸੰਭਵ ਸਿੱਧ ਹੋਏ ਹਨ ਜਦੋਂ ਪੱਛਮੀ ਯੂਰਪ ਦੀਆਂ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਦੀਆਂ ਸਿਖਰਲੀਆਂ ਸਫਾਂ ਵਿੱਚ ਮੌਕਾਪ੍ਰਸਤੀ ਦਾ ਬੋਲ-ਬਾਲਾ ਹੈ, ਤੇ ਸਮਾਜਕ-ਅੰਧਰਾਸ਼ਟਰਵਾਦ ਨੂੰ ਸਾਰੀ ਸੋਸ਼ਲ-ਡੈਮੋਕਰੈਟਿਕ ਪ੍ਰੈਸ ਤੇ ਦੂਜੀ ਇੰਟਰਨੈਸ਼ਨਲ ਦੇ ਸਾਰੇ ਅਧਿਕਾਰੀਆਂ ਦਾ ਸਮਰਥਨ ਪ੍ਰਾਪਤ ਹੈ, ਤਾਂ ਇਸ ਤੋਂ ਪਤਾ ਲਗਦਾ ਹੈ ਕਿ ਮੌਜੂਦਾ ਮੁਜਰਮਾਨਾ, ਪਿਛਾਂਹਖਿੱਚੂ ਤੇ ਗ਼ੁਲਾਮ-ਮਾਲਕਾਂ ਦੀ ਜੰਗ ਨੂੰ ਛੋਟਿਆਂ ਕਰਨਾ ਤੇ ਇਨਕਲਾਬੀ ਕੌਮਾਂਤਰੀ ਲਹਿਰ ਨੂੰ ਜਥੇਬੰਦ ਕਰਨਾ ਕਿੰਨਾਂ ਸੰਭਵ ਹੋਵੇਗਾ, ਜੇ, ਘੱਟੋ-ਘੱਟ ਸਾਰੇ ਜੰਗ-ਜੁੱਟੇ ਦੇਸ਼ਾਂ ਵਿਚਲੇ ਖੱਬੇ-ਪੱਖੀ ਸੋਸ਼ਲਿਸਟਾਂ ਵੱਲੋਂ ਇਸ ਪਾਸੇ ਵੱਲ ਬਾਕਾਇਦਾ ਕੰਮ ਕੀਤਾ ਜਾਏ।

## ਰੂਪੋਸ਼ ਜਥੇਬੰਦੀ ਦੀ ਮਹੱਤਤਾ

ਮੌਕਾਪ੍ਰਸਤਾਂ ਜਿੰਨਾ ਹੀ, ਸਾਰੀ ਦੁਨੀਆਂ ਦੇ ਉੱਘੇ ਅਰਾਜਕਤਾਵਾਦੀਆਂ ਨੇ ਵੀ ਇਸ ਜੰਗ ਵਿੱਚ (ਪਲੈਖਾਨੋਵ ਤੇ ਕਾਊਤਸਕੀ ਦੀ ਭਾਵਨਾ ਵਿੱਚ) ਆਪਣੇ ਆਪ ਨੂੰ ਸਮਾਜਕ-ਅੰਧਰਾਸ਼ਟਰਵਾਦ ਨਾਲ਼ ਬਦਨਾਮ ਕਰ ਲਿਆ ਹੈ। ਇਸ ਜੰਗ ਦਾ ਇੱਕ ਲਾਭਕਾਰੀ ਸਿੱਟਾ, ਨਿਰਸੰਦੇਹ, ਇਹ ਹੋਵੇਗਾ ਕਿ ਇਹ ਅਰਾਜਕਤਾਵਾਦ ਤੇ ਮੌਕਾਪ੍ਰਸਤੀ, ਦੋਹਾਂ ਨੂੰ ਹੀ ਖਤਮ ਕਰ ਦੇਵੇਗੀ।

ਲੋਕਾਂ ਨੂੰ ਜਥੇਬੰਦ ਕਰਨ ਲਈ ਤੇ ਸਮਾਜਵਾਦ ਦਾ ਪ੍ਰਚਾਰ ਕਰਨ ਲਈ ਕਿਸੇ ਵੀ ਹਾਲਤ ਵਿੱਚ ਜਾਂ ਕਿਸੇ ਵੀ ਸ਼ਰਤ ਉੱਤੇ, ਸਾਰੇ ਕਨੂੰਨੀ ਮੌਕਿਆਂ ਨੂੰ, ਭਾਵੇਂ ਉਹ ਕਿੰਨੇ ਵੀ ਛੋਟੇ ਕਿਉਂ ਨਾ ਹੋਣ, ਵਰਤਣ ਤੋਂ ਗ਼ੁਰੇਜ਼ ਨਾ ਕਰਨ ਦੇ ਨਾਲ਼ ਨਾਲ਼, ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਨੂੰ ਕਨੂੰਨੀਅਤ ਦੀ ਅਧੀਨਗੀ ਨਾਲ਼ੋਂ ਨਾਤਾ ਤੋੜਨਾ ਚਾਹੀਦਾ ਹੈ। "ਤੁਸੀਂ ਪਹਿਲਾਂ ਗੋਲ਼ੀ ਚਲਾਉਂਦੇ ਹੋ, ਬੁਰਜੂਆ ਸ਼੍ਰੀ ਮਾਨੋ," ਘਰੇਲੂ ਜੰਗ ਵੱਲ ਤੇ ਬੁਰਜੂਆਜ਼ੀ ਵੱਲੋਂ ਕਨੂੰਨੀਅਤ ਦੀ ਉਲੰਘਣਾ ਕਰਨ ਤੋਂ **ਪਿੱਛੋਂ** ਸਾਡੇ ਵੱਲੋਂ ਇਸਦੀ ਉਲੰਘਣਾ ਕਰਨ ਦੀ ਲੋੜ ਵੱਲ ਇਸ਼ਾਰਾ ਕਰਦਿਆਂ ਏਂਗਲਜ਼ ਨੇ ਲਿਖਿਆ ਸੀ। ਸੰਕਟ ਨੇ ਦਿਖਾ ਦਿੱਤਾ ਹੈ ਕਿ ਸਾਰੇ ਦੇਸ਼ਾਂ ਵਿੱਚ, ਇਥੋਂ ਤੱਕ ਕਿ ਸਭ ਤੋਂ ਵੱਧ ਆਜ਼ਾਦ ਦੇਸ਼ਾਂ ਵਿੱਚ ਵੀ, ਬੁਰਜੂਆਜ਼ੀ ਇਸਦੀ ਉਲੰਘਣਾ ਕਰ ਰਹੀ ਹੈ ਤੇ ਲੋਕਾਂ ਨੂੰ ਇਨਕਲਾਬ ਵੱਲ ਲੈ ਜਾਣਾ ਅਸੰਭਵ ਹੈ, ਜਿੰਨਾਂ ਚਿਰ ਤੱਕ ਘੋਲ਼ ਦੇ ਇਨਕਲਾਬੀ ਢੰਗਾਂ ਦਾ ਸਮਰਥਨ ਕਰਨ ਲਈ, ਇਹਨਾਂ ਉੱਤੇ ਵਿਚਾਰ ਕਰਨ ਲਈ, ਇਹਨਾਂ ਦਾ ਮੁਲੰਕਣ ਕਰਨ ਲਈ ਤੇ ਇਹਨਾਂ ਦੀ ਤਿਆਰੀ ਕਰਨ ਲਈ ਰੂਪੋਸ਼ ਜਥੇਬੰਦੀ ਨਹੀਂ ਕਾਇਮ ਕੀਤੀ ਜਾਂਦੀ। ਮਿਸਾਲ ਵਜੋਂ, ਜਰਮਨੀ ਵਿੱਚ ਸਮਾਜਵਾਦੀਆਂ ਵੱਲੋਂ ਕੀਤੀਆਂ ਜਾ ਰਹੀਆਂ ਸਾਰੀਆਂ **ਇਮਾਨਦਾਰ** ਚੀਜ਼ਾਂ ਮੌਕਾਪ੍ਰਸਤੀ ਤੇ ਦੰਭੀ "ਕਾਊਤਸਕੀਵਾਦ" ਦੇ ਬਾਵਜੂਦ ਕੀਤੀਆਂ ਜਾ ਰਹੀਆਂ ਹਨ, ਤੇ ਇਸ ਤੋਂ ਇਲਾਵਾ, ਖੁਫੀਆ ਤੌਰ ਉੱਤੇ ਕੀਤੀਆਂ ਜਾ ਰਹੀਆਂ ਹਨ। ਬਰਤਾਨੀਆ ਵਿੱਚ ਲੋਕਾਂ ਨੂੰ ਫੌਜ ਵਿੱਚ ਭਰਤੀ ਹੋਣ ਦੇ ਖਿਲਾਫ਼ ਅਪੀਲਾਂ ਛਾਪਣ ਲਈ ਬਾਮੁਸ਼ੱਕਤ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ।

ਇਹ ਸਮਝਣਾ ਸਮਾਜਵਾਦ ਨਾਲ਼ ਗ਼ੱਦਾਰੀ ਹੈ ਕਿ ਪ੍ਰਚਾਰ ਦੇ ਰੂਪੋਸ਼ ਢੰਗਾਂ ਦਾ ਕੋਈ ਵੀ ਰੱਦਣਾ, ਤੇ ਕਨੂੰਨੀ ਤੌਰ ਉੱਤੇ ਛਪਦੇ ਅਖ਼ਬਾਰਾਂ ਵਿੱਚ ਉਹਨਾਂ ਢੰਗਾਂ ਦਾ ਮਜ਼ਾਕ ਉਡਾਉਣਾ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਮੈਂਬਰਸ਼ਿਪ ਨਾਲ਼ ਮੇਲ਼ ਖਾਂਦਾ ਹੈ।

## ਸਾਮਰਾਜਵਾਦੀ ਜੰਗ ਵਿੱਚ ਖ਼ੁਦ "ਆਪਣੀ" ਸਰਕਾਰ ਦੀ ਹਾਰ ਬਾਰੇ

ਮੌਜੂਦਾ ਜੰਗ ਵਿੱਚ ਆਪਣੀਆਂ ਸਰਕਾਰਾਂ ਦੇ ਸਮਰਥਕ ਵੀ ਤੇ "ਨਾ ਜਿੱਤ, ਨਾ ਹਾਰ" ਦੇ ਨਾਅਰੇ ਦੇ ਸਮਰਥਕ ਵੀ ਸਮਾਜਕ-ਅੰਧਰਾਸ਼ਟਰਵਾਦ ਦੇ ਦ੍ਰਿਸ਼ਟੀਕੋਣ ਵਿੱਚ ਇੱਕੋ ਜਿਹੇ ਖ਼ਿਆਲ ਹਨ। ਇਨਕਲਾਬੀ ਜਮਾਤ ਪਿਛਾਂਹਖਿੱਚੂ ਜੰਗ ਵਿੱਚ ਆਪਣੀ ਸਰਕਾਰ ਦੀ ਹਾਰ ਦੀ ਹੀ ਇੱਛਾ ਕਰ ਸਕਦੀ ਹੈ ਤੇ ਇਹ ਦੇਖੇ ਬਿਨਾਂ ਨਹੀਂ ਰਹਿ ਸਕਦੀ ਕਿ ਇਸਦੀਆਂ ਫੌਜੀ ਹਾਰਾਂ ਇਸਨੂੰ ਉਲ਼ਟਾਉਣਾ ਸੌਖਾ ਬਨਾਉਣ। ਸਿਰਫ਼ ਇੱਕ ਬੁਰਜੂਆ ਹੀ, ਜਿਹੜਾ ਯਕੀਨ ਰੱਖਦਾ ਹੈ ਕਿ ਸਰਕਾਰਾਂ ਵੱਲੋਂ ਸ਼ੁਰੂ ਕੀਤੀ ਗਈ ਜੰਗ ਸਰਕਾਰਾਂ ਵਿਚਕਾਰ ਜੰਗ ਦੇ ਤੌਰ ਉੱਤੇ ਹੀ ਖ਼ਤਮ ਹੋਣੀ ਜ਼ਰੂਰੀ ਹੈ, ਤੇ ਚਾਹੁੰਦਾ ਹੈ ਕਿ ਇਹ ਇਸੇ ਤਰ੍ਹਾਂ ਖ਼ਤਮ ਹੋਵੇ, ਇਸ ਵਿਚਾਰ ਨੂੰ "ਹਾਸੋਹੀਣਾ" ਤੇ "ਬੇਹੂਦਾ" ਸਮਝ ਸਕਦਾ ਹੈ ਕਿ **ਸਾਰੇ** ਜੰਗ-ਜੁੱਟੇ ਦੇਸ਼ਾਂ ਦੇ ਸਮਾਜਵਾਦੀਆਂ ਨੂੰ ਇਹ ਇੱਛਾ ਪ੍ਰਗਟ ਕਰਨੀ ਚਾਹੀਦੀ ਹੈ ਕਿ ਉਹਨਾਂ ਦੀਆਂ "ਆਪਣੀਆਂ" **ਸਾਰੀਆਂ** ਸਰਕਾਰਾਂ ਹਾਰ ਜਾਣ। ਇਸਦੇ ਉਲ਼ਟ, ਇਹ ਇੱਕ ਐਸੀ ਤਰ੍ਹਾਂ ਦਾ

ਬਿਆਨ ਹੈ ਜਿਹੜਾ ਹਰ ਜਮਾਤੀ ਚੇਤੰਨਤਾ ਵਾਲ਼ੇ ਮਜ਼ਦੂਰ ਦੇ ਧੁਰ ਅੰਦਰਲੇ ਵਿਚਾਰਾਂ ਦੇ ਅਨੁਕੂਲ ਹੋਵੇਗਾ, ਤੇ ਸਾਮਰਾਜਵਾਦੀ ਜੰਗ ਨੂੰ ਘਰੇਲੂ ਜੰਗ ਵਿੱਚ ਬਦਲਣ ਲਈ ਸਾਡੀਆਂ ਸਰਗਰਮੀਆਂ ਦੇ ਅਨੁਕੂਲ ਹੋਵੇਗਾ।

ਬਰਤਾਨਵੀ, ਜਰਮਨ ਤੇ ਰੂਸ ਸਮਾਜਵਾਦੀਆਂ ਦੇ ਇੱਕ ਹਿੱਸੇ ਵੱਲੋਂ ਚਲਾਏ ਜਾ ਰਹੇ ਗੰਭੀਰ ਜੰਗ–ਵਿਰੋਧੀ ਅੰਦੋਲਨ ਨੇ ਨਿਰਸੰਦੇਹ ਸਬੰਧਤ ਸਰਕਾਰਾਂ ਦੀ "ਫੌਜੀ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਹੈ," ਪਰ ਇਹ ਅੰਦੋਲਨ ਸਮਾਜਵਾਦੀਆਂ ਦੇ ਜਮ੍ਹਾਂ–ਖਾਤੇ ਵਿੱਚ ਜਾਂਦਾ ਹੈ। ਸਮਾਜਵਾਦੀਆਂ ਨੂੰ ਲੋਕਾਂ ਸਾਮ੍ਹਣੇ ਵਿਆਖਿਆ ਕਰਨੀ ਚਾਹੀਦੀ ਹੈ ਕਿ ਉਹਨਾਂ ਸਾਮ੍ਹਣੇ ਮੁਕਤੀ ਦਾ ਹੋਰ ਕੋਈ ਰਾਹ ਨਹੀਂ, ਸਿਵਾਏ ਖੁਦ "ਆਪਣੀਆਂ" ਸਰਕਾਰਾਂ ਨੂੰ ਇਨਕਲਾਬੀ ਤਰ੍ਹਾਂ ਨਾਲ਼ ਉਲ਼ਟਾਉਣ ਦੇ, ਮੌਜੂਦਾ ਜੰਗ ਵਿੱਚ ਜਿਨ੍ਹਾਂ ਦੀਆਂ ਮੁਸ਼ਕਲਾਂ ਤੋਂ ਬਿਲਕੁਲ ਇਸੇ ਮੰਤਵ ਲਈ ਹੀ ਲਾਭ ਉਠਾਇਆ ਜਾਣਾ ਚਾਹੀਦਾ ਹੈ।

## ਸ਼ਾਂਤੀਵਾਦ ਤੇ ਅਮਨ ਦਾ ਨਾਅਰਾ

ਅਮਨ ਦੇ ਹੱਕ ਵਿੱਚ ਲੋਕਾਂ ਦੀਆਂ ਭਾਵਨਾਵਾਂ ਅਕਸਰ ਰੋਸ, ਗ਼ੁੱਸੇ ਤੇ ਜੰਗ ਦੇ ਪਿਛਾਂਹਖਿੱਚੂ ਖਾਸੇ ਨੂੰ ਸਮਝਣ ਦਾ ਆਰੰਭ ਪ੍ਰਗਟ ਕਰਦੀਆਂ ਹਨ। ਇਹਨਾਂ ਭਾਵਨਾਵਾਂ ਨੂੰ ਵਰਤਣਾ ਸਾਰੇ ਸੋਸ਼ਲ–ਡੈਮੋਕਰੈਟਾਂ ਦਾ ਫਰਜ਼ ਹੈ। ਇਸ ਜਜ਼ਬੇ ਨਾਲ਼ ਚਲਾਈ ਜਾ ਰਹੀ ਕਿਸੇ ਵੀ ਲਹਿਰ ਵਿੱਚ ਤੇ ਕਿਸੇ ਵੀ ਮੁਜ਼ਾਹਰੇ ਵਿੱਚ ਉਹ ਸਭ ਤੋਂ ਵੱਧ ਪੁਰਜੋਸ਼ ਹਿੱਸਾ ਲੈਣਗੇ, ਪਰ ਉਹ ਇਸ ਵਿਚਾਰ ਨੂੰ ਮੰਨ ਕੇ ਲੋਕਾਂ ਨੂੰ ਧੋਖਾ ਨਹੀਂ ਦੇਣਗੇ ਕਿ ਬਿਨਾਂ ਅਲਹਾਕਾਂ ਦੇ, ਬਿਨਾਂ ਕੌਮਾਂ ਉੱਪਰ ਜਬਰ ਕੀਤੇ ਦੇ, ਬਿਨਾਂ ਲੁੱਟ ਦੇ, ਤੇ ਮੌਜੂਦਾ ਸਰਕਾਰਾਂ ਤੇ ਹਾਕਮ ਜਮਾਤਾਂ ਵਿਚਕਾਰ ਨਵੀਆਂ ਜੰਗਾਂ ਦੇ ਬੀਜ ਤੋਂ ਬਿਨਾਂ, ਇਨਕਲਾਬੀ ਲਹਿਰ ਦੀ ਗ਼ੈਰ–ਮੌਜੂਦਗੀ ਵਿੱਚ ਅਮਨ ਸੰਭਵ ਹੈ। ਲੋਕਾਂ ਨਾਲ਼ ਇਸ ਤਰ੍ਹਾਂ ਦੇ ਛਲ ਦਾ ਮਤਲਬ ਸਿਰਫ਼ ਜੰਗ–ਜੁਟੀਆਂ ਸਰਕਾਰਾਂ ਦੀ ਖੁਫੀਆ ਡਿਪਲੋਮੇਸੀ ਦੇ ਹੱਥਾਂ ਵਿੱਚ ਖੇਡਣਾ ਤੇ ਉਹਨਾਂ ਦੇ ਉਲਟ–ਇਨਕਲਾਬੀ ਮਨਸੂਬਿਆਂ ਵਿੱਚ ਸਹਾਈ ਹੋਣਾ ਹੋਵੇਗਾ। ਜਿਹੜਾ ਵੀ ਕੋਈ ਸਥਾਈ ਤੇ ਜਮਹੂਰੀ ਅਮਨ ਚਾਹੁੰਦਾ ਹੈ, ਉਸਨੂੰ ਸਰਕਾਰਾਂ ਤੇ ਬੁਰਜੂਆਜ਼ੀ ਦੇ ਖਿਲਾਫ ਘਰੇਲੂ ਜੰਗ ਦਾ ਸਮਰਥਨ ਕਰਨਾ ਚਾਹੀਦਾ ਹੈ।

## ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਬਾਰੇ

ਮੌਜੂਦਾ ਜੰਗ ਵਿੱਚ ਬੁਰਜੂਆਜ਼ੀ ਵਲੋਂ ਲੋਕਾਂ ਨੂੰ ਸਭ ਤੋਂ ਵੱਧ ਵਿਸ਼ਾਲ ਪੈਮਾਨੇ ਉੱਤੇ ਧੋਖਾ ਆਪਣੇ ਧਾੜਵੀਆਨਾ ਨਿਸ਼ਾਨਿਆਂ ਉੱਪਰ ਪਰਦਾ ਪਾਉਣ ਲਈ "ਕੌਮੀ ਆਜ਼ਾਦੀ" ਦੀ ਵਿਚਾਰਧਾਰਾ ਨੂੰ ਵਰਤ ਕੇ ਦਿੱਤਾ ਜਾ ਰਿਹਾ ਹੈ। ਬਰਤਾਨਵੀਆਂ ਨੇ ਬੈਲਜੀਅਮ ਨੂੰ ਆਜ਼ਾਦ ਕਰਾਉਣ ਦਾ, ਜਰਮਨਾਂ ਨੇ ਪੋਲੈਂਡ ਨੂੰ ਆਜ਼ਾਦ ਕਰਾਉਣ ਆਦਿ ਦਾ ਵਾਅਦਾ ਕੀਤਾ ਹੈ। ਅਸਲ ਵਿੱਚ, ਜਿਵੇਂ ਕਿ ਅਸੀਂ ਦੇਖਿਆ ਹੈ, ਇਹ ਜੰਗ ਦੁਨੀਆਂ ਦੀਆਂ ਬਹੁਤੀਆਂ

ਕੌਮਾਂ ਉੱਪਰ ਜਬਰ ਕਰਨ ਵਾਲ਼ਿਆਂ ਵੱਲੋਂ ਉਸ ਜਬਰ ਨੂੰ ਵਧਾਉਣ ਅਤੇ ਪਸਾਰਨ ਦੇ ਨਿਸ਼ਾਨੇ ਨਾਲ਼ ਲੜੀ ਜਾ ਰਹੀ ਹੈ।

ਕੌਮਾਂ ਉੱਪਰ ਹੁੰਦੇ ਸਾਰੇ ਜਬਰ ਦੇ ਖਿਲਾਫ਼ ਲੜੇ ਤੋਂ ਬਿਨਾਂ ਸਮਾਜਵਾਦੀ ਆਪਣਾ ਮਹਾਨ ਨਿਸ਼ਾਨਾ ਪ੍ਰਾਪਤ ਨਹੀਂ ਕਰ ਸਕਦੇ। ਇਸ ਲਈ ਉਹਨਾਂ ਨੂੰ ਸਪਸ਼ਟ ਤਰ੍ਹਾਂ ਨਾਲ਼ ਮੰਗ ਕਰਨੀ ਚਾਹੀਦੀ ਹੈ, ਕਿ **ਜਾਬਰ** ਕੌਮਾਂ ਦੀਆਂ (ਖਾਸ ਕਰਕੇ ਅਖਾਉਤੀ "ਵੱਡੀਆਂ" ਤਾਕਤਾਂ ਦੀਆਂ) ਸੋਸ਼ਲ-ਡੈਮੋਕਰੈਟਿਕ ਪਾਰਟੀਆਂ **ਦਬਾਈਆਂ ਹੋਈਆਂ** ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਨੂੰ ਮੰਨਣ ਅਤੇ ਇਸ ਲਈ ਘੋਲ਼ ਕਰਨ, ਖਾਸ ਕਰਕੇ ਇਸ ਸ਼ਬਦ ਦੇ ਰਾਜਨੀਤਕ ਅਰਥਾਂ ਵਿਚ, ਭਾਵ, ਰਾਜਸੀ ਤੌਰ ਉੱਤੇ ਅੱਡ ਹੋਣ ਦੇ ਹੱਕ ਨੂੰ। ਹਾਕਮ ਜਾਂ ਬਸਤੀਵਾਦੀ ਕੌਮਾਂ ਦਾ ਸਮਾਜਵਾਦੀ, ਜਿਹੜਾ ਇਸ ਹੱਕ ਦਾ ਸਮਰਥਨ ਨਹੀਂ ਕਰਦਾ, ਇੱਕ ਅੰਧਰਾਸ਼ਟਰਵਾਦੀ ਹੈ।

ਇਸ ਹੱਕ ਦਾ ਸਮਰਥਨ ਕਰਨਾ, ਨਿੱਕੇ ਨਿੱਕੇ ਰਾਜਾਂ ਦੀ ਕਾਇਮੀ ਦੀ ਹੌਸਲਾ-ਅਫ਼ਜ਼ਾਈ ਕਰਨੀ ਤਾਂ ਇੱਕ ਪਾਸੇ, ਸਗੋਂ ਇਸ ਦੇ ਉਲਟ, ਵੱਡੇ ਰਾਜਾਂ ਅਤੇ ਰਾਜਾਂ ਦੀਆਂ ਫੈਡਰੇਸ਼ਨਾਂ ਦੀ ਵਧੇਰੇ ਆਜ਼ਾਦ, ਨਿਡਰ ਅਤੇ ਇਸ ਲਈ ਵਧੇਰੇ ਵਿਸ਼ਾਲ ਅਤੇ ਵਧੇਰੇ ਸਰਬ-ਲੌਕਿਕ ਕਾਇਮੀ ਵੱਲ ਲੈ ਜਾਂਦਾ ਹੈ, ਜੋ ਕਿ ਲੋਕਾਂ ਲਈ ਵਧੇਰੇ ਲਾਭਕਾਰੀ ਅਤੇ ਆਰਥਕ ਵਿਕਾਸ ਨਾਲ਼ ਵਧੇਰੇ ਮੇਲ਼ ਖਾਂਦੀਆਂ ਹਨ।

ਆਪਣੇ ਤੌਰ ਉੱਤੇ, **ਦਬਾਈਆਂ ਹੋਈਆਂ** ਕੌਮਾਂ ਦੇ ਸਮਾਜਵਾਦੀਆਂ ਨੂੰ ਦਬਾਈਆਂ ਅਤੇ ਦਬਾਉਣ ਵਾਲ਼ੀਆਂ ਕੌਮੀਅਤਾਂ ਦੇ **ਮਜ਼ਦੂਰਾਂ** ਦੀ ਪੂਰਨ ਏਕਤਾ (ਸਮੇਤ ਜਥੇਬੰਦਕ ਏਕਤਾ ਦੇ) ਲਈ ਅਟੱਲ ਤੌਰ ਉੱਤੇ ਲੜਨਾ ਚਾਹੀਦਾ ਹੈ। ਇੱਕ ਕੌਮ ਦਾ ਦੂਜੀ ਕੌਮ ਤੋਂ ਕਨੂੰਨੀ ਤੌਰ ਉੱਤੇ ਵੱਖ ਹੋਣ ਦਾ ਵਿਚਾਰ (ਬਾਉਏਰ ਅਤੇ ਰੈਨਰ ਵੱਲੋਂ ਪ੍ਰਚਾਰੀ ਜਾਂਦੀ ਅਖਾਉਤੀ "ਸਭਿਆਚਾਰਕ-ਕੌਮੀ ਖੁਦਇਖਤਿਆਰੀ"[17]) ਪਿਛਾਂਹਖਿੱਚੂ ਹੈ।

ਸਾਮਰਾਜਵਾਦ ਮੁੱਠੀ ਭਰ "ਵੱਡੀਆਂ" ਤਾਕਤਾਂ ਵੱਲੋਂ ਦੁਨੀਆਂ ਦੀਆਂ ਕੌਮਾਂ ਉੱਪਰ ਲਗਾਤਾਰ ਵਧਦੇ ਜਬਰ ਦਾ ਦੌਰ ਹੈ; ਇਸ ਲਈ ਸਾਮਰਾਜਵਾਦ ਦੇ ਖਿਲਾਫ਼ ਸਮਾਜਵਾਦੀ ਕੌਮਾਂਤਰੀ ਇਨਕਲਾਬ ਲਈ ਲੜਨਾ ਅਸੰਭਵ ਹੈ ਜਿੰਨਾਂ ਚਿਰ ਤੱਕ ਕੌਮਾਂ ਦਾ ਆਤਮ-ਨਿਰਣੇ ਦਾ ਹੱਕ ਨਹੀਂ ਮੰਨਿਆ ਜਾਂਦਾ। "ਕੋਈ ਕੌਮ ਆਜ਼ਾਦ ਨਹੀਂ ਹੋ ਸਕਦੀ, ਜੇ ਇਹ ਦੂਜੀਆਂ ਕੌਮਾਂ ਨੂੰ ਦਬਾਉਂਦੀ ਹੈ ਤਾਂ" (ਮਾਰਕਸ ਅਤੇ ਏਂਗਲਜ਼)। ਜਿਹੜੇ ਪ੍ਰੋਲੇਤਾਰੀ "ਆਪਣੀ" ਕੌਮ ਵੱਲੋਂ ਦੂਜੀਆਂ ਕੌਮਾਂ ਉੱਪਰ ਜ਼ਰਾ ਵੀ ਜ਼ਬਰਦਸਤੀ ਨੂੰ ਬਰਦਾਸ਼ਤ ਕਰਦੇ ਹਨ, ਉਹ ਸਮਾਜਵਾਦੀ ਪ੍ਰੋਲੇਤਾਰੀ ਨਹੀਂ ਹੋ ਸਕਦੇ।

ਕਾਂਡ ਦੂਜਾ

# ਰੂਸ ਵਿੱਚ ਜਮਾਤਾਂ ਤੇ ਪਾਰਟੀਆਂ

## ਬੁਰਜੂਆਜ਼ੀ ਤੇ ਜੰਗ

ਇੱਕ ਪੱਖੋਂ ਰੂਸੀ ਸਰਕਾਰ ਆਪਣੇ ਯੂਰਪੀ ਸਹਿਯੋਗੀਆਂ ਤੋਂ ਪਿੱਛੇ ਨਹੀਂ ਰਹੀ; ਉਹਨਾਂ ਵਾਂਗ ਹੀ ਇਹ ਖੁਦ "ਆਪਣੇ" ਲੋਕਾਂ ਨੂੰ ਸ਼ਾਨਦਾਰ ਪੈਮਾਨੇ ਉੱਤੇ ਧੋਖਾ ਦੇਣ ਵਿੱਚ ਸਫ਼ਲ ਰਹੀ ਹੈ। ਲੋਕਾਂ ਨੂੰ ਅੰਧਰਾਸ਼ਟਰਵਾਦ ਦੀ ਲਾਗ ਲਾਉਣ ਲਈ ਤੇ ਇਹ ਪ੍ਰਭਾਵ ਪੈਦਾ ਕਰਨ ਲਈ, ਕਿ ਜ਼ਾਰਸ਼ਾਹੀ ਸਰਕਾਰ "ਨਿਆਈਂ" ਜੰਗ ਕਰ ਰਹੀ ਹੈ, ਤੇ ਬੇਗ਼ਰਜ਼ੀ ਨਾਲ਼ ਆਪਣੇ "ਸਲਾਵ ਭਰਾਵਾਂ" ਦੀ ਰਾਖੀ ਕਰ ਰਹੀ ਹੈ, ਝੂਠ ਤੇ ਮੱਕਾਰੀ ਦੀ ਧੜਵੈਲ ਤੇ ਸ਼ੈਤਾਨੀ ਮਸ਼ੀਨਰੀ ਅਮਲ ਵਿੱਚ ਲਿਆਂਦੀ ਗਈ ਹੈ।

ਭੂਮੀਪਤੀ ਜਮਾਤ ਤੇ ਵਪਾਰਕ ਤੇ ਸਨਅਤੀ ਬੁਰਜੂਆਜ਼ੀ ਦੇ ਉਪਰਲੇ ਤਬਕੇ ਨੇ ਜ਼ਾਰਸ਼ਾਹੀ ਸਰਕਾਰ ਦੀ ਜੰਗਬਾਜ਼ ਨੀਤੀ ਦੀ ਪੁਰਜੋਸ਼ ਹਿਮਾਇਤ ਕੀਤੀ ਹੈ। ਉਹ ਤੁਰਕ ਤੇ ਆਸਟਰੀਆਈ ਵਿਰਸੇ ਦੀ ਮੁੜ-ਵੰਡ ਤੋਂ ਬੇਹੱਦ ਪਦਾਰਥਕ ਲਾਭਾਂ ਤੇ ਵਿਸ਼ੇਸ਼ਾਧਿਕਾਰਾਂ ਦੀ ਠੀਕ ਹੀ ਆਸ ਰੱਖ ਰਹੇ ਹਨ। ਉਹਨਾਂ ਦੀਆਂ ਕਈ ਕਾਂਗਰਸਾਂ ਉਹਨਾਂ ਮੁਨਾਫ਼ਿਆਂ ਦੀ ਉਮੀਦ ਜ਼ਾਹਰ ਕਰ ਚੁੱਕੀਆਂ ਹਨ, ਜਿਹੜੇ ਉਹਨਾਂ ਦੀਆਂ ਜੇਬਾਂ ਵਿੱਚ ਪੈਣਗੇ ਜੇ ਜ਼ਾਰਸ਼ਾਹੀ ਫ਼ੌਜਾਂ ਜੇਤੂ ਰਹਿੰਦੀਆਂ ਹਨ ਤਾਂ। ਇਸ ਤੋਂ ਛੁੱਟ, ਪਿਛਾਂਹਖਿੱਚੂ ਚੰਗੀ ਤਰਾਂ ਜਾਣਦੇ ਹਨ ਕਿ ਜੇ ਕੋਈ ਚੀਜ਼ ਰੋਮਾਨੋਵ ਤਾਜਸ਼ਾਹੀ ਦੇ ਢਹਿ-ਢੇਰੀ ਹੋਣ ਨੂੰ ਟਾਲ਼ ਸਕਦੀ ਤੇ ਰੂਸ ਵਿੱਚ ਨਵੇਂ ਇਨਕਲਾਬ ਨੂੰ ਪਿੱਛੇ ਪਾ ਸਕਦੀ, ਤਾਂ ਉਹ ਹੈ ਸਿਰਫ਼ ਵਿਦੇਸ਼ੀ ਜੰਗ ਜਿਹੜੀ ਜ਼ਾਰ ਲਈ ਜਿੱਤ ਨਾਲ਼ ਖਤਮ ਹੋਵੇ।

ਸ਼ਹਿਰੀ "ਵਿਚਲੀ" ਬੁਰਜੂਆਜ਼ੀ ਦੇ, ਬੁਰਜੂਆ ਬੁੱਧੀਜੀਵੀਆਂ, ਪੇਸ਼ਾਵਰ ਲੋਕਾਂ ਆਦਿ ਦੇ ਵਿਸ਼ਾਲ ਤਬਕਿਆਂ ਨੂੰ ਵੀ ਅੰਧਰਾਸ਼ਟਰਵਾਦ ਦੀ ਲਾਗ ਲੱਗ ਗਈ ਹੈ—ਜੰਗ ਦੇ ਬਿਲਕੁਲ ਸ਼ੁਰੂ ਤੋਂ ਹੀ। ਕੈਡਿਟਾਂ[18] —ਰੂਸੀ ਉਦਾਰਵਾਦੀ ਬੁਰਜੂਆਜ਼ੀ ਦੀ ਪਾਰਟੀ—ਨੇ ਜ਼ਾਰ ਦੀ ਸਰਕਾਰ ਨੂੰ ਪੂਰੀ ਤੇ ਬਿਨਾਂ ਸ਼ਰਤ ਹਮਾਇਤ ਦਿੱਤੀ ਹੈ। ਵਿਦੇਸ਼ ਨੀਤੀ ਦੇ ਖੇਤਰ ਵਿੱਚ, ਕੈਡਿਟ ਮੁਦਤਾਂ ਤੋਂ ਸਰਕਾਰੀ ਪਾਰਟੀ ਬਣੇ ਹੋਏ ਹਨ। ਪਾਨ-ਸਲਾਵਵਾਦ,[19] ਜਿਸਦੀ ਸਹਾਇਤਾ ਨਾਲ਼ ਜ਼ਾਰਸ਼ਾਹੀ ਡਿਪਲੋਮੇਸੀ ਨੇ ਕਈ ਵਾਰੀ ਆਪਣੀਆਂ ਸ਼ਾਨਦਾਰ ਸਿਆਸੀ ਧੋਖੇਬਾਜ਼ੀਆਂ ਨੇਪਰੇ ਚੜ੍ਹਾਈਆਂ ਹਨ, ਕੈਡਿਟਾਂ ਦੀ ਅਧਿਕਾਰਿਤ ਵਿਚਾਰਧਾਰਾ ਬਣ ਗਈ ਹੈ। ਰੂਸੀ ਉਦਾਰਵਾਦ ਨਿੱਘਰ ਕੇ **ਕੌਮੀ** ਉਦਾਰਵਾਦ ਬਣ ਚੁੱਕਾ ਹੈ। ਇਹ "ਦੇਸ਼ਭਗਤੀ" ਵਿੱਚ ਕਾਲ਼ੇ ਸੌਆਂ[20] ਨਾਲ਼ ਬਿਦ ਰਿਹਾ ਹੈ; ਇਹ ਹਮੇਸ਼ਾ ਹੀ ਜ਼ਮੀਨ ਉਤੇ ਸਾਗਰ ਆਦਿ ਉੱਤੇ ਸੈਨਾਵਾਦ ਦੇ ਹੱਕ ਵਿੱਚ ਖੁਸ਼ੀ ਖੁਸ਼ੀ ਵੋਟਾਂ ਪਾਉਂਦਾ ਰਿਹਾ ਹੈ। ਰੂਸੀ ਉਦਾਰਵਾਦ ਦੇ ਧੜੇ ਵਿੱਚ ਲਗਭਗ ਉਹੀ ਚੀਜ਼ ਦੇਖਣ ਵਿੱਚ ਆਉਂਦੀ ਹੈ, ਜਿਹੜੀ ਪਿਛਲੀ ਸਦੀ ਦੇ 70-ਵਿਆਂ ਵਿੱਚ ਜਰਮਨੀ ਵਿੱਚ ਦੇਖਣ ਵਿੱਚ ਆਉਂਦੀ ਸੀ, ਜਦੋਂ "ਆਜ਼ਾਦ ਸੋਚਣੀ ਵਾਲ਼ੇ"

ਉਦਾਰਵਾਦ ਦਾ ਪਤਣ ਹੋ ਗਿਆ ਤੇ ਇਸ ਵਿੱਚੋਂ ਕੌਮੀ-ਉਦਾਰਵਾਦੀ ਪਾਰਟੀ ਪੈਦਾ ਹੋ ਗਈ। ਰੂਸੀ ਉਦਾਰਵਾਦੀ ਬੁਰਜੂਆਜ਼ੀ ਨੇ ਨਿਸ਼ਚਿਤ ਤੌਰ ਉੱਤੇ ਉਲ਼ਟ-ਇਨਕਲਾਬ ਦਾ ਰਾਹ ਲੈ ਲਿਆ ਹੈ। ਇਸ ਸਵਾਲ ਬਾਰੇ ਰੂ. ਸੋ. ਡੈ. ਲੇ. ਪਾ. ਦੇ ਦ੍ਰਿਸ਼ਟੀਕੋਣ ਦੀ ਪੂਰੀ ਤਰ੍ਹਾਂ ਪੁਸ਼ਟੀ ਹੋਈ ਹੈ। ਤੱਥਾਂ ਨੇ ਸਾਡੇ ਮੌਕਾਪ੍ਰਸਤਾਂ ਦੇ ਵਿਚਾਰ ਨੂੰ ਚਕਨਾਚੂਰ ਕਰ ਦਿੱਤਾ ਹੈ ਕਿ ਰੂਸੀ ਉਦਾਰਵਾਦ ਅਜੇ ਵੀ ਰੂਸ ਵਿੱਚ ਇਨਕਲਾਬ ਦੀ ਚਾਲਕ ਸ਼ਕਤੀ ਹੈ।

ਬੁਰਜੂਆ ਪ੍ਰੈਸ, ਪਾਦਰੀਆਂ, ਆਦਿ ਦੀ ਸਹਾਇਤਾ ਨਾਲ਼ ਹਾਕਮ ਜੁੰਡੀ ਕਿਸਾਨੀ ਵਿਚਕਾਰ ਅੰਧਰਾਸ਼ਟਰਵਾਦੀ ਜਜ਼ਬੇ ਪੈਦਾ ਕਰਨ ਵਿੱਚ ਵੀ ਸਫਲ ਹੋ ਗਈ ਹੈ। ਪਰ ਕਤਲਗਾਹ ਤੋਂ ਸਿਪਾਹੀਆਂ ਦੇ ਮੁੜਣ ਨਾਲ਼ ਪੇਂਡੂ ਇਲਾਕਿਆਂ ਵਿੱਚ ਜਜ਼ਬੇ ਨਿਰਸੰਦੇਹ ਜ਼ਾਰਸ਼ਾਹੀ ਤਾਜਦਾਰੀ ਦੇ ਖਿਲਾਫ਼ ਹੋ ਜਾਣਗੇ। ਬੁਰਜੂਆ-ਜਮਹੂਰੀ ਪਾਰਟੀਆਂ, ਜਿਹੜੀਆਂ ਕਿਸਾਨੀ ਨਾਲ਼ ਸੰਪਰਕ ਵਿੱਚ ਆਉਂਦੀਆਂ ਹਨ, ਅੰਧਰਾਸ਼ਟਰਵਾਦੀ ਲਹਿਰ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਰਹੀਆਂ ਹਨ। ਰਾਜ ਦੂਮਾ[21] ਵਿੱਚ ਤਰੂਦੋਵਿਕ ਪਾਰਟੀ[22] ਨੇ ਜੰਗੀ ਕਰਜ਼ਿਆਂ ਦੇ ਹੱਕ ਵਿੱਚ ਵੋਟ ਪਾਉਣ ਤੋਂ ਇਨਕਾਰ ਕਰ ਦਿੱਤਾ, ਪਰ ਆਪਣੇ ਆਗੂ ਕੇਰੇਂਸਕੀ ਰਾਹੀਂ ਇਸਨੇ ਇੱਕ "ਦੇਸ਼ਭਗਤਕ" ਐਲਾਨ ਕੀਤਾ, ਜਿਹੜਾ ਤਾਜਦਾਰੀ ਦੇ ਹੱਥਾਂ ਵਿੱਚ ਖੇਡਦਾ ਸੀ। ਆਮ ਕਰਕੇ, ਸਾਰੀ ਕਨੂੰਨੀ ਤੌਰ ਉੱਤੇ ਪ੍ਰਕਾਸ਼ਤ ਹੁੰਦੀ "ਨਰੋਦਨਿਕ" ਪ੍ਰੈਸ ਨੇ ਉਦਾਰਵਾਦੀਆਂ ਦੀ ਅਗਵਾਈ ਲਈ। ਇਥੋਂ ਤੱਕ ਕਿ ਬੁਰਜੂਆ ਜਮਹੂਰੀਅਤ ਦਾ ਖੱਬਾ ਧੜਾ—ਅਖਾਉਤੀ ਸਮਾਜਵਾਦੀ-ਇਨਕਲਾਬੀ ਪਾਰਟੀ[23], ਜਿਹੜੀ ਕੌਮਾਂਤਰੀ ਸਮਾਜਵਾਦੀ ਬਿਊਰੋ[24] ਨਾਲ਼ ਜੁੜੀ ਹੋਈ ਹੈ—ਉਸ ਰੌਂਅ ਦੇ ਨਾਲ਼ ਵਹਿ ਰਹੀ ਹੈ। ਕੌਮਾਂਤਰੀ ਸਮਾਜਵਾਦੀ ਬਿਊਰੋ ਵਿੱਚ ਇਸ ਪਾਰਟੀ ਦਾ ਪ੍ਰਤਿਨਿੱਧ ਸ਼੍ਰੀ ਰੂਬਾਨੋਵਿਚ ਆਪੇ-ਮੰਨੇਂ ਸਮਾਜਕ-ਅੰਧਰਾਸ਼ਟਰਵਾਦੀ ਵਜੋਂ ਨਿੱਤਰਿਆ ਹੈ। ਇਤਿਹਾਦੀ ਦੇਸ਼ਾਂ ਦੇ ਸਮਾਜਵਾਦੀਆਂ ਦੀ ਲੰਡਨ ਕਾਨਫਰੰਸ[25] ਵਿੱਚ ਇਸ ਪਾਰਟੀ ਦੇ ਡੈਲੀਗੇਟਾਂ ਦੀ ਅੱਧੀ ਗਿਣਤੀ ਨੇ ਅੰਧਰਾਸ਼ਟਰਵਾਦੀ ਮਤੇ ਦੇ ਹੱਕ ਵਿੱਚ ਵੋਟ ਪਾਏ (ਜਦ ਕਿ ਬਾਕੀ ਅੱਧਿਆਂ ਨੇ ਵੋਟ ਹੀ ਨਾ ਪਾਏ)। ਸਮਾਜਵਾਦੀ-ਇਨਕਲਾਬੀਆਂ ਦੀ ਗ਼ੈਰ-ਕਨੂੰਨੀ ਤੌਰ ਉੱਤੇ ਪ੍ਰਕਾਸ਼ਤ ਹੁੰਦੀ ਪ੍ਰੈਸ (ਅਖ਼ਬਾਰ "ਨੋਵੋਸਤੀ"[26] ਆਦਿ) ਵਿੱਚ ਅੰਧਰਾਸ਼ਟਰਵਾਦੀ ਗ਼ਾਲਬ ਹਨ। "ਬੁਰਜੂਆ ਹਲਕਿਆਂ" ਦੇ ਇਨਕਲਾਬੀ, ਭਾਵ, ਬੁਰਜੂਆ ਇਨਕਲਾਬੀ ਜਿਹੜੇ ਮਜ਼ਦੂਰ ਜਮਾਤ ਨਾਲ਼ ਸਬੰਧ ਰੱਖਦੇ ਹਨ, ਇਸ ਜੰਗ ਵਿੱਚ ਅੰਨ੍ਹੇ ਸਿਰੇ ਉੱਤੇ ਪੁੱਜ ਗਏ ਹਨ। ਕਰੋਪੋਤਕਿਨ, ਬੂਰਤਸੇਵ ਤੇ ਰੂਬਾਨੋਵਿਚ ਦੀ ਮਾੜੀ ਹੋਣੀ ਬੇਹੱਦ ਸੂਚਕ ਹੈ।

## ਮਜ਼ਦੂਰ ਜਮਾਤ ਤੇ ਜੰਗ

ਰੂਸ ਵਿੱਚ ਪ੍ਰੋਲਤਾਰੀ ਜਮਾਤ ਇੱਕੋ ਇੱਕ ਐਸੀ ਜਮਾਤ ਹੈ, ਜਿਸ ਨੂੰ ਕੋਈ ਵੀ ਅੰਧਰਾਸ਼ਟਰਵਾਦ ਦੀ ਲਾਗ ਨਹੀਂ ਲਾ ਸਕਿਆ। ਜੰਗ ਦੇ ਪਹਿਲੇ ਦਿਨਾਂ ਵਿੱਚ ਵਾਪਰੀਆਂ ਕੁੱਝ ਜ਼ਿਆਦਤੀਆਂ ਵਿੱਚ ਮਜ਼ਦੂਰਾਂ ਦੇ ਸਭ ਤੋਂ ਵੱਧ ਅਗਿਆਨੀ ਤਬਕੇ ਹੀ ਸ਼ਾਮਲ ਹੋਏ। ਮਾਸਕੋ ਦੇ ਜਰਮਨ-ਵਿਰੋਧੀ ਫਸਾਦਾਂ ਵਿੱਚ ਮਜ਼ਦੂਰਾਂ ਵਲੋਂ ਲਏ ਗਏ ਹਿੱਸੇ ਨੂੰ ਬਹੁਤ ਵਧਾਅ-

ਚੜ੍ਹਾਅ ਕੇ ਦੱਸਿਆ ਗਿਆ ਹੈ। ਵਧੇਰੇ ਕਰ ਕੇ, ਰੂਸ ਦੀ ਮਜ਼ਦੂਰ ਜਮਾਤ ਅੰਧਰਾਸ਼ਟਰਵਾਦ ਤੋਂ ਬੇਅਸਰ ਸਿੱਧ ਹੋਈ ਹੈ।

ਇਸਦਾ ਕਾਰਨ ਦੇਸ਼ ਵਿਚਲੀ ਇਨਕਲਾਬੀ ਹਾਲਤ ਵਿੱਚ ਤੇ ਰੂਸੀ ਪ੍ਰੋਲੇਤਾਰੀਆਂ ਦੇ ਜੀਵਨ ਦੀਆਂ ਆਮ ਹਾਲਤਾਂ ਵਿੱਚ ਮਿਲ਼ਦਾ ਹੈ।

1912-14 ਵਿੱਚ ਰੂਸ ਵਿੱਚ ਇੱਕ ਮਹਾਨ ਨਵਾਂ ਇਨਕਲਾਬੀ ਉਭਾਰ ਸ਼ੁਰੂ ਹੋਇਆ। ਅਸੀਂ ਫਿਰ ਮਹਾਨ ਹੜਤਾਲ ਲਹਿਰ ਦੇਖੀ, ਜਿਸ ਤਰ੍ਹਾਂ ਦੀ ਦੁਨੀਆਂ ਵਿੱਚ ਕਦੀ ਨਹੀਂ ਦੇਖਣ ਵਿੱਚ ਆਈ। 1913 ਦੀ ਵਿਸ਼ਾਲ ਇਨਕਲਾਬੀ ਹੜਤਾਲ ਵਿੱਚ ਸ਼ਾਮਲ ਲੋਕਾਂ ਦੀ ਗਿਣਤੀ, ਘੱਟ ਤੋਂ ਘੱਟ ਅੰਦਾਜ਼ਾ ਲਾਇਆਂ ਵੀ, 15 ਲੱਖ ਸੀ ਤੇ 1914 ਵਿੱਚ ਇਹ ਗਿਣਤੀ ਵਧ ਕੇ ਵੀਹ ਲੱਖ ਤੋਂ ਜ਼ਿਆਦਾ ਹੋ ਗਈ ਤੇ 1905 ਦੀ ਪੱਧਰ ਤੱਕ ਪੁੱਜ ਗਈ। ਜੰਗ ਤੋਂ ਐਨ ਪਹਿਲਾਂ, ਸੇਂਟ ਪੀਟਰਜ਼ਬਰਗ ਵਿੱਚ ਪਹਿਲਿਆਂ ਮੋਰਚਿਆਂ ਉੱਪਰ ਲੜਾਈਆਂ ਹੋਈਆਂ।

ਰੂਪੋਸ਼ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਨੇ ਇੰਟਰਨੈਸ਼ਨਲ ਵੱਲ ਆਪਣਾ ਫਰਜ਼ ਅਦਾ ਕਰ ਦਿੱਤਾ ਹੈ। ਕੌਮਾਂਤਰੀਵਾਦ ਦਾ ਝੰਡਾ ਇਸਦੇ ਹੱਥੋਂ ਤਿਲ੍ਹਕਿਆ ਨਹੀਂ। ਸਾਡੀ ਪਾਰਟੀ ਨੇ ਮੌਕਾਪ੍ਰਸਤ ਗਰੁੱਪਾਂ ਤੇ ਅਨਸਰਾਂ ਨਾਲ਼ੋਂ ਸਾਰੇ ਜੱਥੇਬੰਦਕ ਸਬੰਧ ਮੁਦਤਾਂ ਦੇ ਤੋੜ ਲਏ ਹੋਏ ਹਨ। ਮੌਕਾਪ੍ਰਸਤੀ ਦੀਆਂ ਤੇ "ਹਰ ਕੀਮਤ ਉੱਤੇ ਕਨੂੰਨਵਾਦ" ਦੀਆਂ ਜ਼ੰਜੀਰਾਂ ਨੇ ਇਸਦੇ ਪੈਰਾਂ ਨੂੰ ਨਹੀਂ ਸੀ ਜਕੜਿਆ ਹੋਇਆ, ਤੇ ਇਸ ਗੱਲ ਨੇ ਇਸਦੀ ਆਪਣਾ ਇਨਕਲਾਬੀ ਫਰਜ਼ ਅਦਾ ਕਰਨ ਵਿੱਚ ਸਹਾਇਤਾ ਕੀਤੀ—ਜਿਸ ਤਰ੍ਹਾਂ ਬਿਸੋਲਾਤੀ ਦੀ ਮੌਕਾਪ੍ਰਸਤ ਪਾਰਟੀ ਨਾਲ਼ੋਂ ਟੁੱਟਣ ਨੇ ਇਟਲੀ ਦੇ ਸਾਥੀਆਂ ਦੀ ਮਦਦ ਕੀਤੀ।

ਸਾਡੇ ਦੇਸ਼ ਅੰਦਰਲੀ ਆਮ ਹਾਲਤ ਮਜ਼ਦੂਰਾਂ ਦੇ ਜਨਸਮੂਹਾਂ ਵਿਚਕਾਰ "ਸਮਾਜਵਾਦੀ" ਮੌਕਾਪ੍ਰਸਤੀ ਦੀ ਪ੍ਰਫੁੱਲਤਾ ਲਈ ਸੁਖਾਵੀਂ ਨਹੀਂ। ਰੂਸ ਵਿੱਚ ਬੁੱਧੀਜੀਵੀਆਂ, ਪੈਟੀ ਬੁਰਜੂਆਜ਼ੀ ਆਦਿ ਵਿਚਕਾਰ ਸਾਨੂੰ ਮੌਕਾਪ੍ਰਸਤੀ ਤੇ ਸੁਧਾਰਵਾਦ ਦੀਆਂ ਕਈ ਵੰਨਗੀਆਂ ਦੇਖਣ ਨੂੰ ਮਿਲ਼ਦੀਆਂ ਹਨ, ਪਰ ਮਜ਼ਦੂਰਾਂ ਦੇ ਰਾਜਸੀ ਤੌਰ ਉੱਤੇ ਸਰਗਰਮ ਹਿੱਸਿਆਂ ਦੀ ਨਿਗੂਣੀ ਜਿਹੀ ਘੱਟ-ਗਿਣਤੀ ਉੱਪਰ ਹੀ ਇਸਦਾ ਅਸਰ ਹੋਇਆ ਹੈ। ਫੈਕਟਰੀ ਮਜ਼ਦੂਰਾਂ ਤੇ ਕਲਰਕਾਂ ਦਾ ਵਿਸ਼ੇਸ਼ ਅਧਿਕਾਰ ਰੱਖਦਾ ਤਬਕਾ ਸਾਡੇ ਦੇਸ਼ ਵਿੱਚ ਬੜਾ ਥੋੜ੍ਹਾ ਹੈ। ਕਨੂੰਨੀਅਤ ਦੀ ਅੰਨ੍ਹੀਂ ਪੂਜਾ ਇੱਥੇ ਪ੍ਰਗਟ ਨਹੀਂ ਸੀ ਹੋ ਸਕਦੀ। ਜੰਗ ਤੋਂ ਪਹਿਲਾਂ ਖਾਤਮੇਵਾਦੀਆਂ[27] (ਅਕਸਲਰੋਦ, ਪੋਤਰੇਸੋਵ, ਚੇਰੇਵਾਨਿਨ, ਮਾਸਲੋਵ ਆਦਿ ਦੀ ਅਗਵਾਈ ਹੇਠਲੇ ਮੌਕਾਪ੍ਰਸਤਾਂ ਦੀ ਪਾਰਟੀ) ਨੂੰ ਮਜ਼ਦੂਰਾਂ ਦੇ ਜਨਸਮੂਹਾਂ ਵਿੱਚ ਕੋਈ ਗੰਭੀਰ ਹਿਮਾਇਤ ਨਹੀਂ ਸੀ ਮਿਲ਼ੀ। ਚੌਥੀ ਦੂਮਾ ਦੀਆਂ ਚੋਣਾਂ ਦੇ ਸਿੱਟੇ ਵਜੋਂ ਮਜ਼ਦੂਰ ਜਮਾਤ ਦੇ ਖਾਤਮੇਵਾਦ-ਵਿਰੋਧੀ **ਛੇ ਦੇ ਛੇ** ਉਮੀਦਵਾਰ ਚੁਣੇ ਗਏ। ਪੀਤਰੋਗਰਾਦ ਤੇ ਮਾਸਕੋ ਵਿੱਚ ਕਨੂੰਨੀ ਤੌਰ ਉੱਤੇ ਪ੍ਰਕਾਸ਼ਤ ਹੁੰਦੇ ਅਖ਼ਬਾਰਾਂ ਦੀ ਵਿਕਰੀ ਤੇ ਇਹਨਾਂ ਲਈ ਇਕੱਠੇ ਹੋਏ ਫੰਡਾਂ ਨੇ ਬਿਨਾਂ ਕਿਸੇ ਗੁੰਜਾਇਸ਼ ਦੇ ਸਾਬਤ ਕਰ ਦਿੱਤਾ ਹੈ ਕਿ ਜਮਾਤੀ ਚੇਤੰਨਤਾ ਵਾਲ਼ੇ ਮਜ਼ਦੂਰਾਂ ਦਾ 4/5 ਹਿੱਸਾ ਮੌਕਾਪ੍ਰਸਤੀ ਤੇ ਖਾਤਮੇਵਾਦ ਦੇ ਖਿਲਾਫ਼ ਹਨ।

ਜੰਗ ਦੇ ਸ਼ੁਰੂ ਹੋਣ ਤੋਂ ਲੈ ਕੇ, ਜ਼ਾਰ ਦੀ ਸਰਕਾਰ ਨੇ ਹਜ਼ਾਰ-ਹਾ ਉੱਨਤ ਕਾਮਿਆਂ ਨੂੰ, ਸਾਡੀ ਰੂਪੋਸ਼ ਰੂ. ਸੋ. ਡੈ. ਲੇ. ਪਾ. ਦੇ ਮੈਂਬਰਾਂ ਨੂੰ ਗ੍ਰਿਫਤਾਰ ਤੇ ਜਲਾਵਤਨ ਕੀਤਾ ਹੈ। ਇਸ ਗੱਲ ਨੇ, ਦੇਸ਼ ਵਿੱਚ ਮਾਰਸ਼ਲ-ਲਾਅ ਲਾਗੂ ਹੋਣ, ਅਖ਼ਬਾਰਾਂ ਨੂੰ ਦਬਾਉਣ ਆਦਿ ਨਾਲ ਮਿਲ ਕੇ ਲਹਿਰ ਨੂੰ ਧੀਮਿਆਂ ਕਰ ਦਿੱਤਾ ਹੈ। ਪਰ ਇਸ ਸਭ ਕੁੱਝ ਦੇ ਬਾਵਜੂਦ, ਸਾਡੀ ਪਾਰਟੀ ਆਪਣੀਆਂ ਰੂਪੋਸ਼ ਇਨਕਲਾਬੀ ਸਰਗਰਮੀਆਂ ਜਾਰੀ ਰੱਖ ਰਹੀ ਹੈ। ਪੀਤਰੋਗਰਾਦ ਵਿੱਚ, ਸਾਡੀ ਪਾਰਟੀ ਰੂਪੋਸ਼ ਅਖ਼ਬਾਰ "ਪ੍ਰੋਲੇਤਾਰਸਕੀ ਗੋਲੋਸ"[28] ਪ੍ਰਕਾਸ਼ਤ ਕਰ ਰਹੀ ਹੈ।

ਵਿਦੇਸ਼ ਵਿੱਚ ਪ੍ਰਕਾਸ਼ਤ ਹੁੰਦੇ ਕੇਂਦਰੀ ਅਖ਼ਬਾਰ "ਸੋਸਤੀਅਲ-ਦਿਮੋਕਰਾਤ"[29] ਵਿੱਚੋਂ ਲੇਖ ਪੀਤਰੋਗਰਾਦ ਵਿੱਚ ਮੁੜ ਛਾਪੇ ਜਾਂਦੇ ਹਨ ਤੇ ਬਾਕੀ ਸਾਰੇ ਦੇਸ਼ ਵਿੱਚ ਭੇਜੇ ਜਾਂਦੇ ਹਨ। ਫੌਜੀ ਬਾਰਕਾਂ ਵਿੱਚ ਵੀ ਦੁਵਰਕੀਆਂ ਖੁਫ਼ੀਆ ਤੌਰ ਉੱਤੇ ਛਾਪੀਆਂ ਜਾਂਦੀਆਂ ਹਨ ਤੇ ਫੇਰੀਆਂ ਜਾਂਦੀਆਂ ਹਨ। ਸ਼ਹਿਰ ਤੋਂ ਬਾਹਰ ਕੁੱਝ ਨਿਵੇਕਲੀਆਂ ਥਾਵਾਂ ਉੱਤੇ, ਮਜ਼ਦੂਰਾਂ ਦੀਆਂ ਖੁਫ਼ੀਆਂ ਮੀਟਿੰਗਾਂ ਹੁੰਦੀਆਂ ਹਨ। ਪਿਛਲੇ ਕੁੱਝ ਸਮੇਂ ਤੋਂ, ਪੀਤਰੋਗਰਾਦ ਵਿੱਚ ਧਾਤ-ਕਾਮਿਆਂ ਦੀਆਂ ਭਾਰੀ ਹੜਤਾਲਾਂ ਸ਼ੁਰੂ ਹੋ ਗਈਆਂ ਹਨ। ਇਹਨਾਂ ਹੜਤਾਲਾਂ ਦੇ ਸਬੰਧ ਵਿੱਚ, ਸਾਡੀ ਪੀਤਰੋਗਰਾਦ ਕਮੇਟੀ ਨੇ ਮਜ਼ਦੂਰਾਂ ਦੇ ਨਾਂ ਕਈ ਅਪੀਲਾਂ ਜਾਰੀ ਕੀਤੀਆਂ ਹਨ।

## ਰਾਜ ਦੂਮਾ ਵਿੱਚ
## ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਗਰੁੱਪ ਤੇ ਜੰਗ

1913 ਵਿੱਚ ਰਾਜ ਦੂਮਾ ਵਿਚਲੇ ਸੋਸ਼ਲ-ਡੈਮੋਕਰੈਟਿਕ ਡਿਪਟੀਆਂ ਵਿੱਚ ਦੁਫੇੜ ਪੈ ਗਈ। ਇੱਕ ਪਾਸੇ ਚਖੇਈਦਜ਼ੇ ਦੀ ਅਗਵਾਈ ਹੇਠ ਮੌਕਾਪ੍ਰਸਤੀ ਦੇ ਸੱਤ ਹਿਮਾਇਤੀ ਸਨ, ਉਹ ਸੱਤ ਗ਼ੈਰ-ਪ੍ਰੋਲੇਤਾਰੀ ਗੂਬੇਰਨੀਆਂ ਤੋਂ ਚੁਣੇ ਗਏ ਸਨ, ਜਿੱਥੇ ਮਜ਼ਦੂਰਾਂ ਦੀ ਕੁੱਲ ਗਿਣਤੀ ਦੋ ਲੱਖ 14 ਹਜ਼ਾਰ ਸੀ। ਦੂਜੇ ਪਾਸੇ ਛੇ ਡਿਪਟੀ ਸਨ, **ਸਾਰੇ ਦੇ ਸਾਰੇ** ਮਜ਼ਦੂਰ ਤਬਕੇ ਵਿੱਚੋਂ, ਰੂਸ ਵਿਚਲੇ ਅਤਿ ਦੇ ਸਨਅਤੀ ਕੇਂਦਰਾਂ ਤੋਂ ਚੁਣੇ ਗਏ, ਜਿਨ੍ਹਾਂ ਵਿੱਚ ਮਜ਼ਦੂਰਾਂ ਦੀ ਗਿਣਤੀ ਦੱਸ ਲੱਖ ਅੱਠ ਹਜ਼ਾਰ ਸੀ।

ਦੁਫੇੜ ਦਾ ਮੁੱਖ ਕਾਰਨ ਇਨਕਲਾਬੀ ਮਾਰਕਸਵਾਦ ਦੇ ਦਾਅਪੇਚਾਂ ਤੇ ਮੌਕਾਪ੍ਰਸਤ ਸੁਧਾਰਵਾਦ ਦੇ ਦਾਅਪੇਚਾਂ ਵਿਚੋਂ **ਚੋਣ** ਕਰਨ ਦਾ ਸਵਾਲ ਸੀ। ਅਮਲ ਵਿੱਚ, ਇਹ ਮਤਭੇਦ ਲੋਕਾਂ ਵਿੱਚ ਪਾਰਲੀਮੈਂਟ **ਤੋਂ ਬਾਹਰ** ਕੰਮ ਦੇ ਖੇਤਰ ਵਿੱਚ ਮੁੱਖ ਤੌਰ ਉੱਤੇ ਪ੍ਰਗਟ ਹੋਏ। ਰੂਸ ਵਿੱਚ ਇਹ ਕੰਮ ਖੁਫੀਆ ਤੌਰ ਉੱਤੇ ਕੀਤਾ ਜਾਣਾ ਜ਼ਰੂਰੀ ਸੀ, ਜੇ ਇਸਨੂੰ ਕਰਨ ਵਾਲ਼ੇ ਇਨਕਲਾਬੀ ਆਧਾਰ ਉੱਤੇ ਰਹਿਣਾ ਚਾਹੁੰਦੇ ਸਨ। ਚਖੇਈਦਜ਼ੇ ਗਰੁੱਪ ਖਾਤਮੇਵਾਦੀਆਂ ਦਾ (ਜਿਹੜੇ ਰੂਪੋਸ਼ ਕੰਮ ਨੂੰ ਰੱਦਦੇ ਸਨ) ਵਫ਼ਾਦਾਰ ਸੰਗੀ ਰਿਹਾ ਤੇ ਮਜ਼ਦੂਰਾਂ ਨਾਲ਼ ਸਾਰੀਆਂ ਗੱਲਾਂਬਾਤਾਂ ਵਿੱਚ ਤੇ ਸਾਰੀਆਂ ਮੀਟਿੰਗਾਂ ਵਿੱਚ ਉਹਨਾਂ ਦਾ ਸਮਰਥਨ ਕਰਦਾ ਸੀ। ਇਸ ਲਈ ਦੁਫੇੜ ਪੈ ਗਈ। ਛੇ ਡਿਪਟੀਆਂ ਨੇ ਰੂ. ਸੋ. ਡੈ. ਲੇ. ਦੂਮਾ ਗਰੁੱਪ ਬਣਾ ਲਿਆ, ਜਿਸਨੂੰ, ਜਿਵੇਂ ਕਿ ਇੱਕ ਸਾਲ ਦੇ ਕੰਮ ਨੇ ਨਿਸ਼ਚਿਤ ਤੌਰ ਉੱਤੇ ਦਿਖਾ ਦਿੱਤਾ ਹੈ, ਰੂਸੀ ਮਜ਼ਦੂਰਾਂ ਦੀ

ਵਿਸ਼ਾਲ ਬਹੁ-ਗਿਣਤੀ ਦੀ ਹਿਮਾਇਤ ਪ੍ਰਾਪਤ ਹੈ।

ਜੰਗ ਛਿੜਣ ਵੇਲੇ, ਮਤਭੇਦ ਉੱਘੜ ਕੇ ਸਾਮ੍ਹਣੇ ਆ ਗਏ ਸਨ। ਚਖੇਈਦਜ਼ੇ ਗਰੁੱਪ ਨੇ ਆਪਣੇ ਆਪ ਨੂੰ ਪਾਰਲੀਮੈਂਟਰੀ ਕਾਰਵਾਈ ਤੱਕ ਸੀਮਤ ਰੱਖਿਆ। ਇਸਨੇ ਜੰਗੀ ਕਰਜ਼ਿਆਂ ਦੇ ਹੱਕ ਵਿੱਚ ਵੋਟਾਂ ਨਾ ਪਾਈਆਂ, ਕਿਉਂਕਿ ਇਸ ਨਾਲ਼ ਮਜ਼ਦੂਰਾਂ ਵਿਚਕਾਰ ਰੋਹ ਦਾ ਤੂਫਾਨ ਉੱਠ ਖੜਾ ਹੁੰਦਾ (ਅਸੀਂ ਦੇਖਿਆ ਹੈ ਕਿ ਰੂਸ ਵਿੱਚ ਪੈਟੀ ਬੁਰਜੂਆ ਤਰੂਦੋਵਿਕਾਂ ਨੇ ਵੀ ਜੰਗੀ ਕਰਜ਼ਿਆਂ ਦੇ ਹੱਕ ਵਿੱਚ ਵੋਟ ਨਹੀਂ ਸੀ ਪਾਏ); ਨਾ ਹੀ ਇਸਨੇ ਸਮਾਜਕ-ਅੰਧਰਾਸ਼ਟਰਵਾਦ ਦੇ ਖਿਲਾਫ ਕੋਈ ਰੋਸ ਪ੍ਰਗਟ ਕੀਤਾ।

ਸਾਡੀ ਪਾਰਟੀ ਦੀ ਰਾਜਸੀ ਸੇਧ ਨੂੰ ਪ੍ਰਗਟ ਕਰਦਿਆਂ, ਰੂ.ਸੋ.ਡੈ.ਲੇ.ਪਾ. ਦੂਮਾ ਗਰੁੱਪ ਨੇ ਬਿਲਕੁਲ ਵੱਖਰੀ ਤਰ੍ਹਾਂ ਕਾਰਵਾਈ ਕੀਤੀ। ਇਹ ਜੰਗ ਦੇ ਖਿਲਾਫ਼ ਰੋਸ ਨੂੰ ਮਜ਼ਦੂਰ ਜਮਾਤ ਦੇ ਵਿਚਕਾਰ ਲੈ ਗਿਆ, ਤੇ ਰੂਸੀ ਪ੍ਰੋਲੇਤਾਰੀਆਂ ਦੇ ਜਨਸਮੂਹਾਂ ਵਿਚਕਾਰ ਇਸਨੇ ਸਾਮਰਾਜ-ਵਿਰੋਧੀ ਪ੍ਰਚਾਰ ਚਲਾਇਆ।

ਇਸਨੂੰ ਮਜ਼ਦੂਰਾਂ ਤੋਂ ਬੜਾ ਹਮਦਰਦੀ ਭਰਿਆ ਹੁੰਗਾਰਾ ਮਿਲਿਆ—ਜਿਸਨੇ ਸਰਕਾਰ ਨੂੰ ਡਰਾ ਦਿੱਤਾ, ਤੇ ਇਸਨੂੰ ਮਜਬੂਰ ਕਰ ਦਿੱਤਾ ਕਿ ਇਹ ਆਪਣੇ ਹੀ ਕਨੂੰਨਾਂ ਦੀ ਖੁੱਲ੍ਹਮ-ਖੁੱਲ੍ਹਾ ਉਲੰਘਣਾ ਕਰਦਿਆਂ ਸਾਡੇ ਡਿਪਟੀ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਏ ਤੇ ਜ਼ਿੰਦਗੀ ਭਰ ਲਈ ਸਾਇਬੇਰੀਆ ਵਿੱਚ ਜਲਾਵਤਨ ਕਰ ਦੇਵੇ। ਸਾਡੇ ਸਾਥੀਆਂ ਦੀ ਗ੍ਰਿਫ਼ਤਾਰੀ ਦੇ ਬਿਲਕੁਲ ਪਹਿਲੇ ਸਰਕਾਰੀ ਐਲਾਨ ਵਿੱਚ ਹੀ, ਜ਼ਾਰਸ਼ਾਹੀ ਸਰਕਾਰ ਨੇ ਲਿਖਿਆ:

> "ਸੋਸ਼ਲ-ਡੈਮੋਕਰੈਟਿਕ ਸਭਾਵਾਂ ਦੇ ਕੁੱਝ ਮੈਂਬਰਾਂ ਵੱਲੋਂ ਇਸ ਪੱਖੋਂ ਬਿਲਕੁਲ ਅਸਾਧਾਰਨ ਪੁਜ਼ੀਸ਼ਨ ਲਈ, ਜਿਨ੍ਹਾਂ ਦੀਆਂ ਸਰਗਰਮੀਆਂ ਦਾ ਨਿਸ਼ਾਨਾ ਜੰਗ ਦੇ ਖਿਲਾਫ ਅੰਦੋਲਨ ਚਲਾ ਕੇ, ਖੁਫੀਆ ਅਪੀਲਾਂ ਤੇ ਲਫਜ਼ੀ ਪ੍ਰਚਾਰ ਰਾਹੀਂ, ਰੂਸ ਦੀ ਫੌਜੀ ਸ਼ਕਤੀ ਨੂੰ ਡੁਲਾਉਣਾ ਸੀ।"

**ਸਿਰਫ਼** ਸਾਡੀ ਪਾਰਟੀ ਨੇ ਹੀ, ਆਪਣੀ ਕੇਂਦਰੀ ਕਮੇਟੀ ਰਾਹੀਂ, ਜ਼ਾਰਸ਼ਾਹੀ ਦੇ ਖਿਲਾਫ਼ ਘੋਲ਼ ਨੂੰ "ਆਰਜ਼ੀ ਤੌਰ ਉੱਤੇ" ਬੰਦ ਕਰਨ ਲਈ ਵਾਂਡਰਵੇਲਡੇ ਦੀ ਪ੍ਰਸਿੱਧ ਅਪੀਲ ਦਾ ਨਾਂਹ ਵਿੱਚ ਜਵਾਬ ਦਿੱਤਾ। ਇਸ ਤੋਂ ਇਲਾਵਾ, ਰਾਜਕੁਮਾਰ ਕੁਦਾਸ਼ੇਵ ਦੀ ਗਵਾਹੀ ਤੋਂ, ਜਿਹੜਾ ਬੈਲਜੀਅਮ ਵਿੱਚ ਜ਼ਾਰ ਦਾ ਦੂਤ ਸੀ ਹੁਣ ਇਹ ਪਤਾ ਲੱਗ ਗਿਆ ਹੈ ਕਿ ਵਾਂਡਰਵੇਲਡੇ ਨੇ ਇਹ ਅਪੀਲ ਇਕੱਲਿਆਂ ਨਹੀਂ ਸੀ ਲਿਖੀ, ਸਗੋਂ ਉਪਰੋਕਤ ਦੂਤ ਨਾਲ਼ ਮਿਲ਼ ਕੇ ਲਿਖੀ ਸੀ। ਖਾਤਮੇਵਾਦੀਆਂ ਦੀ ਅਗਵਾਈ ਕਰਦਾ ਕੇਂਦਰ ਵਾਂਡਰਵੇਲਡੇ ਨਾਲ਼ ਸਹਿਮਤ ਸੀ ਤੇ ਇਸਨੇ ਅਖ਼ਬਾਰਾਂ ਵਿੱਚ ਅਧਿਕਾਰਿਤ ਬਿਆਨ ਦਿੱਤਾ ਕਿ "ਆਪਣੀਆਂ ਸਰਗਰਮੀਆਂ ਵਿੱਚ **ਇਹ ਜੰਗ ਦਾ ਵਿਰੋਧ ਨਹੀਂ ਕਰਦਾ।**"

ਸਾਡੇ ਡਿਪਟੀ ਸਾਥੀਆਂ ਦੇ ਖਿਲਾਫ਼ ਜ਼ਾਰ ਦੀ ਸਰਕਾਰ ਵੱਲੋਂ ਲਾਇਆ ਗਿਆ ਮੁੱਖ ਦੋਸ਼ ਇਹ ਸੀ ਕਿ ਉਹਨਾਂ ਵਾਂਡਰਵੇਲਡੇ ਨੂੰ ਦਿੱਤਾ ਗਿਆ ਇਹ ਨਫੀ ਜਵਾਬ ਮਜ਼ਦੂਰਾਂ ਵਿਚਕਾਰ ਫੇਰਿਆ ਸੀ।

ਮੁਕੱਦਮੇ ਵੇਲੇ[30], ਸਰਕਾਰੀ ਵਕੀਲ, ਨੇਨਾਰੋਕੋਮੋਵ ਨੇ ਜਰਮਨ ਤੇ ਫਰਾਂਸੀਸੀ

ਸਮਾਜਵਾਦੀਆਂ ਨੂੰ ਸਾਡੇ ਸਾਥੀਆਂ ਸਾਮ੍ਹਣੇ ਉਦਾਹਰਣਾਂ ਵਜੋਂ ਰੱਖਿਆ। ਉਸਨੇ ਕਿਹਾ, "ਜਰਮਨ ਸੋਸ਼ਲ-ਡੈਮੋਕਰੈਟਾਂ ਨੇ ਜੰਗੀ ਕਰਜ਼ਿਆਂ ਦੇ ਹੱਕ ਵਿੱਚ ਵੋਟਾਂ ਪਾਈਆਂ ਤੇ ਸਰਕਾਰ ਦੇ ਦੋਸਤ ਸਿੱਧ ਹੋਏ। ਇਸ ਤਰ੍ਹਾਂ ਨਾਲ਼ ਜਰਮਨ ਸੋਸ਼ਲ-ਡੈਮੋਕਰੈਟਾਂ ਨੇ ਕਾਰਵਾਈ ਕੀਤੀ, ਪਰ ਰੂਸੀ ਸੋਸ਼ਲ-ਡੈਮੋਕਰੇਸੀ ਦੇ ਨਿਰਾਸ਼ਾਜਨਕ ਯੋਧਿਆਂ ਨੇ ਇਸ ਤਰੀਕੇ ਨਾਲ਼ ਕਾਰਵਾਈ ਨਾ ਕੀਤੀ।... ਬੈਲਜੀਅਮ ਤੇ ਫਰਾਂਸ ਦੇ ਸਮਾਜਵਾਦੀਆਂ ਨੇ ਸਰਬਸੰਮਤੀ ਨਾਲ਼ ਦੂਜੀਆਂ ਜਮਾਤਾਂ ਦੇ ਖਿਲਾਫ਼ ਆਪਣੇ ਝਗੜੇ ਭੁਲਾ ਦਿੱਤੇ, ਪਾਰਟੀ ਝਗੜੇ ਭੁਲਾ ਦਿੱਤੇ ਤੇ ਬਿਨਾਂ ਕਿਸੇ ਝਿਜਕ ਦੇ ਝੰਡੇ ਦੁਆਲ਼ੇ ਜੁੜ ਗਏ।" ਪਰ, ਉਸਨੇ ਸ਼ਿਕਾਇਤ ਕੀਤੀ, ਰੂ. ਸੋ. ਡੈ. ਲੇ. ਗਰੁੱਪ ਦੇ ਮੈਂਬਰਾਂ ਨੇ, ਪਾਰਟੀ ਦੀ ਕੇਂਦਰੀ ਕਮੇਟੀ ਦੀਆਂ ਹਦਾਇਤਾਂ ਉੱਤੇ, ਇਸ ਤਰਾਂ ਕਾਰਵਾਈ ਨਾ ਕੀਤੀ...

ਮੁਕੱਦਮੇ ਤੋਂ ਪ੍ਰੋਲੇਤਾਰੀਆਂ ਦੇ ਜਨਸਮੂਹਾਂ ਵਿਚਕਾਰ ਸਾਡੀ ਪਾਰਟੀ ਵੱਲੋਂ ਚਲਾਏ ਜਾ ਰਹੇ ਵਿਸ਼ਾਲ ਖੁਫੀਆ ਜੰਗ-ਵਿਰੋਧੀ ਅੰਦੋਲਨ ਦੀ ਪ੍ਰਭਾਵਸ਼ਾਲੀ ਤਸਵੀਰ ਸਾਮ੍ਹਣੇ ਆਈ। ਇਹ ਕਹਿਣ ਦੀ ਲੋੜ ਨਹੀਂ ਕਿ ਜ਼ਾਰ ਦੀ ਕਚਹਿਰੀ ਨੇ ਇਸ ਖੇਤਰ ਵਿੱਚ ਸਾਡੇ ਸਾਥੀਆਂ ਵਲੋਂ ਕੀਤੀਆਂ ਜਾ ਰਹੀਆਂ ਸਰਗਰਮੀਆਂ ਦੇ ਇੱਕ ਛੋਟੇ ਜਿਹੇ ਹਿੱਸੇ ਤੋਂ ਹੀ ਸਿਰਫ਼ "ਪਰਦਾ ਲਾਹਿਆ," ਪਰ ਤਾਂ ਵੀ ਜੋ ਸਾਮ੍ਹਣੇ ਆਇਆ, ਉਸ, ਤੋਂ ਪਤਾ ਲੱਗ ਗਿਆ ਕਿ ਕੁੱਝ ਮਹੀਨਿਆਂ ਦੇ ਥੋੜ੍ਹੇ ਜਿਹੇ ਅਰਸੇ ਵਿੱਚ ਹੀ ਕਿੰਨਾਂ ਜ਼ਿਆਦਾ ਕੰਮ ਕੀਤਾ ਜਾ ਚੁੱਕਾ ਹੈ।

ਸਾਡੇ ਗਰੁੱਪਾਂ ਤੇ ਕਮੇਟੀਆਂ ਵੱਲੋਂ ਜੰਗ ਦੇ ਖਿਲਾਫ਼ ਤੇ ਕੌਮਾਂਤਰੀ ਦਾਅਪੇਚਾਂ ਦੇ ਹੱਕ ਵਿੱਚ ਜਾਰੀ ਕੀਤੇ ਗਏ ਖੁਫੀਆ ਮੈਨੀਫੈਸਟੋ ਮੁਕੱਦਮਿਆਂ ਵੇਲੇ ਪੜ੍ਹ ਕੇ ਸੁਣਾਏ ਗਏ। ਰੂ. ਸੋ. ਡੈ. ਲੇ. ਗਰੁੱਪ ਦੇ ਮੈਂਬਰਾਂ ਦਾ ਰੂਸ ਭਰ ਦੇ ਜਮਾਤੀ ਚੇਤੰਨਤਾ ਵਾਲ਼ੇ ਮਜ਼ਦੂਰਾਂ ਨਾਲ਼ ਸੰਪਰਕ ਸੀ, ਤੇ ਜੰਗ ਦਾ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਮੁਲੰਕਣ ਕਰਨ ਵਿੱਚ ਮਜ਼ਦੂਰਾਂ ਦੀ ਸਹਾਇਤਾ ਕਰਨ ਲਈ ਉਹ ਜੋ ਕੁੱਝ ਕਰ ਸਕਦੇ ਸਨ, ਉਹਨਾਂ ਕੀਤਾ।

ਖਾਰਕੋਵ ਗੂਬੇਰਨੀਆ ਦੇ ਮਜ਼ਦੂਰਾਂ ਦੇ ਡਿਪਟੀ ਸਾਥੀ ਮੂਰਾਨੋਵ ਨੇ ਮੁਕੱਦਮੇ ਵੇਲ਼ੇ ਕਿਹਾ:

"ਇਹ ਸਮਝਦਿਆਂ ਕਿ ਲੋਕਾਂ ਨੇ ਮੈਨੂੰ ਰਾਜ ਦੂਮਾ ਵਿੱਚ ਸਿਰਫ਼ ਉੱਥੇ ਆਪਣੀ ਸੀਟ ਗਰਮ ਕਰਨ ਲਈ ਨਹੀਂ ਸੀ ਭੇਜਿਆ, ਮੈਂ ਮਜ਼ਦੂਰ ਜਮਾਤ ਦੇ ਮੂਡ ਦਾ ਪਤਾ ਲਾਉਣ ਲਈ ਦੇਸ਼ ਵਿੱਚ ਘੁੰਮ-ਫਿਰ ਕੇ ਦੇਖਿਆ।" ਉਸਨੇ ਮੰਨਿਆਂ ਕਿ ਉਸਨੇ ਸਾਡੀ ਪਾਰਟੀ ਦੇ ਖੁਫੀਆ ਅੰਦੋਲਨਕਾਰ ਦੇ ਕੰਮ ਸਿਰ ਉੱਤੇ ਲਏ ਸਨ, ਕਿ ਊਰਾਲ ਵਿੱਚ ਉਸਨੇ ਵੇਰਖਨੇਈਸੇਤਸਕੀ ਕਾਰਖਾਨੇ ਤੇ ਹੋਰ ਥਾਵਾਂ ਉੱਤੇ ਮਜ਼ਦੂਰ ਕਮੇਟੀਆਂ ਜਥੇਬੰਦ ਕੀਤੀਆਂ ਸਨ। ਮੁਕੱਦਮੇ ਤੋਂ ਪਤਾ ਲੱਗਾ ਕਿ ਜੰਗ ਛਿੜਨ ਤੋਂ ਪਿਛੋਂ, ਰੂ. ਸੋ. ਡੈ. ਲੇ. ਦੂਮਾ ਗਰੁੱਪ ਨੇ, ਪ੍ਰਚਾਰ ਦੇ ਮੰਤਵਾਂ ਲਈ ਲਗਭਗ ਸਾਰੇ ਰੂਸ ਦਾ ਹੀ ਸਫ਼ਰ ਕੀਤਾ, ਮੂਰਾਨੋਵ, ਪੇਤਰੋਵਸਕੀ, ਬਾਦਾਯੇਵ ਤੇ ਹੋਰਨਾਂ ਨੇ ਅਣਗਿਣਤ ਮਜ਼ਦੂਰ ਮੀਟਿੰਗਾਂ ਕੀਤੀਆਂ, ਜਿਨ੍ਹਾਂ ਵਿੱਚ ਜੰਗ-ਵਿਰੋਧੀ ਮਤੇ ਪਾਸ ਕੀਤੇ ਗਏ, ਆਦਿ।

ਜ਼ਾਰ ਦੀ ਸਰਕਾਰ ਨੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਦਾ ਡਰਾਵਾ ਦਿੱਤਾ। ਇਸੇ

ਕਰਕੇ ਉਹਨਾਂ ਸਾਰਿਆਂ ਨੇ ਹੀ ਮੁਕੱਦਮੇ ਵੇਲ਼ੇ ਏਨਾਂ ਦਲੇਰੀ ਵਾਲ਼ਾ ਵਤੀਰਾ ਨਾ ਦਿਖਾਇਆ, ਜਿੰਨਾਂ ਸਾਥੀ ਮੂਰਾਨੋਵ ਨੇ ਦਿਖਾਇਆ ਸੀ। ਉਹਨਾਂ ਨੇ ਸਰਕਾਰੀ ਵਕੀਲ ਲਈ ਸਜ਼ਾਵਾਂ ਦੁਆ ਸਕਣਾ ਮੁਸ਼ਕਲ ਬਨਾਉਣ ਦੀ ਕੋਸ਼ਿਸ਼ ਕੀਤੀ। ਰੂਸੀ ਸਮਾਜਕ-ਅੰਧਰਾਸ਼ਟਰਵਾਦੀ ਹੁਣ ਇਸਦੀ ਅਯੋਗ ਢੰਗ ਨਾਲ਼ ਵਰਤੋਂ ਕਰ ਰਹੇ ਹਨ ਤਾਂ ਕਿ ਮੂਲ ਮਸਲੇ ਬਾਰੇ ਭੁਲੇਖਾ ਪਾ ਸਕਣ, ਅਰਥਾਤ, ਕਿ ਮਜ਼ਦੂਰ ਜਮਾਤ ਕਿਸ ਕਿਸਮ ਦਾ ਪਾਰਲੀਮੈਂਟਰੀਵਾਦ ਚਾਹੁੰਦੀ ਹੈ।

ਪਾਰਲੀਮੈਂਟਰੀਵਾਦ ਨੂੰ ਜ਼ੂਦੇਕੁਮ ਤੇ ਹਾਈਨੇ, ਸੇਮਬਾਤ ਤੇ ਵੇਲਾਂ, ਬਿਸੋਲਾਤੀ ਤੇ ਮੁਸੋਲਿਨੀ, ਚਖੇਈਦਜ਼ੇ ਤੇ ਪਲੈਖਾਨੋਵ ਸਭ ਮੰਨਦੇ ਹਨ; ਇਸਨੂੰ ਰੂ. ਸੋ. ਡੈ. ਲੇ. ਗਰੁੱਪ ਵਿਚਲੇ ਸਾਡੇ ਸਾਥੀ ਵੀ ਮੰਨਦੇ ਹਨ, ਤੇ ਬਲਗਾਰੀਅਨ ਤੇ ਇਟਲੀ ਦੇ ਸਾਥੀ ਵੀ, ਜਿਨ੍ਹਾਂ ਨੇ ਅੰਧਰਾਸ਼ਟਰਵਾਦੀਆਂ ਨਾਲ਼ੋਂ ਨਾਤਾ ਤੋੜ ਲਿਆ ਹੈ। ਪਾਰਲੀਮੈਂਟਰੀਵਾਦ ਦੀਆਂ ਵੀ ਵੱਖੋ ਵੱਖਰੀਆਂ ਕਿਸਮਾਂ ਹਨ। ਕੁੱਝ ਲੋਕ ਪਾਰਲੀਮੈਂਟਰੀ ਪਿੜ ਨੂੰ ਆਪਣੀਆਂ ਸਰਕਾਰਾਂ ਦੀਆਂ ਨਜ਼ਰਾਂ ਵਿੱਚ ਜਚਣ ਲਈ, ਜਾਂ ਵੱਧ ਤੋਂ ਵੱਧ, ਸਭ ਕੁੱਝ ਤੋਂ ਸੁਰਖਰੂ ਹੋਣ ਲਈ ਵਰਤਦੇ ਹਨ, ਜਿਵੇਂ ਕਿ ਚਖੇਈਦਜ਼ੇ ਗਰੁੱਪ ਨੇ ਕੀਤਾ ਹੈ। ਦੂਜੇ ਲੋਕ ਪਾਰਲੀਮੈਂਟਰੀਵਾਦ ਨੂੰ ਅਖੀਰ ਤੱਕ ਇਨਕਲਾਬੀ ਬਣੇ ਰਹਿਣ ਲਈ, ਅਤਿ ਦੀਆਂ ਮੁਸ਼ਕਲ ਹਾਲਤਾਂ ਵਿੱਚ ਵੀ ਸੋਸ਼ਲਿਸਟਾਂ ਤੇ ਕੌਮਾਂਤਰੀਵਾਦੀਆਂ ਵਜੋਂ ਆਪਣੇ ਫਰਜ਼ ਨਿਭਾਉਣ ਲਈ ਵਰਤਦੇ ਹਨ। ਕੁੱਝ ਲੋਕਾਂ ਦੀਆਂ ਪਾਰਲੀਮੈਂਟਰੀ ਸਰਗਰਮੀਆਂ ਉਹਨਾਂ ਨੂੰ ਮੰਤਰੀ ਪਦ ਦੁਆਉਂਦੀਆਂ ਹਨ; ਦੂਜਿਆਂ ਦੀਆਂ ਪਾਰਲੀਮੈਂਟਰੀ ਸਰਗਰਮੀਆਂ ਉਹਨਾਂ ਨੂੰ ਜੇਲ੍ਹ, ਜਲਾਵਤਨੀ ਤੇ ਕੈਦ-ਬਾ-ਮੁਸ਼ੱਕਤ ਵੱਲ ਲੈ ਜਾਂਦੀਆਂ ਹਨ। ਕੁੱਝ ਲੋਕ ਬੁਰਜੂਆਜ਼ੀ ਦੀ ਸੇਵਾ ਕਰਦੇ ਹਨ, ਬਾਕੀ ਦੇ, ਪ੍ਰੋਲੇਤਾਰੀਆਂ ਦੀ। ਕੁੱਝ ਸਮਾਜੀ-ਸਾਮਰਾਜੀ ਹਨ, ਬਾਕੀ ਦੇ ਇਨਕਲਾਬੀ ਮਾਰਕਸਵਾਦੀ।

ਕਾਂਡ ਤੀਜਾ

# ਇੰਟਰਨੈਸ਼ਨਲ ਦੀ ਮੁੜ-ਬਹਾਲੀ

ਇੰਟਰਨੈਸ਼ਨਲ ਨੂੰ ਕਿਵੇਂ ਬਹਾਲ ਕੀਤਾ ਜਾਏ ? ਪਰ ਪਹਿਲਾਂ ਕੁੱਝ ਸ਼ਬਦ ਇਸ ਬਾਰੇ ਕਹਿ ਲਈਏ ਕਿ ਇੰਟਰਨੈਸ਼ਨਲ ਨੂੰ ਕਿਵੇਂ ਬਹਾਲ **ਨਾ ਕੀਤਾ ਜਾਏ।**

## ਸਮਾਜੀ-ਅੰਧਰਾਸ਼ਟਰਵਾਦੀਆਂ ਦਾ ਅਤੇ "ਵਿਚਾਲ਼-ਪੰਥੀਆਂ" ਦਾ ਢੰਗ

ਬੇਸ਼ੱਕ, ਸਾਰੇ ਦੇਸ਼ਾਂ ਦੇ ਸਮਾਜੀ-ਅੰਧਰਾਸ਼ਟਰਵਾਦੀ ਮਹਾਨ "ਕੌਮਾਂਤਰੀਵਾਦੀ" ਹਨ ! ਜੰਗ ਦੇ ਬਿਲਕੁਲ ਸ਼ੁਰੂ ਤੋਂ ਲੈ ਕੇ, ਇੰਟਰਨੈਸ਼ਨਲ ਲਈ ਫਿਕਰ ਨੇ ਉਹਨਾਂ ਨੂੰ ਦਬਾਈ ਰੱਖਿਆ ਹੈ। ਇੱਕ ਪਾਸੇ, ਉਹ ਸਾਨੂੰ ਯਕੀਨ ਦੁਆਉਂਦੇ ਹਨ ਕਿ ਇੰਟਰਨੈਸ਼ਨਲ ਦੇ **ਢਹਿ-ਢੇਰੀ ਹੋਣ** ਬਾਰੇ ਗੱਲਾਂ "ਵਧਾਈਆਂ ਚੜ੍ਹਾਈਆਂ" ਹੋਈਆਂ ਹਨ। ਅਸਲ ਵਿੱਚ, ਕੁੱਝ ਵੀ ਅਸਾਧਾਰਨ ਨਹੀਂ ਵਾਪਰਿਆ। ਕਾਊਤਸਕੀ ਨੂੰ ਸੁਣੋ: ਇੰਟਰਨੈਸ਼ਨਲ ਸਿਰਫ਼ ਇੱਕ "ਅਮਨ ਦੇ ਸਮੇਂ ਦਾ ਸਾਧਨ" ਹੈ; ਕੁਦਰਤੀ ਤੌਰ ਉੱਤੇ, ਇਹ ਸਾਧਨ ਜੰਗ ਦੇ ਸਮੇਂ ਵਿੱਚ ਆਸ ਅਨੁਕੂਲ ਸਿੱਧ ਨਹੀਂ ਹੋਇਆ। ਦੂਜੇ ਪਾਸੇ, ਸਾਰੇ ਦੇਸ਼ਾਂ ਦੇ ਸਮਾਜੀ-ਅੰਧਰਾਸ਼ਟਰਵਾਦੀਆਂ ਨੇ ਪੈਦਾ ਹੋ ਚੁੱਕੀ ਅਵਸਥਾ ਵਿਚੋਂ ਨਿਕਲਣ ਲਈ ਬੜਾ ਸਾਦਾ, ਅਤੇ, ਜਿਹੜੀ ਗੱਲ ਸਭ ਤੋਂ ਵੱਧ ਮਹੱਤਵਪੂਰਨ ਹੈ, ਕੌਮਾਂਤਰੀ ਰਾਹ ਲੱਭ ਲਿਆ ਹੈ। ਇਹ ਰਾਹ ਸਿੱਧਾ ਜਿਹਾ ਹੈ: ਸਿਰਫ਼ ਜੰਗ ਦੇ ਖਤਮ ਹੋਣ ਤੱਕ ਉਡੀਕ ਕਰਨ ਦੀ ਲੋੜ ਹੈ, ਪਰ ਉਦੋਂ ਤੱਕ ਹਰ ਦੇਸ਼ ਦੇ ਸਮਾਜਵਾਦੀਆਂ ਨੂੰ ਆਪਣੀ "ਪਿਤਾਭੂਮੀ" ਦੀ ਰਾਖੀ ਕਰਨੀ ਚਾਹੀਦੀ ਹੈ ਅਤੇ "ਆਪਣੀ" ਸਰਕਾਰ ਦੀ ਹਮਾਇਤ ਕਰਨੀ ਚਾਹੀਦੀ ਹੈ। ਜਦੋਂ ਜੰਗ ਖਤਮ ਹੋਵੇਗੀ, ਤਾਂ ਪ੍ਰਸਪਰ ਤੌਰ ਉੱਤੇ "ਗੁਨਾਹ ਬਖਸ਼ੀ" ਹੋਵੇਗੀ, ਇਹ ਮੰਨਿਆ ਜਾਵੇਗਾ ਕਿ **ਹਰ ਕੋਈ** ਠੀਕ ਸੀ ਅਤੇ ਅਮਨ ਦੇ ਸਮੇਂ ਅਸੀਂ ਭਰਾਵਾਂ ਵਾਂਗ ਰਹਾਂਗੇ; ਪਰ ਜੰਗ ਦੇ ਸਮੇਂ ਅਸੀਂ ਫਲਾਣੇ-ਫਲਾਣੇ ਮਤੇ ਉੱਤੇ ਡੱਟੇ ਰਹਾਂਗੇ ਅਤੇ ਜਰਮਨ ਮਜ਼ਦੂਰਾਂ ਨੂੰ ਆਪਣੇ ਫਰਾਂਸੀਸੀ ਭਰਾ ਖਤਮ ਕਰਨ ਦੀ ਅਤੇ ਫਰਾਂਸੀਸੀ ਮਜ਼ਦੂਰਾਂ ਨੂੰ ਜਰਮਨ ਭਰਾ ਖਤਮ ਕਰਨ ਦੀ ਅਪੀਲ ਕਰਾਂਗੇ।

ਕਾਊਤਸਕੀ, ਪਲੈਖਾਨੋਵ, ਵਿਕਟਰ ਐਡਲਰ ਅਤੇ ਹਾਈਨੇ, ਸਾਰੇ ਹੀ ਇਸ ਉੱਪਰ ਇੱਕੋ ਜਿੰਨੇ ਸਹਿਮਤ ਹਨ। ਵਿਕਟਰ ਐਡਲਰ ਲਿਖਦਾ ਹੈ ਕਿ "ਜਦੋਂ ਅਸੀਂ ਇਸ ਮੁਸ਼ਕਲ ਸਮੇਂ ਵਿੱਚੋਂ ਲੰਘ ਜਾਵਾਂਗੇ, ਤਾਂ ਸਾਡਾ ਪਹਿਲਾ ਫਰਜ਼ ਇਹ ਹੋਵੇਗਾ ਕਿ ਅਸੀਂ ਇੱਕ ਦੂਜੇ ਦੇ ਧੱਬੇ ਵੱਲ ਧਿਆਨ ਦੁਆਉਣ ਤੋਂ ਬਾਜ਼ ਰਹੀਏ।" ਕਾਊਤਸਕੀ ਦਾਅਵਾ ਕਰਦਾ ਹੈ ਕਿ "ਹੁਣ ਤੱਕ ਕਿਸੇ ਪਾਸੇ ਵੱਲੋਂ ਵੀ ਕਿਸੇ ਗੰਭੀਰ ਸਮਾਜਵਾਦੀ ਨੇ ਇਸ ਤਰ੍ਹਾਂ ਨਾਲ਼ ਕੋਈ ਗੱਲ ਨਹੀਂ ਕਹੀ, ਜਿਹੜੀ ਇੰਟਰਨੈਸ਼ਨਲ ਦੀ ਹੋਣੀ ਬਾਰੇ ਸ਼ੱਕ ਪੈਦਾ ਕਰਦੀ ਹੋਵੇ"।(ਜਰਮਨ

ਸੋਸ਼ਲ-ਡੈਮੋਕਰੈਟਾਂ ਨਾਲ਼) "ਹੱਥ ਮਿਲਾਉਣਾ ਕੋਈ ਸੁਖਾਵੀਂ ਗੱਲ ਨਹੀਂ, ਜਿਹੜੇ ਹੱਥਾਂ ਵਿਚੋਂ ਕਤਲ ਕੀਤੇ ਗਏ ਮਾਸੂਮਾਂ ਦੇ ਖ਼ੂਨ ਦੀ ਵਾਸ਼ਨਾ ਆਉਂਦੀ ਹੈ," ਪਲੈਖਾਨੋਵ ਕਹਿੰਦਾ ਹੈ, ਪਰ ਇੱਕਦਮ "ਗੁਨਾਹ ਬਖਸ਼ੀ" ਦੀ ਤਜਵੀਜ਼ ਦੇਣ ਲੱਗ ਪੈਂਦਾ ਹੈ। ਉਹ ਲਿਖਦਾ ਹੈ, "ਇੱਥੇ **ਮਨ ਨੂੰ ਦਿਲ** ਦੇ ਅਧੀਨ ਕਰ ਦੇਣਾ ਬਿਲਕੁਲ ਉਚਿਤ ਹੋਵੇਗਾ। ਮਹਾਨ ਉਦੇਸ਼ ਦੀ ਖਾਤਰ, ਇੰਟਰਨੈਸ਼ਨਲ ਨੂੰ ਪਸ਼ੇਮਾਨੀ ਵੱਲ ਧਿਆਨ ਦੇਣਾ ਪਵੇਗਾ, ਭਾਵੇਂ ਇਹ ਦੇਰ ਨਾਲ਼ ਹੀ ਪੈਦਾ ਹੋਈ ਹੋਵੇ।" «Sozialistische Monatshefte»[31] ਵਿੱਚ ਹਾਈਨੇ ਵਾਂਡਰਵੇਲਡੇ ਦੇ ਵਿਹਾਰ ਨੂੰ "ਦਲੇਰੀ ਵਾਲ਼ਾ ਅਤੇ ਮਾਣ ਭਰਿਆ" ਦੱਸਦਾ ਹੈ, ਅਤੇ ਉਸਨੂੰ ਜਰਮਨ ਖੱਬੇ-ਪੱਖੀਆਂ ਲਈ ਮਿਸਾਲ ਵਜੋਂ ਪੇਸ਼ ਕਰਦਾ ਹੈ।

ਮਤਲਬ ਕੀ ਕਿ ਜਦੋਂ ਜੰਗ ਖਤਮ ਹੋਵੇ, ਤਾਂ ਕਾਊਤਸਕੀ ਅਤੇ ਪਲੈਖਾਨੋਵ, ਵਾਂਡਰਵੇਲਡੇ ਅਤੇ ਐਡਲਰ ਦਾ ਇੱਕ ਕਮਿਸ਼ਨ ਨਿਯੁਕਤ ਕਰ ਦੇਵੋ, ਅਤੇ ਅੱਖ-ਪਲਕਾਰੇ ਵਿੱਚ ਪ੍ਰਸਪਰ ਗੁਨਾਹ ਬਖਸ਼ੀ ਦੀ ਭਾਵਨਾ ਨਾਲ਼ ਸਰਬ-ਸੰਮਤੀ ਨਾਲ਼ ਇੱਕ ਮਤਾ ਤਿਆਰ ਕਰ ਲਿਆ ਜਾਵੇਗਾ। ਝਗੜੇ ਨੂੰ ਬੜੀ ਸੁਹਣੀ ਤਰ੍ਹਾਂ ਆਇਆ-ਗਿਆ ਕਰ ਦਿੱਤਾ ਜਾਵੇਗਾ। ਇਹ ਸਮਝਣ ਵਿੱਚ ਸਹਾਇਤਾ ਦਿੱਤੇ ਜਾਣ ਦੀ ਥਾਂ ਕਿ ਕੀ ਵਾਪਰਿਆ ਹੈ, ਮਜ਼ਦੂਰਾਂ ਨੂੰ ਦਿਖਾਵੇ ਦੀ ਕਾਗ਼ਜ਼ੀ "ਏਕਤਾ" ਨਾਲ਼ ਧੋਖਾ ਦਿੱਤਾ ਜਾਏਗਾ। ਸਾਰੇ ਦੇਸ਼ਾਂ ਦੇ ਸਮਾਜੀ-ਅੰਧਰਾਸ਼ਟਰਵਾਦੀਆਂ ਅਤੇ ਦੰਭੀਆਂ ਦੀਆਂ ਏਕਤਾ ਨੂੰ ਇੰਟਰਨੈਸ਼ਨਲ ਦੀ ਬਹਾਲੀ ਵਜੋਂ ਦੱਸਿਆ ਜਾਵੇਗਾ।

ਐਸੀ "ਮੁੜ-ਬਹਾਲੀ" ਵਿੱਚ ਪਾਏ ਜਾਂਦੇ ਭਾਰੀ ਖਤਰੇ ਵੱਲੋਂ ਸਾਨੂੰ ਅੱਖਾਂ ਨਹੀਂ ਮੀਟਣੀਆਂ ਚਾਹੀਦੀਆਂ। ਸਾਰੇ ਦੇਸ਼ਾਂ ਦੇ ਸਮਾਜੀ-ਅੰਧਰਾਸ਼ਟਰਵਾਦੀ ਐਸੇ ਸਿੱਟੇ ਵਿੱਚ ਇੱਕੋ ਜਿੰਨੀ ਦਿਲਚਸਪੀ ਰੱਖਦੇ ਹਨ। ਉਹ ਸਾਰੇ ਹੀ ਇਸ ਗੱਲ ਲਈ ਇੱਕੋ ਜਿੰਨੇ ਗ਼ੈਰ-ਰਜ਼ਾਮੰਦ ਹਨ ਕਿ ਉਹਨਾਂ ਦੇ ਆਪਣੇ ਆਪਣੇ ਦੇਸ਼ਾਂ ਦੇ ਮਜ਼ਦੂਰ ਖ਼ੁਦ ਮਸਲੇ ਨੂੰ ਸਮਝਣ ਦੀ ਕੋਸ਼ਿਸ਼ ਕਰਨਃ ਸਮਾਜਵਾਦ **ਜਾਂ** ਕੌਮਪ੍ਰਸਤੀ ? ਉਹ ਸਾਰੇ ਹੀ ਇੱਕ ਦੂਜੇ ਦੇ ਗੁਨਾਹਾਂ ਨੂੰ ਲੁਕਾਉਣ ਵਿੱਚ ਇੱਕੋ ਜਿੰਨੀ ਦਿਲਚਸਪੀ ਰੱਖਦੇ ਹਨ। ਉਹਨਾਂ ਵਿੱਚੋਂ ਕੋਈ ਵੀ ਉਸ ਨਾਲ਼ੋਂ ਵੱਖਰਾ ਕੋਈ ਸੁਝਾਅ ਦੇਣ ਦੇ ਸਮਰੱਥ ਨਹੀਂ ਜਿਹੜਾ "ਕੌਮਾਂਤਰੀ" ਦੰਭ ਦੇ ਉਸ ਗੁਰੂ-ਘੰਟਾਲ, ਕਾਊਤਸਕੀ ਵੱਲੋਂ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ।

ਤਾਂ ਵੀ, ਸ਼ਾਇਦ ਹੀ ਹੈ ਖਤਰੇ ਨੂੰ ਸਮਝਿਆ ਗਿਆ ਹੋਵੇ। ਜੰਗ ਦੇ ਇੱਕ ਸਾਲ ਦੇ ਦੌਰਾਨ, ਅਸੀਂ ਕੌਮਾਂਤਰੀ ਸਬੰਧ ਮੁੜ-ਬਹਾਲ ਕਰਨ ਦੇ ਕਈ ਯਤਨ ਹੁੰਦੇ ਦੇਖੇ ਹਨ। ਅਸੀਂ ਲੰਡਨ ਅਤੇ ਵੀਆਨਾ[32] ਕਾਨਫਰੰਸਾਂ ਦੀਆਂ ਗੱਲਾਂ ਨਹੀਂ ਕਰਾਂਗੇ, ਜਿਨ੍ਹਾਂ ਵਿੱਚ ਮੂੰਹ-ਫਟ ਅੰਧਰਾਸ਼ਟਰਵਾਦੀ ਆਪਣੀਆਂ ਆਪਣੀਆਂ "ਪਿਤਾਭੂਮੀਆਂ" ਦੀ ਬੁਰਜੂਆਜ਼ੀ ਅਤੇ ਜਰਨੈਲਾਂ ਦੀ ਸਹਾਇਤਾ ਕਰਨ ਲਈ ਮਿਲ਼ ਬੈਠੇ ਸਨ। ਅਸੀਂ ਲੂਗਾਨੋ[33] ਅਤੇ ਕੋਪਨਹੇਗਨ[34] ਦੀਆਂ ਕਾਨਫਰੰਸਾਂ ਦਾ, ਕੌਮਾਂਤਰੀ ਮਹਿਲਾ ਕਾਨਫਰੰਸ[35] ਦਾ ਅਤੇ ਕੌਮਾਂਤਰੀ ਯੁਵਕ ਕਾਨਫਰੰਸ[36] ਦਾ ਜ਼ਿਕਰ ਕਰ ਰਹੇ ਹਾਂ। ਇਹ ਇਕੱਠ ਸ਼ੁਭ-ਇਛਾਵਾਂ ਨਾਲ਼ ਭਰਪੂਰ ਸਨ, ਪਰ ਇਹ ਉਪ੍ਰੋਕਤ ਖਤਰੇ ਨੂੰ ਸਮਝਣ ਤੋਂ ਪੂਰੀ ਤਰ੍ਹਾਂ ਅਸਮਰਥ ਰਹੇ। ਉਹਨਾਂ ਨੇ ਨਾ ਤਾਂ ਜੂਝਾਰ

ਕੌਮਾਂਤਰੀਵਾਦੀ ਸੇਧ ਹੀ ਨਿਸ਼ਚਿਤ ਕੀਤੀ, ਨਾ ਹੀ ਪ੍ਰੋਲਤਾਰੀਆਂ ਦਾ ਧਿਆਨ ਉਸ ਖਤਰੇ ਵੱਲ ਦੁਆਇਆ ਜਿਹੜਾ ਇੰਟਰਨੈਸ਼ਨਲ ਨੂੰ "ਬਹਾਲ ਕਰਨ" ਦੇ ਸਮਾਜੀ-ਅੰਧਰਾਸ਼ਟਰਵਾਦੀ ਢੰਗ ਨਾਲ਼ ਉਹਨਾਂ ਉੱਪਰ ਮੰਡਲ਼ਾ ਰਿਹਾ ਹੈ। ਵੱਧ ਤੋਂ ਵੱਧ, ਉਹਨਾਂ ਨੇ ਆਪਣੇ ਆਪ ਨੂੰ ਪੁਰਾਣੇ ਮਤੇ ਦੁਹਰਾਉਣ ਤੱਕ ਸੀਮਤ ਰੱਖਿਆ, ਬਿਨਾਂ ਮਜ਼ਦੂਰਾਂ ਨੂੰ ਇਹ ਦੱਸਣ ਦੇ ਕਿ ਜਿੰਨਾਂ ਚਿਰ ਤੱਕ ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਖਿਲਾਫ਼ ਘੋਲ਼ ਨਹੀਂ ਚਲਾਇਆ ਜਾਂਦਾ, ਸਮਾਜਵਾਦ ਦਾ ਉਦੇਸ਼ ਹਾਰ ਜਾਇਗਾ। ਵੱਧ ਤੋਂ ਵੱਧ, ਉਹ **ਇੱਕ ਥਾਂ ਖੜੇ ਪੈਰ ਮਾਰਦੇ** ਰਹੇ।

## ਵਿਰੋਧੀ ਧੜੇ ਵਿਚਲੀ ਹਾਲਤ

ਇਸ ਵਿੱਚ ਜ਼ਰਾ ਵੀ ਸ਼ੱਕ ਨਹੀਂ ਹੋ ਸਕਦਾ ਕਿ ਸਾਰੇ ਕੌਮਾਂਤਰੀਵਾਦੀਆਂ ਦੀ ਜਿਸ ਚੀਜ਼ ਵਿੱਚ ਸਭ ਤੋਂ ਵੱਧ ਦਿਲਚਸਪੀ ਹੈ, ਉਹ ਹੈ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਵਿਰੋਧੀ ਧੜੇ ਵਿਚਲੀ ਹਾਲਤ। ਅਧਿਕਾਰਿਤ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਨੇ, ਜਿਹੜੀ ਦੂਜੀ ਇੰਟਰਨੈਸ਼ਨਲ ਵਿੱਚ ਸਭ ਤੋਂ ਵੱਧ ਮਜ਼ਬੂਤ ਅਤੇ ਸਭ ਤੋਂ ਅੱਗੇ ਸੀ, ਕੌਮਾਂਤਰੀ ਮਜ਼ਦੂਰ ਜਥੇਬੰਦੀ ਨੂੰ ਜ਼ੋਰਦਾਰ ਸੱਟ ਲਾਈ ਹੈ। ਪਰ ਇਸਦੇ ਨਾਲ਼ ਹੀ, ਜਰਮਨ ਸੋਸ਼ਲ-ਡੈਮੋਕਰੈਟ ਹੀ ਸਨ, ਜਿਨ੍ਹਾਂ ਵਿੱਚ ਸਭ ਤੋਂ ਵੱਧ ਜ਼ੋਰਦਾਰ ਵਿਰੋਧ ਪੈਦਾ ਹੋਇਆ। ਸਾਰੀਆਂ ਵੱਡੀਆਂ ਯੂਰਪੀ ਪਾਰਟੀਆਂ ਵਿੱਚੋਂ, ਜਰਮਨ ਪਾਰਟੀ ਹੀ ਹੈ ਜਿਸ ਵਿੱਚ ਸਭ ਤੋਂ ਪਹਿਲਾਂ ਉਹਨਾਂ ਸਾਰੀਆਂ ਵੱਲੋਂ ਰੋਸ ਦੀ ਉੱਚੀ ਅਵਾਜ਼ ਉਠਾਈ ਗਈ, ਜਿਹੜੇ ਸਮਾਜਵਾਦ ਦੇ ਝੰਡੇ ਵੱਲ ਵਫਾਦਾਰ ਰਹੇ ਹਨ। ਸਾਨੂੰ ਰਸਾਲੇ «Lichtstrahlen»[37] ਅਤੇ «Die Internationale»[38] ਪੜ੍ਹ ਕੇ ਖੁਸ਼ੀ ਹੋਈ। ਸਾਨੂੰ ਇਹ ਜਾਣ ਕੇ ਹੋਰ ਵੀ ਜ਼ਿਆਦਾ ਖੁਸ਼ੀ ਹੋਈ ਕਿ ਖੁਫੀਆ ਤਰ੍ਹਾਂ ਨਾਲ਼ ਛਾਪੇ ਗਏ ਇਨਕਲਾਬੀ ਮੈਨੀਫੈਸਟੋ ਜਰਮਨੀ ਵਿੱਚ ਵੰਡੇ ਗਏ ਹਨ, ਜਿਵੇਂ ਕਿ "ਵੱਡਾ ਦੁਸ਼ਮਣ ਦੇਸ਼ ਦੇ ਅੰਦਰ ਹੈ" ਨਾਂ ਦਾ ਇੱਕ ਮੈਨੀਫੈਸਟੋ। ਇਥੋਂ ਪਤਾ ਲੱਗਦਾ ਹੈ ਕਿ ਜਰਮਨ ਮਜ਼ਦੂਰਾਂ ਵਿੱਚ ਸਮਾਜਵਾਦੀ ਦੀ ਭਾਵਨਾ ਜਿਊਂਦੀ ਹੈ, ਅਤੇ ਜਰਮਨੀ ਵਿੱਚ ਇਨਕਲਾਬੀ ਮਾਰਕਸਵਾਦ ਦਾ ਝੰਡਾ ਉੱਚਾ ਚੁੱਕਣ ਵਾਲ਼ੇ ਅਜੇ ਵੀ ਲੋਕ ਹਨ।

ਅਜੋਕੀ ਸਮਾਜਵਾਦੀ ਲਹਿਰ ਵਿੱਚ ਦੁਫੇੜ ਜਰਮਨ ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਸਭ ਤੋਂ ਵੱਧ ਉਘੜਵੀਂ ਤਰ੍ਹਾਂ ਸਾਮ੍ਹਣੇ ਆਈ ਹੈ। ਇਥੇ ਤਿੰਨ ਰੁਝਾਣ ਸਾਫ਼ ਸਾਫ਼ ਨਿਖੇੜੇ ਜਾ ਸਕਦੇ ਹਨ: ਮੌਕਾਪ੍ਰਸਤ ਅੰਧਰਾਸ਼ਟਰਵਾਦੀ, ਜਿਹੜੇ ਹੋਰ ਕਿਤੇ ਵੀ ਏਨੇ ਗੰਦੇ ਵਿਸ਼ਵਾਸਘਾਤ ਵਿੱਚ ਨਹੀਂ ਡੁੱਬੇ, ਜਿੰਨੇ ਜਰਮਨੀ ਵਿੱਚ; ਕਾਊਤਸਕੀਵਾਦੀ "ਵਿਚਾਲਪੰਥੀ", ਜਿਹੜੇ ਇੱਥੇ ਮੌਕਾਪ੍ਰਸਤਾਂ ਦੇ ਮਾਤਹਿਤਾਂ ਤੋਂ ਸਿਵਾ ਹੋਰ ਕੋਈ ਵੀ ਰੋਲ਼ ਅਦਾ ਕਰਨ ਤੋਂ ਅਸਮਰਥ ਰਹੇ ਹਨ; ਖੱਬੇ, ਜਿਹੜੇ ਜਰਮਨੀ ਵਿੱਚ ਇੱਕੋ ਇੱਕ ਸੋਸ਼ਲ-ਡੈਮੋਕਰੈਟ ਹਨ।

ਕੁਦਰਤੀ ਤੌਰ ਉੱਤੇ, ਜਰਮਨ ਖੱਬਿਆਂ ਵਿਚਲੇ ਹਾਲਾਤ ਹਨ, ਜਿਨ੍ਹਾਂ ਵਿੱਚ ਸਾਡੀ ਸਭ ਤੋਂ ਵਧ ਦਿਲਚਸਪੀ ਹੈ। ਉਹਨਾਂ ਦੇ ਰੂਪ ਵਿੱਚ ਅਸੀਂ ਆਪਣੇ ਸਾਥੀ ਦੇਖਦੇ ਹਾਂ, ਕੌਮਾਂਤਰੀਵਾਦੀ ਅਨਸਰਾਂ ਦੀ ਆਸ ਦੇਖਦੇ ਹਾਂ।

ਉਹਨਾਂ ਵਿਚਕਾਰ ਹਾਲਾਤ ਕੈਸੇ ਹਨ ?

ਰਸਾਲਾ «Die Internationale» ਇਹ ਲਿਖਣ ਵਿੱਚ ਬਿਲਕੁਲ ਠੀਕ ਸੀ ਕਿ ਜਰਮਨ ਖੱਬੇ ਅਜੇ ਵੀ ਖੌਲਣ ਦੀ ਅਵਸਥਾ ਵਿੱਚ ਹਨ, ਕਿ ਉਹਨਾਂ ਵਿੱਚ ਅਜੇ ਵੀ ਬੇਹੱਦ ਧੜੇਬਾਜ਼ੀਆਂ ਜਨਮ ਲੈ ਸਕਦੀਆਂ ਹਨ, ਅਤੇ ਉਹਨਾਂ ਦੇ ਆਪਣੇ ਅੰਦਰ ਕੁੱਝ ਅਨਸਰ ਵਧੇਰੇ ਦ੍ਰਿੜ ਅਤੇ ਦੂਜੇ ਘੱਟ ਦ੍ਰਿੜ ਹਨ।

ਬੇਸ਼ੱਕ, ਅਸੀਂ ਰੂਸੀ ਕੌਮਾਂਤਰੀਵਾਦੀ ਆਪਣੇ ਸਾਥੀਆਂ, ਜਰਮਨ ਖੱਬ-ਪੱਖੀਆਂ ਦੇ ਅੰਦਰਲੇ ਮਾਮਲਿਆਂ ਵਿੱਚ ਦਖਲ ਦੇਣ ਦੇ ਹੱਕ ਦਾ ਜ਼ਰਾ ਵੀ ਦਾਅਵਾ ਨਹੀਂ ਕਰਦੇ। ਅਸੀਂ ਸਮਝਦੇ ਹਾਂ ਕਿ ਸਿਰਫ਼ ਉਹ ਹੀ, ਸਮੇਂ ਅਤੇ ਸਥਾਨ ਦੀਆਂ ਹਾਲਤਾਂ ਅਨੁਸਾਰ, ਮੌਕਾਪ੍ਰਸਤਾਂ ਦਾ ਮੁਕਾਬਲਾ ਕਰਨ ਦੇ ਆਪਣੇ ਢੰਗ ਨਿਸ਼ਚਿਤ ਕਰਨ ਦੇ ਪੂਰੀ ਤਰ੍ਹਾਂ ਯੋਗ ਹਨ। ਅਸੀਂ ਸਿਰਫ਼ ਹਾਲਾਤ ਬਾਰੇ ਆਪਣੀ ਸਾਫ਼ ਸਾਫ਼ ਰਾਇ ਪ੍ਰਗਟ ਕਰਨਾ ਆਪਣਾ ਹੱਕ ਅਤੇ ਆਪਣਾ ਫਰਜ਼ ਸਮਝਦੇ ਹਾਂ।

ਸਾਨੂੰ ਯਕੀਨ ਹੈ ਕਿ ਰਸਾਲੇ «Die Internationale» ਵਿਚਲੇ ਸੰਪਾਦਕੀ ਦਾ ਲੇਖਕ ਇਹ ਲਿਖਣ ਵਿੱਚ ਬਿਲਕੁਲ ਠੀਕ ਸੀ ਕਿ ਕਾਊਤਸਕੀਵਾਦੀ "ਵਿਚਾਲਪੰਥ" ਮਾਰਕਸਵਾਦ ਨੂੰ ਕੱਟੜ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ਼ੋਂ ਵਧੇਰੇ ਨੁਕਸਾਨ ਪੁਚਾ ਰਿਹਾ ਹੈ। ਜਿਹੜਾ ਵੀ ਕੋਈ ਮਤਭੇਦਾਂ ਨੂੰ ਘਟਾ ਕੇ ਦਸਦਾ ਹੈ, ਜਾਂ, ਮਾਰਕਸਵਾਦ ਦੇ ਚੋਗੇ ਵਿੱਚ ਮਜ਼ਦੂਰਾਂ ਨੂੰ ਉਹ ਕੁੱਝ ਸਿਖਾਉਂਦਾ ਹੈ, ਜੋ ਕੁੱਝ ਕਾਊਤਸਕੀਵਾਦ ਪ੍ਰਚਾਰਦਾ ਹੈ, ਉਹ ਅਸਲ ਵਿੱਚ ਮਜ਼ਦੂਰਾਂ ਨੂੰ ਸੁਆ ਰਿਹਾ ਹੈ, ਅਤੇ ਜ਼ੂਦੇਕੁਮਾਂ ਅਤੇ ਹਾਈਨੇਆਂ ਨਾਲ਼ੋਂ ਵਧੇਰੇ ਨੁਕਸਾਨ ਪੁਚਾ ਰਿਹਾ ਹੈ, ਜਿਹੜੇ ਮਸਲੇ ਨੂੰ ਸਾਫ਼ ਸਾਫ਼ ਪੇਸ਼ ਕਰ ਰਹੇ ਹਨ ਅਤੇ ਮਜ਼ਦੂਰਾਂ ਨੂੰ ਮਜਬੂਰ ਕਰ ਰਹੇ ਹਨ ਕਿ ਉਹ ਆਪਣਾ ਵਿਚਾਰ ਬਨਾਉਣ ਦੀ ਕੋਸ਼ਿਸ਼ ਕਰਨ।

"ਸਰਕਾਰੀ ਅਦਾਰਿਆਂ"[39] ਦੇ ਖਿਲਾਫ਼ ਜ਼ਬਰਦਸਤ ਸਿਆਸੀ ਵਿਰੋਧਤਾ ਤੋਂ, ਕਿਸੇ ਨੂੰ ਧੋਖਾ ਨਹੀਂ ਖਾਣਾ ਚਾਹੀਦਾ ਜਿਸਦੀ ਪਿਛਲੇ ਕੁੱਝ ਸਮੇਂ ਤੋਂ ਕਾਊਤਸਕੀ ਅਤੇ ਹਾਜ਼ੇ ਆਪਣੇ ਆਪ ਨੂੰ ਆਗਿਆ ਦੇ ਰਹੇ ਹਨ। ਉਹਨਾਂ ਅਤੇ ਸ਼ੀਦਮਾਨਾਂ ਵਿਚਲੇ ਮਤਭੇਦ ਬੁਨਿਆਦੀ ਅਸੂਲਾਂ ਉੱਪਰ ਨਹੀਂ। ਕਾਊਤਸਕੀ ਅਤੇ ਹਾਸੇ ਵਿਸ਼ਵਾਸ਼ ਕਰਦੇ ਹਨ ਕਿ ਹਿੰਡਨਬਰਗ ਅਤੇ ਮੈਕਨਸਨ **ਪਹਿਲਾਂ ਹੀ** ਜੇਤੂ ਹੋ ਚੁੱਕੇ ਹਨ ਅਤੇ ਹੁਣ ਅਲਹਾਕਾਂ ਦੇ ਖਿਲਾਫ਼ ਰੋਸ ਪ੍ਰਗਟ ਕਰਨ ਦੀ ਅੱਯਾਸ਼ੀ ਦੀ ਆਪਣੇ ਆਪ ਨੂੰ ਆਗਿਆ ਦੇ ਸਕਦੇ ਹਨ। ਸ਼ੀਦਮਾਨਾਂ ਦਾ ਵਿਸ਼ਵਾਸ ਹੈ ਕਿ ਹਿੰਡਨਬਰਗ ਅਤੇ ਮੈਕਨਸਨ **ਅਜੇ** ਜੇਤੂ ਨਹੀਂ ਹੋਏ, ਇਸ ਲਈ "ਅਖੀਰ ਤੱਕ ਡੱਟਣਾ" ਜ਼ਰੂਰੀ ਹੈ।

ਕਾਊਤਸਕੀਵਾਦ "ਸਰਕਾਰੀ ਅਦਾਰਿਆਂ" ਦੇ ਖਿਲਾਫ਼ ਸਿਰਫ਼ ਨਕਲੀ ਘੋਲ਼ ਚਲਾ ਰਿਹਾ ਹੈ, ਸਿਰਫ਼ ਇਸ ਲਈ ਕਿ ਜੰਗ ਤੋਂ ਪਿਛੋਂ ਮਜ਼ਦੂਰਾਂ ਤੋਂ ਅਸੂਲਾਂ ਦੀ ਟੱਕਰ ਨੂੰ ਲੁਕਾਉਣ ਦੇ ਅਤੇ ਧੁੰਦਲੀ ਜਿਹੀ "ਖੱਬੇ ਪੱਖੀ" ਭਾਵਨਾ ਵਿੱਚ ਤਿਆਰ ਕੀਤੇ ਗਏ ਇੱਕ ਹਜ਼ਾਰ ਇੱਕ ਮੋਟੇ ਮੋਟੇ ਮਤਿਆਂ ਨਾਲ਼, ਜਿਨ੍ਹਾਂ ਨੂੰ ਲਿਖਣ ਵਿੱਚ ਦੂਜੀ ਇੰਟਰਨੈਸ਼ਨਲ ਦੇ ਡਿਲਪੋਮੈਟ ਏਨੇਂ ਮਾਹਰ ਹਨ, ਮਸਲੇ ਨੂੰ ਕਾਗ਼ਜ਼ੀ ਤੌਰ ਉੱਤੇ ਸਾਫ਼ ਕਰਨ ਦੇ ਸਮਰੱਥ ਹੋ

ਸਕਣ।

ਇਹ ਗੱਲ ਬਿਲਕੁਲ ਸਮਝ ਆ ਸਕਦੀ ਹੈ ਕਿ, "ਸਰਕਾਰੀ ਅਦਾਰਿਆਂ" ਦੇ ਖਿਲਾਫ਼ ਆਪਣੇ ਮੁਸ਼ਕਲ ਘੋਲ਼ ਵਿੱਚ, ਜਰਮਨ ਵਿਰੋਧੀ ਦਲ ਨੂੰ ਵੀ ਕਾਊਤਸਕੀਵਾਦ ਵਲੋਂ ਖੜੀ ਕੀਤੀ ਗਈ ਇਸ ਗ਼ੈਰ-ਅਸੂਲੀ ਵਿਰੋਧਤਾ ਦੀ ਵਰਤੋਂ ਕਰਨੀ ਚਾਹੀਦੀ ਹੈ। ਪਰ ਕਿਸੇ ਵੀ ਕੌਮਾਂਤਰੀਵਾਦੀ ਲਈ, ਨਵ-ਕਾਊਤਸਕੀਵਾਦ ਵੱਲ ਵਿਰੋਧ ਕਸੌਟੀ ਬਣਿਆ ਰਹਿਣਾ ਚਾਹੀਦਾ ਹੈ। ਸਿਰਫ਼ ਉਹ ਹੀ ਸੱਚਾ ਕੌਮਾਂਤਰੀਵਾਦੀ ਹੈ ਜਿਹੜਾ ਕਾਊਤਸਕੀਵਾਦ ਦਾ ਵਿਰੋਧ ਕਰਦਾ ਹੈ ਅਤੇ ਸਮਝਦਾ ਹੈ ਕਿ, ਇਸਦੇ ਆਗੂਆਂ ਵੱਲੋਂ ਮਨਸ਼ਾ ਤਬਦੀਲ ਹੋਣ ਦਾ ਬਹਾਨਾ ਬਨਾਉਣ ਤੋਂ **ਪਿੱਛੋਂ ਵੀ**, "ਵਿਚਾਲ਼ਪੰਥ", ਸਾਰੇ ਬੁਨਿਆਦੀ ਮਸਲਿਆਂ ਉੱਪਰ, **ਅੰਧਰਾਸ਼ਟਰਵਾਦੀਆਂ ਅਤੇ ਮੌਕਾਪ੍ਰਸਤਾਂ ਦਾ ਇਤਿਹਾਦੀ** ਬਣਿਆ ਰਹਿੰਦਾ ਹੈ।

ਆਮ ਤੌਰ ਉੱਤੇ, ਇੰਟਰਨੈਸ਼ਨਲ ਵਿਚਲੇ ਥਿੜਕਵੇਂ ਅਨਸਰਾਂ ਵੱਲ ਸਾਡਾ ਵਤੀਰਾ ਬੇਹੱਦ ਮਹੱਤਤਾ ਰੱਖਦਾ ਹੈ। ਇਹ ਅਨਸਰ - ਮੁੱਖ ਤੌਰ ਉੱਤੇ **ਸ਼ਾਂਤੀਵਾਦੀ** ਵੰਨਗੀ ਦੇ ਸਮਾਜਵਾਦੀ— ਨਿਰਪੱਖ ਦੇਸ਼ਾਂ ਵਿੱਚ ਵੀ ਅਤੇ ਜੰਗ ਵਿੱਚ ਸ਼ਾਮਲ ਦੇਸ਼ਾਂ ਵਿੱਚੋਂ ਕੁੱਝ ਵਿੱਚ ਵੀ (ਉਦਾਹਰਣ ਵਜੋਂ, ਬਰਤਾਨੀਆ ਵਿੱਚ ਇੰਡੀਪੈਂਡੈਂਟ ਲੇਬਰ ਪਾਰਟੀ[40]) ਦੇਖਣ ਵਿੱਚ ਆਉਂਦੇ ਹਨ। ਇਹੋ ਜਿਹੇ ਅਨਸਰ ਸਾਡੇ ਸਫਰ-ਸਾਥੀ ਬਣ ਸਕਦੇ ਹਨ। ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਖਿਲਾਫ਼ ਘੋਲ ਲਈ ਉਹਨਾਂ ਨਾਲ਼ ਸੰਬੰਧ ਜ਼ਰੂਰੀ ਹਨ। ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਹ **ਸਿਰਫ਼** ਸਫਰ-ਸਾਥੀ ਹੀ ਹਨ, ਅਤੇ ਸਾਰੇ ਮੁੱਖ ਅਤੇ ਬੁਨਿਆਦੀ ਮਸਲਿਆਂ ਉੱਪਰ ਇਹ ਅਨਸਰ ਸਾਡੇ ਨਾਲ਼ ਨਹੀਂ ਸਗੋਂ ਸਾਡੇ ਖਿਲਾਫ਼ ਜਾਣਗੇ, ਜਦੋਂ ਇੰਟਰਨੈਸ਼ਨਲ ਬਹਾਲ ਹੋ ਰਹੀ ਹੋਵੇਗੀ, ਉਹ ਕਾਊਤਸਕੀ, ਸ਼ੀਦਮਾਨ, ਵਾਂਡਰਵੇਲਡੇ, ਅਤੇ ਸੇਮਬਾਤ ਦਾ ਪਾਸਾ ਲੈਣਗੇ। ਕੌਮਾਂਤਰੀ ਕਾਨਫਰੰਸਾਂ ਵਿੱਚ, ਸਾਨੂੰ ਆਪਣਾ ਪ੍ਰੋਗਰਾਮ ਉਥੋਂ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ, ਜੋ ਕੁੱਝ ਇਹਨਾਂ ਅਨਸਰਾਂ ਨੂੰ ਪ੍ਰਵਾਨ ਹੋਵੇ। ਜੇ ਅਸੀਂ ਐਸਾ ਕਰਾਂਗੇ, ਤਾਂ ਅਸੀਂ ਡਿੱਕੇਡੋਲੇ ਖਾਂਦੇ ਸ਼ਾਂਤੀਵਾਦੀਆਂ ਦੇ ਗ਼ੁਲਾਮ ਬਣ ਜਾਵਾਂਗੇ। ਉਦਾਹਰਣ ਵਜੋਂ, ਬਰਨ ਵਿੱਚ ਕੌਮਾਂਤਰੀ ਮਹਿਲਾ ਕਾਨਫਰੰਸ ਵਿੱਚ ਜੋ ਵਾਪਰਿਆ, ਉਹ ਇਹ ਸੀ। ਉਥੇ ਜਰਮਨ ਪ੍ਰਤਿਨਿੱਧ-ਮੰਡਲ਼ ਨੇ, ਜਿਹੜਾ ਸਾਥੀ ਕਲਾਰਾ ਜੈਟਕਿਨ ਦੇ ਦ੍ਰਿਸ਼ਟੀਕੋਨ ਦਾ ਸਮਰਥਨ ਕਰਦਾ ਸੀ, ਅਸਲ ਵਿੱਚ "ਵਿਚਾਲਪੰਥ" ਦਾ ਰੋਲ਼ ਅਦਾ ਕੀਤਾ। ਮਹਿਲਾ ਕਾਨਫਰੰਸ ਨੇ ਸਿਰਫ਼ ਉਹੀ ਕੁੱਝ ਕਿਹਾ ਜੋ ਕੁੱਝ ਤਰੂਲਸਤਰਾ ਦੀ ਅਗਵਾਈ ਹੇਠਲੇ ਮੌਕਾਪ੍ਰਸਤ ਡੱਚ ਪਾਰਟੀ ਦੀਆਂ ਡੈਲੀਗੇਟਾਂ ਨੂੰ, ਅਤੇ ਇੰਡੀਪੈਂਡੈਂਟ ਲੇਬਰ ਪਾਰਟੀ ਦੀਆਂ ਡੈਲੀਗੇਟਾਂ ਨੂੰ ਪ੍ਰਵਾਨ ਸੀ; ਅਸੀਂ ਹਮੇਸ਼ਾ ਯਾਦ ਰੱਖਾਂਗੇ ਕਿ "ਇਤਿਹਾਦੀ ਦੇਸ਼ਾਂ" ਦੇ ਅੰਧਰਾਸ਼ਟਰਵਾਦੀਆਂ ਦੀ ਲੰਡਨ ਕਾਨਫਰੰਸ ਵਿੱਚ ਇੰਡੀਪੈਂਡੈਂਟ ਲੇਬਰ ਪਾਰਟੀ ਨੇ ਵਾਂਡਰਵੇਲਡੇ ਦੇ ਮਤੇ ਦੇ ਹੱਕ ਵਿੱਚ ਵੋਟ ਪਾਇਆ ਸੀ। ਅਸੀਂ ਜੰਗ ਦੇ ਦੌਰਾਨ ਬਰਤਾਨਵੀ ਸਰਕਾਰ ਦੇ ਖਿਲਾਫ਼ ਇਸ ਵੱਲੋਂ ਲੜੇ ਜਾਂਦੇ ਰਹੇ ਬਹਾਦਰਾਨਾ ਘੋਲ਼ ਲਈ ਇੰਡੀਪੈਂਡੈਂਟ ਲੇਬਰ ਪਾਰਟੀ ਵਾਸਤੇ ਆਪਣਾ ਅਤਿਅੰਤ ਸਤਿਕਾਰ ਪ੍ਰਗਟ ਕਰਨਾ ਚਾਹੁੰਦੇ ਹਾਂ। ਪਰ ਸਾਨੂੰ ਪਤਾ ਹੈ ਕਿ ਇਸ ਪਾਰਟੀ ਨੇ ਕਦੀ ਮਾਰਕਸਵਾਦੀ ਸਟੈਂਡ ਨਹੀਂ ਸੀ ਲਿਆ ਤੇ ਨਾ ਹੀ ਲੈ ਰਹੀ ਹੈ।

ਆਪਣੇ ਤੌਰ ਉੱਤੇ, ਸਾਡਾ ਵਿਸ਼ਵਾਸ ਹੈ ਕਿ ਅੱਜ ਇਨਕਲਾਬੀ ਮਾਰਕਸਵਾਦ ਦਾ ਝੰਡਾ ਉੱਚਾ ਚੁੱਕਣਾ, ਮਜ਼ਦੂਰਾਂ ਨੂੰ ਦ੍ਰਿੜ੍ਹਤਾ ਨਾਲ਼ ਅਤੇ ਨਿਸ਼ਚਿਤ ਢੰਗ ਨਾਲ਼ ਇਹ ਦੱਸਣਾ ਕਿ ਅਸੀਂ ਸਾਮਰਾਜਵਾਦੀ ਜੰਗਾਂ ਨੂੰ ਕਿਵੇਂ ਲੈਂਦੇ ਹਾਂ, ਅਤੇ ਵਿਸ਼ਾਲ ਇਨਕਲਾਬੀ ਕਾਰਵਾਈ ਦਾ, ਭਾਵ, ਸਾਮਰਾਜਵਾਦੀ ਜੰਗਾਂ ਦੇ ਦੌਰ ਨੂੰ ਘਰੇਲੂ ਜੰਗਾਂ ਦਾ ਦੌਰ ਆਰੰਭ ਕਰਨ ਵਿੱਚ ਬਦਲਣ ਦਾ ਨਾਅਰਾ ਦੇਣਾ ਸੋਸ਼ਲ-ਡੈਮੋਕਰੈਟਿਕ ਵਿਰੋਧੀ ਦਲ ਦਾ ਮੁੱਖ ਕਰਤਵ ਹੈ।

ਸਭ ਕੁੱਝ ਦੇ ਬਾਵਜੂਦ, ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਅਨਸਰ ਕਈ ਦੇਸ਼ਾਂ ਵਿੱਚ ਮੌਜੂਦ ਹਨ। ਉਹ ਜਰਮਨੀ, ਰੂਸ, ਸਕੈਂਡੇਨੇਵੀਆ (ਜਿੱਥੇ ਸਾਥੀ ਹੋਗਲੁੰਡ ਪ੍ਰਭਾਵਸ਼ਾਲੀ ਰੁਝਾਣ ਦੀ ਪ੍ਰਤਿਨਿੱਧਤਾ ਕਰਦਾ ਹੈ), ਬਲਕਾਨਜ਼ (ਬਲਗਾਰੀਅਨ "ਤੇਸਨੀਆਕੀ"[41] ਦੀ ਪਾਰਟੀ), ਇਟਲੀ, ਬਰਤਾਨੀਆ (ਬਰਤਾਨਵੀ ਸੋਸ਼ਲਿਸਟ ਪਾਰਟੀ[42] ਦਾ ਇੱਕ ਹਿੱਸਾ), ਫਰਾਂਸ (ਵੇਲਾਂ ਨੇ «L'Humanité»[43] ਵਿੱਚ ਖ਼ੁਦ ਮੰਨਿਆ ਹੈ ਕਿ ਉਸਨੂੰ ਕੌਮਾਂਤਰੀਵਾਦੀਆਂ ਵੱਲੋਂ ਰੋਸ-ਪੱਤਰ ਮਿਲ਼ੇ ਹਨ, ਪਰ ਉਸਨੇ ਉਹਨਾਂ ਵਿੱਚੋਂ ਇੱਕ ਵੀ ਪੂਰਾ ਨਹੀਂ ਛਾਪਿਆ), ਹਾਲੈਂਡ (ਟਰਿਬਿਊਨਵਾਦੀ[44]) ਆਦਿ ਵਿੱਚ ਦੇਖੇ ਜਾ ਸਕਦੇ ਹਨ। ਇਹਨਾਂ ਮਾਰਕਸਵਾਦੀ ਅਨਸਰਾਂ ਨੂੰ ਇਕੱਠਿਆਂ ਕਰਨਾ, ਭਾਵੇਂ ਸ਼ੁਰੂ ਸ਼ੁਰੂ ਵਿੱਚ ਉਹਨਾਂ ਦੀ ਗਿਣਤੀ ਕਿੰਨੀਂ ਵੀ ਘੱਟ ਹੋਵੇ; ਉਹਨਾਂ ਦੇ ਨਾਂ ਉੱਤੇ, ਸੱਚੇ ਸਮਾਜਵਾਦ ਦੇ ਹੁਣ ਭੁੱਲੇ-ਵਿਸਰੇ ਆਦਰਸ਼ਾਂ ਵਿੱਚ ਫਿਰ ਜਾਨ ਪਾਉਣੀ, ਅਤੇ ਸਾਰੇ ਦੇਸ਼ਾਂ ਦੇ ਮਜ਼ਦੂਰਾਂ ਨੂੰ ਅੰਧਰਾਸ਼ਟਰਵਾਦੀਆਂ ਨਾਲ਼ੋਂ ਨਾਤਾ ਤੋੜਨ ਦੀ ਅਤੇ ਮਾਰਕਸਵਾਦ ਦੇ ਪੁਰਾਣੇ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ ਕਰਨੀ—ਇਹੋ ਜਿਹਾ ਹੈ ਅੱਜ ਦਾ ਕਾਰਜ।

ਅਖਾਉਤੀ "ਕਾਰਵਾਈ" ਦੇ ਪ੍ਰੋਗਰਾਮਾਂ ਦੀਆਂ ਕਾਨਫਰੰਸਾਂ ਨੇ ਹੁਣ ਤੱਕ ਆਪਣੇ ਆਪ ਨੂੰ ਨਿਰੋਲ ਸ਼ਾਂਤੀਵਾਦ ਦਾ ਘੱਟ ਜਾਂ ਵੱਧ ਸਪਸ਼ਟ ਪ੍ਰੋਗਰਾਮ ਐਲਾਨਣ ਤੱਕ ਸੀਮਤ ਰੱਖਿਆ ਹੈ। ਮਾਰਕਸਵਾਦ ਸ਼ਾਂਤੀਵਾਦ ਨਹੀਂ। ਬੇਸ਼ੱਕ, ਜੰਗ ਦੇ ਜਿੱਥੋਂ ਤੱਕ ਹੋ ਸਕੇ ਛੇਤੀ ਤੋਂ ਛੇਤੀ ਖਾਤਮੇ ਲਈ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਪਰ "ਅਮਨ" ਦੀ ਮੰਗ ਪ੍ਰੋਲੇਤਾਰੀ ਮਹੱਤਤਾ ਸਿਰਫ਼ ਤਾਂ ਹੀ ਪ੍ਰਾਪਤ ਕਰਦੀ ਹੈ ਜੇ **ਇਨਕਲਾਬੀ** ਘੋਲ਼ ਦਾ ਨਾਅਰਾ ਦਿੱਤਾ ਜਾਏ। ਇਨਕਲਾਬਾਂ ਦੀ ਲੜੀ ਤੋਂ ਬਿਨਾਂ, ਜਿਸਨੂੰ ਜਮਹੂਰੀ ਅਮਨ ਕਿਹਾ ਜਾਂਦਾ ਹੈ, ਉਹ ਤੰਗਨਜ਼ਰ ਯੂਟੋਪੀਆ ਹੈ। ਕਾਰਵਾਈ ਦੇ ਸੱਚੇ ਪ੍ਰੋਗਰਾਮ ਦਾ ਮੰਤਵ ਸਿਰਫ਼ ਇੱਕ **ਮਾਰਕਸਵਾਦੀ** ਪ੍ਰੋਗਰਾਮ ਹੀ ਸਾਰ ਸਕਦਾ ਹੈ, ਜਿਹੜਾ ਲੋਕਾਂ ਨੂੰ, ਜੋ ਕੁੱਝ ਵਾਪਰਿਆ ਹੈ, ਪੂਰੀ ਤਰ੍ਹਾਂ ਅਤੇ ਸਪਸ਼ਟਤਾ ਨਾਲ਼ ਸਮਝਾਉਂਦਾ ਹੋਵੇ, ਵਿਆਖਿਆ ਕਰਦਾ ਹੋਵੇ ਕਿ ਸਾਮਰਾਜਵਾਦ ਕੀ ਹੈ ਅਤੇ ਇਸਦਾ ਮੁਕਾਬਲਾ ਕਿਵੇਂ ਕੀਤਾ ਜਾਣਾ ਚਾਹੀਦਾ ਹੈ, ਖੁੱਲ੍ਹਮ-ਖੁੱਲ੍ਹਾ ਐਲਾਨ ਕਰਦਾ ਹੋਵੇ ਕਿ ਦੂਜੀ ਇੰਟਰਨੈਸ਼ਨਲ ਨੂੰ ਮੌਕਾਪ੍ਰਸਤੀ ਨੇ ਢਹਿ-ਢੇਰੀ ਕੀਤਾ ਅਤੇ ਮੌਕਾਪ੍ਰਸਤਾਂ ਤੋਂ ਬਿਨਾਂ ਅਤੇ ਉਹਨਾਂ ਦੇ **ਖਿਲਾਫ਼** ਉਸਾਰੀ ਜਾਣ ਵਾਲ਼ੀ ਮਾਰਕਸਵਾਦੀ ਇੰਟਰਨੈਸ਼ਨਲ ਦਾ ਖੁੱਲ੍ਹਮ-ਖੁੱਲ੍ਹਾ ਨਾਅਰਾ ਦੇਂਦਾ ਹੋਵੇ। ਸਿਰਫ਼ ਐਸਾ ਪ੍ਰੋਗਰਾਮ ਹੀ, ਜਿਹੜਾ ਦਰਸਾਉਂਦਾ ਹੋਵੇ ਕਿ ਸਾਡਾ ਆਪਣੇ ਆਪ ਵਿੱਚ ਅਤੇ ਮਾਰਕਸਵਾਦ ਵਿੱਚ ਵਿਸ਼ਵਾਸ ਹੈ ਅਤੇ ਅਸੀਂ ਮੌਕਾਪ੍ਰਸਤੀ ਦੇ ਖਿਲਾਫ਼ ਜ਼ਿੰਦਗੀ-ਮੌਤ ਦੇ ਘੋਲ਼ ਦਾ ਐਲਾਨ ਕਰ ਦਿੱਤਾ ਹੈ, ਸਾਡੇ ਲਈ ਛੇਤੀ ਜਾਂ ਸਮਾਂ ਪਾ

ਕੇ ਸੱਚੀ ਪ੍ਰੋਲੇਤਾਰੀ ਜਨਤਾ ਦੀਆਂ ਹਮਦਰਦੀਆਂ ਜਿੱਤੇਗਾ।

## ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਅਤੇ ਤੀਜੀ ਇੰਟਰਨੈਸ਼ਨਲ[45]

ਰੂਸੀ ਸੋਸ਼ਲ–ਡੈਮੋਕਰੈਟਿਕ ਲੇਬਰ ਪਾਰਟੀ ਮੁਦਤਾਂ ਦੀ ਆਪਣੇ ਮੌਕਾਪ੍ਰਸਤਾਂ ਨਾਲ਼ ਤੋੜ–ਵਿਛੋੜਾ ਕਰ ਚੁੱਕੀ ਹੋਈ ਹੈ। ਇਸ ਤੋਂ ਛੁੱਟ, ਰੂਸੀ ਮੌਕਾਪ੍ਰਸਤ ਹੁਣ ਅੰਧਰਾਸ਼ਟਰਵਾਦੀ ਬਣ ਚੁੱਕੇ ਹਨ। ਇਹ ਗੱਲ ਸਾਨੂੰ ਆਪਣੀ ਰਾਇ ਵਿੱਚ ਸਿਰਫ਼ ਪੱਕਿਆਂ ਹੀ ਕਰਦੀ ਹੈ ਕਿ ਉਹਨਾਂ ਨਾਲ਼ੋਂ ਟੁੱਟਣਾ ਸਮਾਜਵਾਦੀ ਦੇ ਹਿਤਾਂ ਵਿੱਚ ਲਾਜ਼ਮੀ ਹੈ। ਸਾਨੂੰ ਯਕੀਨ ਹੈ ਕਿ ਸਮਾਜੀ–ਅੰਧਰਾਸ਼ਟਰਵਾਦੀਆਂ ਨਾਲ਼ ਸੋਸ਼ਲ–ਡੈਮੋਕਰੈਟਾਂ ਦੇ ਮੌਜੂਦਾ ਮੱਤਭੇਦ ਕਿਸੇ ਤਰ੍ਹਾਂ ਵੀ ਅਰਾਜਕਤਾਵਾਦੀਆਂ ਨਾਲ਼ ਸਮਾਜਵਾਦੀਆਂ ਦੇ ਮੱਤਭੇਦਾਂ ਨਾਲ਼ੋਂ ਘੱਟ ਉਘੜਵੇਂ ਨਹੀਂ, ਜਦੋਂ ਸੋਸ਼ਲ–ਡੈਮੋਕਰੈਟ ਅਰਾਜਕਤਾਵਾਦੀਆਂ ਨਾਲ਼ੋਂ ਵੱਖ ਹੋਏ ਸਨ। ਮੌਕਾਪ੍ਰਸਤ Monitor ਠੀਕ ਸੀ ਜਦੋਂ ਉਸਨੇ «Preußische Jurbücher»[46] ਵਿੱਚ ਲਿਖਿਆ ਸੀ ਕਿ ਅੱਜ ਦੀ ਏਕਤਾ ਮੌਕਾਪ੍ਰਸਤਾਂ ਅਤੇ ਬੁਰਜੂਆਜ਼ੀ ਲਈ ਲਾਭਕਾਰੀ ਹੈ, ਕਿਉਂਕਿ ਇਸਨੇ ਅੰਧਰਾਸ਼ਟਰਵਾਦੀਆਂ ਅੱਗੇ ਹਥਿਆਰ ਸੁੱਟਣ ਲਈ ਖੱਬਿਆਂ ਨੂੰ ਮਜਬੂਰ ਕਰ ਦਿੱਤਾ ਹੈ ਅਤੇ ਮਜ਼ਦੂਰਾਂ ਨੂੰ ਵਿਵਾਦ ਸਮਝਣ ਤੋਂ ਅਤੇ ਆਪਣੀ ਹੀ ਸੱਚੀ ਮਜ਼ਦੂਰ–ਜਮਾਤ ਅਤੇ ਸੱਚੀ ਸਮਾਜਵਾਦੀ ਪਾਰਟੀ ਬਨਾਉਣ ਤੋਂ ਰੋਕਦੀ ਹੈ। ਸਾਨੂੰ ਪੱਕਾ ਯਕੀਨ ਹੈ ਕਿ, ਮੌਜੂਦਾ ਹਾਲਤਾਂ ਵਿੱਚ, ਮੌਕਾਪ੍ਰਸਤਾਂ ਅਤੇ ਅੰਧਰਾਸ਼ਟਰਵਾਦੀਆਂ ਨਾਲ਼ ਤੋੜ–ਵਿਛੋੜਾ ਕਰਨਾ ਇਨਕਲਾਬੀਆਂ ਦਾ ਪਹਿਲਾ ਫਰਜ਼ ਹੈ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਪੱਛੜੇ ਮਜ਼ਦੂਰਾਂ ਦੀ ਪ੍ਰਬੁੱਧਤਾ ਨੂੰ ਤੇਜ਼ੀ ਦੇਣ ਵਿੱਚ ਅਤੇ ਉਹਨਾਂ ਨੂੰ ਸੋਸ਼ਲ–ਡੈਮੋਕਰੈਟਿਕ ਪਾਰਟੀ ਦੀਆਂ ਸਫਾਂ ਵਿੱਚ ਖਿੱਚਣ ਵਿੱਚ ਸਹਾਇਤਾ ਕਰਨ ਲਈ ਪੀਲਿਆਂ ਨਾਲ[47], ਯਹੂਦੀ–ਵਿਰੋਧੀਆਂ,ਉਦਾਰਵਾਦੀ ਮਜ਼ਦੂਰ ਯੂਨੀਅਨਾਂ ਨਾਲ਼ੋਂ ਤੋੜ–ਵਿਛੋੜਾ ਜ਼ਰੂਰੀ ਸੀ।

ਸਾਡੀ ਰਾਇ ਵਿੱਚ, ਤੀਜੀ ਇੰਟਰਨੈਸ਼ਨਲ ਉਸ ਤਰ੍ਹਾਂ ਦੇ ਇਨਕਲਾਬੀ ਆਧਾਰ ਉੱਤੇ ਉਸਾਰੀ ਜਾਣੀ ਚਾਹੀਦੀ ਹੈ। ਸਾਡੀ ਪਾਰਟੀ ਲਈ, ਸਮਾਜੀ–ਅੰਧਰਾਸ਼ਟਰਵਾਦੀਆਂ ਨਾਲ਼ ਤੋੜ–ਵਿਛੋੜੇ ਦੀ ਉਚਿਤਤਾ ਦੇ ਸਵਾਲ ਦੀ ਹੋਂਦ ਹੀ ਨਹੀਂ, ਇਸਦਾ ਅੰਤਮ ਤੌਰ ਉੱਤੇ ਜਵਾਬ ਦਿੱਤਾ ਜਾ ਚੁੱਕਾ ਹੈ। ਸਾਡੀ ਪਾਰਟੀ ਲਈ ਜਿਸ ਇੱਕ ਇੱਕ ਸਵਾਲ ਦੀ ਹੋਂਦ ਹੈ, ਉਹ ਇਹ ਕਿ ਇਸਨੂੰ ਨਿਕਟ ਭਵਿੱਖ ਵਿੱਚ ਕੌਮਾਂਤਰੀ ਪੈਮਾਨੇ ਉੱਤੇ ਪ੍ਰਾਪਤ ਕੀਤਾ ਜਾ ਸਕਦਾ ਹੈ ਜਾਂ ਨਹੀਂ।

ਇਹ ਬਿਲਕੁਲ ਸਪਸ਼ਟ ਹੈ ਕਿ **ਕੌਮਾਂਤਰੀ** ਮਾਰਕਸਵਾਦੀ ਜਥੇਬੰਦੀ ਸਿਰਜਣ ਲਈ, **ਵੱਖੋ ਵੱਖਰੇ** ਦੇਸ਼ਾਂ ਵਿੱਚ ਸਵੈਧੀਨ ਮਾਰਕਸਵਾਦੀ ਪਾਰਟੀਆਂ ਕਾਇਮ ਕਰਨ ਦੀ ਤਤਪਰਤਾ ਹੋਣੀ ਚਾਹੀਦੀ ਹੈ। ਸਭ ਤੋਂ ਪੁਰਾਣੀ ਅਤੇ ਸਭ ਤੋਂ ਮਜ਼ਬੂਤ ਮਜ਼ਦੂਰ ਜਮਾਤ ਲਹਿਰ ਵਾਲ਼ੇ ਦੇਸ਼ ਵਜੋਂ, ਜਰਮਨੀ ਫੈਸਲਾਕੁਨ ਮਹੱਤਤਾ ਰੱਖਦਾ ਹੈ। ਨਿਕਟ ਭਵਿੱਖ ਦਰਸਾਇਗਾ ਕਿ ਨਵੀਂ ਅਤੇ ਮਾਰਕਸਵਾਦੀ ਇੰਟਰਨੈਸ਼ਨਲ ਕਾਇਮ ਕਰਨ ਲਈ ਹਾਲਤਾਂ ਪੱਕੀਆਂ ਹੋਈਆਂ ਹਨ ਜਾਂ ਨਹੀਂ। ਜੇ ਹਨ, ਤਾਂ ਸਾਡੀ ਪਾਰਟੀ, ਇਹੋ ਜਿਹੀ, ਮੌਕਾਪ੍ਰਸਤੀ

ਅਤੇ ਅੰਧਰਾਸ਼ਟਰਵਾਦ ਤੋਂ ਸਾਫ਼ ਹੋਈ ਹੋਈ, ਤੀਜੀ ਇੰਟਰਨੈਸ਼ਨਲ ਵਿੱਚ ਖ਼ੁਸ਼ੀ ਖ਼ੁਸ਼ੀ ਰਲ਼ ਜਾਇਗੀ। ਜੇ ਨਹੀਂ, ਤਾਂ ਇਸ ਤੋਂ ਪਤਾ ਲੱਗੇਗਾ ਕਿ ਇਸ ਸਫਾਈ ਨੂੰ ਅਮਲ ਵਿੱਚ ਲਿਆਉਣ ਲਈ ਕਰਮ–ਵਿਕਾਸ ਦੇ ਘੱਟ ਜਾਂ ਵੱਧ ਲਮਕਵੇਂ ਦੌਰ ਦੀ ਲੋੜ ਹੈ। ਫਿਰ ਸਾਡੀ ਪਾਰਟੀ ਪੁਰਾਣੀ ਇੰਟਰਨੈਸ਼ਨਲ ਵਿੱਚ ਅਤਿਵਾਦੀ ਵਿਰੋਧੀ ਦਲ ਕਾਇਮ ਕਰੇਗੀ, ਉਸ ਸਮੇਂ ਤੱਕ, ਜਦੋਂ ਕਿ ਵੱਖੋ ਵੱਖਰੇ ਦੇਸ਼ਾਂ ਵਿਚਲੀਆਂ ਹਾਲਤਾਂ ਇਨਕਲਾਬੀ ਮਾਰਕਸਵਾਦ ਦੇ ਅਧਾਰ ਉੱਤੇ ਖੜੀ ਕੌਮਾਂਤਰੀ ਮਜ਼ਦੂਰਾਂ ਦੀ ਸਭਾ ਕਾਇਮ ਕਰਨੀ ਸੰਭਵ ਬਣਾ ਦੇਣਗੀਆਂ।

ਅਸੀਂ ਨਹੀਂ ਜਾਣਦੇ ਅਤੇ ਨਹੀਂ ਜਾਣ ਸਕਦੇ ਕਿ ਅਗਲੇ ਕੁੱਝ ਸਾਲਾਂ ਵਿੱਚ ਸੰਸਾਰ ਘਟਨਾਵਾਂ ਕਿਹੜਾ ਰਾਹ ਫੜਨਗੀਆਂ। ਅਸੀਂ ਜੋ ਪੱਕੀ ਤਰ੍ਹਾਂ ਜਾਣਦੇ ਹਾਂ ਅਤੇ ਜਿਸ ਬਾਰੇ ਸਾਨੂੰ ਅਡੋਲ ਵਿਸ਼ਵਾਸ ਹੈ, ਉਹ ਇਹ ਕਿ **ਸਾਡੀ** ਪਾਰਟੀ, **ਸਾਡੇ** ਦੇਸ਼ ਵਿੱਚ ਅਤੇ **ਸਾਡੇ** ਪ੍ਰੋਲੇਤਾਰੀਆਂ ਵਿੱਚ, ਉਪ੍ਰੋਕਤ ਪਾਸੇ ਵੱਲ ਅਣਥੱਕ ਤੌਰ ਉੱਤੇ ਕੰਮ ਕਰੇਗੀ, ਅਤੇ ਆਪਣੀਆਂ ਨਿੱਤਾਪ੍ਰਤਿ ਸਰਗਰਮੀਆਂ ਰਾਹੀਂ **ਮਾਰਕਸਵਾਦੀ** ਇੰਟਰਨੈਸ਼ਨਲ ਦਾ ਰੂਸੀ ਹਿੱਸਾ ਉਸਾਰੇਗੀ।

ਰੂਸ ਵਿੱਚ ਵੀ ਕੱਟੜ ਸਮਾਜੀ–ਅੰਧਰਾਸ਼ਟਰਵਾਦੀਆਂ ਅਤੇ "ਵਿਚਾਲ–ਪੰਥੀ" ਟੋਲਿਆਂ ਦੀ ਘਾਟ ਨਹੀਂ। ਇਹ ਲੋਕ ਮਾਰਕਸਵਾਦੀ ਇੰਟਰਨੈਸ਼ਨਲ ਦੀ ਕਾਇਮੀ ਦੇ ਖਿਲਾਫ਼ ਲੜਣਗੇ। ਅਸੀਂ ਜਾਣਦੇ ਹਾਂ ਕਿ, ਅਸੂਲ ਵਿੱਚ, ਪਲੈਖਾਨੋਵ ਜ਼ੂਦੇਕੁਮ ਦੇ ਦ੍ਰਿਸ਼ਟੀਕੋਣ ਵਿੱਚ ਭਿਆਲ ਹੈ ਅਤੇ ਪਹਿਲਾਂ ਹੀ ਉਸ ਵੱਲ ਹੱਥ ਵਧਾਈ ਖੜਾ ਹੈ। ਅਸੀਂ ਜਾਣਦੇ ਹਾਂ ਕਿ, ਅਕਸੇਲਰੋਦ ਦੀ ਲੀਡਰਸ਼ਿਪ ਹੇਠਾਂ, ਅਖਾਉਤੀ "ਜਥੇਬੰਦਕ ਕਮੇਟੀ"[48] ਰੂਸੀ ਧਰਤੀ ਉੱਪਰ ਕਾਊਤਸਕੀਵਾਦ ਦਾ ਪ੍ਰਚਾਰ ਕਰ ਰਹੀ ਹੈ। ਮਜ਼ਦੂਰ ਜਮਾਤ ਏਕਤਾ ਦੇ ਚੋਗੇ ਹੇਠ, ਇਹ ਲੋਕ ਮੌਕਾਪ੍ਰਸਤਾਂ ਨਾਲ਼ ਅਤੇ ਉਹਨਾਂ ਰਾਹੀਂ ਬੁਰਜੂਆਜ਼ੀ ਨਾਲ਼ ਏਕਤਾ ਲਈ ਅਪੀਲ ਕਰ ਰਹੇ ਹਨ। ਪਰ ਰੂਸ ਵਿਚਲੀ ਅਜੋਕੀ ਮਜ਼ਦੂਰ ਜਮਾਤ ਲਹਿਰ ਬਾਰੇ ਅਸੀਂ ਜੋ ਕੁੱਝ ਵੀ ਜਾਣਦੇ ਹਾਂ, ਉਹ ਸਾਨੂੰ ਪੂਰਾ ਯਕੀਨ ਦੁਆਉਂਦਾ ਹੈ ਕਿ ਰੂਸ ਦੇ ਜਮਾਤੀ ਚੇਤੰਨਤਾ ਵਾਲ਼ੇ ਪ੍ਰੋਲੇਤਾਰੀ **ਸਾਡੀ ਪਾਰਟੀ ਨਾਲ਼** ਰਹਿਣਗੇ, ਜਿਵੇਂ ਹੁਣ ਤੱਕ ਰਹੇ ਹਨ।

# ਦੁਫੇੜ ਦਾ ਇਤਿਹਾਸ ਤੇ ਰੂਸ ਵਿੱਚ ਸੋਸ਼ਲ-ਡੈਮੋਕਰੇਸੀ ਦੀ ਮੌਜੂਦਾ ਹਾਲਤ

ਜੰਗ ਦੇ ਸਬੰਧ ਵਿੱਚ ਰੂ. ਸੋ. ਡੈ. ਲੇ. ਪਾ. ਦੇ ਦਾਅਪੇਚ, ਜਿਵੇਂ ਕਿ ਉੱਪਰ ਦੱਸੇ ਗਏ ਹਨ, ਰੂਸ ਵਿੱਚ ਸੋਸ਼ਲ–ਡੈਮੋਕਰੇਸੀ ਦੇ ਤੀਹ ਸਾਲਾਂ ਦੇ ਵਿਕਾਸ ਦਾ ਅਟੱਲ ਸਿੱਟਾ ਹਨ। ਇਹ ਦਾਅਪੇਚ, ਤੇ ਸਾਡੇ ਦੇਸ਼ ਵਿੱਚ ਸੋਸ਼ਲ–ਡੈਮੋਕਰੇਸੀ ਦੀ ਮੌਜੂਦਾ ਅਵਸਥਾ ਵੀ, ਸਾਡੀ ਪਾਰਟੀ ਦੇ ਇਤਿਹਾਸ ਵਿੱਚ ਡੂੰਘੇਰਿਆਂ ਜਾਏ ਤੋਂ ਬਿਨਾਂ ਠੀਕ ਤਰ੍ਹਾਂ ਨਹੀਂ ਸਮਝੇ ਜਾ ਸਕਦੇ। ਇਸ ਕਰਕੇ ਇੱਥੇ ਵੀ ਸਾਡੇ ਲਈ ਉਸ ਇਤਿਹਾਸ ਵਿਚਲੇ ਮੁੱਖ ਤੱਥ ਪਾਠਕਾਂ ਨੂੰ ਯਾਦ ਕਰਾਉਣੇ ਜ਼ਰੂਰੀ ਹਨ।

ਵਿਚਾਰਧਾਰਕ ਰੁਝਾਣ ਵਜੋਂ, ਸੋਸ਼ਲ–ਡੈਮੋਕਰੈਟਿਕ ਲਹਿਰ 1883 ਵਿੱਚ ਪੈਦਾ ਹੋਈ, ਜਦੋਂ ਸੋਸ਼ਲ–ਡੈਮੋਕਰੈਟਿਕ ਵਿਚਾਰ, ਜਿਵੇਂ ਕਿ ਇਹ ਰੂਸ ਉੱਤੇ ਲਾਗੂ ਹੁੰਦੇ ਹਨ, ਪਹਿਲੀ ਵਾਰੀ ਵਿਦੇਸ਼ ਵਿੱਚ ਬਾਕਾਇਦਾ ਢੰਗ ਨਾਲ਼ "ਕਿਰਤ ਦੀ ਮੁਕਤੀ"[49] ਨਾਂ ਦੇ ਗਰੁੱਪ ਨੇ ਪੇਸ਼ ਕਰਨੇ ਸ਼ੁਰੂ ਕੀਤੇ। 90–ਵਿਆਂ ਦੇ ਪਹਿਲੇ ਸਾਲਾਂ ਤੱਕ, ਸੋਸ਼ਲ–ਡੈਮੋਕਰੇਸੀ ਰੂਸ ਵਿਚਲੀ ਵਿਸ਼ਾਲ ਮਜ਼ਦੂਰ ਜਮਾਤ ਲਹਿਰ ਨਾਲ਼ ਸੰਬੰਧਾਂ ਤੋਂ ਬਿਨਾਂ ਇੱਕ ਵਿਚਾਰਧਾਰਕ ਰੁਝਾਣ ਸੀ। 90–ਵਿਆਂ ਦੇ ਸ਼ੁਰੂ ਵਿੱਚ, ਜਨਤਕ ਚੇਤੰਨਤਾ ਦੇ ਵਾਧੇ ਤੇ ਮਜ਼ਦੂਰਾਂ ਵਿਚਕਾਰ ਬੇਚੈਨੀ ਤੇ ਹੜਤਾਲਾਂ ਦੀ ਲਹਿਰ ਨੇ ਸੋਸ਼ਲ–ਡੈਮੋਕਰੇਸੀ ਨੂੰ ਸਰਗਰਮ ਰਾਜਸੀ ਸ਼ਕਤੀ ਵਿੱਚ ਬਦਲ ਦਿੱਤਾ, ਜਿਹੜੀ ਮਜ਼ਦੂਰ ਜਮਾਤ ਦੇ (ਆਰਥਕ ਤੇ ਰਾਜਸੀ, ਦੋਹਾਂ ਤਰ੍ਹਾਂ ਦੇ) ਘੋਲ਼ ਨਾਲ਼ ਅਨਿੱਖੜ ਤੌਰ ਉੱਤੇ ਸਬੰਧਤ ਸੀ। ਉਸੇ ਸਮੇਂ ਤੋਂ ਹੀ ਸੋਸ਼ਲ–ਡੈਮੋਕਰੈਟਿਕ ਲਹਿਰ ਵਿੱਚ "ਆਰਥਕਤਾਵਾਦੀਆਂ" ਤੇ "ਇਸਕਰਾਵਾਦੀਆਂ" ਵਿਚਕਾਰ ਦੁਫੇੜ ਸ਼ੁਰੂ ਹੋਈ

## "ਆਰਥਕਤਾਵਾਦੀਏ" ਤੇ ਪੁਰਾਣਾ "ਇਸਕਰਾ"[50] (1894-1903)

"ਆਰਥਕਤਾਵਾਦ" ਰੂਸੀ ਸੋਸ਼ਲ–ਡੈਮੋਕਰੇਸੀ ਵਿੱਚ ਇੱਕ ਮੌਕਾਪ੍ਰਸਤ ਰੁਝਾਣ ਸੀ। ਇਸਦਾ ਰਾਜਸੀ ਨਿਚੋੜ ਇਸ ਪ੍ਰੋਗਰਾਮ ਵਿੱਚ ਕੱਢਿਆ ਗਿਆ ਸੀ: "ਮਜ਼ਦੂਰਾਂ ਲਈ—ਆਰਥਕ ਘੋਲ; ਉਦਾਰਵਾਦੀਆਂ ਲਈ—ਰਾਜਸੀ ਘੋਲ।" ਇਸਦੀ ਸਿਧਾਂਤਕ ਮੁੱਖ ਟੇਕ ਅਖਾਉਤੀ "ਕਨੂੰਨੀ ਮਾਰਕਸਵਾਦ" ਜਾਂ "ਸਤਰੂਵੇਵਾਦ" ਸੀ, ਜਿਹੜਾ ਐਸੇ "ਮਾਰਕਸਵਾਦ" ਨੂੰ "ਮਾਣਤਾ ਦੇਂਦਾ ਸੀ" ਜਿਹੜਾ ਕਿਸੇ ਵੀ ਇਨਕਲਾਬੀ ਭਾਵਨਾ ਤੋਂ ਸੱਖਣਾ ਸੀ ਤੇ ਉਦਾਰਵਾਦੀ ਬੁਰਜੂਆਜ਼ੀ ਦੀਆਂ ਲੋੜਾਂ ਮੁਤਾਬਕ ਢਾਲ਼ਿਆ ਗਿਆ ਸੀ।

ਰੂਸ ਵਿੱਚ ਮਜ਼ਦੂਰਾਂ ਦੇ ਜਨ-ਸਮੂਹ ਦੇ ਪਛੜੇਵੇਂ ਦਾ ਬਹਾਨਾ ਕਰਦਿਆਂ, ਤੇ "ਜਨਤਾ ਦੇ ਨਾਲ਼ ਤੁਰਨ" ਦੀ ਇੱਛਾ ਕਰਦਿਆਂ, "ਆਰਥਕਤਾਵਾਦੀਏ" ਮਜ਼ਦੂਰ ਜਮਾਤ ਲਹਿਰ ਦੇ ਕਾਰਜਾਂ ਤੇ ਘੇਰੇ ਨੂੰ ਆਰਥਕ ਘੋਲ਼ ਤੱਕ ਤੇ ਉਦਾਰਵਾਦ ਲਈ ਰਾਜਸੀ ਹਮਾਇਤ ਤੱਕ ਸੀਮਤ ਕਰਦੇ ਸਨ; ਉਹਨਾਂ ਨੇ ਆਪਣੇ ਸਾਮ੍ਹਣੇ ਕੋਈ ਸਵੈਧੀਨ ਰਾਜਸੀ ਜਾਂ ਇਨਕਲਾਬੀ ਕਾਰਜ ਨਹੀਂ ਸਨ ਰੱਖੇ ਹੋਏ।

ਪੁਰਾਣੇ "ਇਸਕਰਾ" (1900-1903) ਨੇ "ਆਰਥਕਤਾਵਾਦ" ਦੇ ਖਿਲਾਫ਼, ਇਨਕਲਾਬੀ ਸੋਸ਼ਲ-ਡੈਮੋਕਰੇਸੀ ਦੇ ਅਸੂਲਾਂ ਦੇ ਵਾਸਤੇ ਜੇਤੂ ਘੋਲ਼ ਲੜਿਆ। ਜਮਾਤੀ ਚੇਤੰਨਤਾ ਵਾਲ਼ੇ ਪ੍ਰੋਲੇਤਾਰੀਆਂ ਵਿਚਲੇ ਅਤਿ ਚੰਗੇ ਅਨਸਰਾਂ ਨੇ "ਇਸਕਰਾ" ਦੀ ਧਿਰ ਲਈ। ਇਨਕਲਾਬ ਤੋਂ ਕਈ ਸਾਲ ਪਹਿਲਾਂ ਸੋਸ਼ਲ-ਡੈਮੋਕਰੈਸੀ ਅਤਿ ਦਾ ਇਕਸਾਰ ਤੇ ਬੇ-ਲਚਕ ਪ੍ਰੋਗਰਾਮ ਲੈ ਕੇ ਨਿੱਤਰੀ, ਜਿਸਦੇ ਠੀਕ ਹੋਣ ਨੂੰ ਜਮਾਤੀ ਘੋਲ਼ ਤੇ 1905 ਦੇ ਇਨਕਲਾਬ ਦੌਰਾਨ ਜਨਤਕ ਕਾਰਵਾਈ ਨੇ ਸਿੱਧ ਕੀਤਾ। "ਇਸਕਰਾ" ਮਜ਼ਦੂਰਾਂ ਦੇ ਹਰਾਵਲ-ਦਸਤੇ ਨੂੰ ਵਿੱਦਿਆ ਦੇ ਰਿਹਾ ਸੀ, ਜਿਹੜਾ ਲੋਕਾਂ ਨੂੰ ਅੱਗੇ ਵੱਲ ਲਿਜਾਣ ਦੇ ਯੋਗ ਹੋਵੇ, ਜਦ ਕਿ "ਆਰਥਕਤਾਵਾਦੀਏ" ਲੋਕਾਂ ਦੇ ਪਛੜੇਵੇਂ ਅਨੁਸਾਰ ਆਪਣੇ ਆਪ ਨੂੰ ਢਾਲ ਰਹੇ ਸਨ। ਸਮਾਜਕ-ਅੰਧਰਾਸ਼ਟਰਵਾਦੀਆਂ ਦੀਆਂ ਅਜੋਕੀਆਂ ਦਲੀਲਾਂ (ਭਾਵ, ਲੋਕਾਂ ਨਾਲ਼ ਨਜਿੱਠਣ ਦੀ ਲੋੜ; ਸਮਰਾਜਵਾਦ ਦਾ ਅਗਾਂਹਵਧੂਪੁਣਾ; ਇਨਕਲਾਬੀਆਂ ਵਲੋਂ ਪਾਲ਼ੇ ਜਾ ਰਹੇ "ਭ੍ਰਮ", ਆਦਿ) **ਸਾਰੀਆਂ** ਹੀ "ਆਰਥਕਤਾਵਾਦੀਆਂ" ਨੇ ਦਿੱਤੀਆਂ ਸਨ। ਵੀਹ ਸਾਲ ਹੋ ਚੁੱਕੇ ਹਨ, ਜਦੋਂ ਰੂਸੀ ਸੋਸ਼ਲ-ਡੈਮੋਕਰੈਟਾਂ ਦਾ ਸਤਰੂਵੇਵਾਦ ਵਿੱਚ ਮਾਰਕਸਵਾਦ ਦੀ ਮੌਕਾਪ੍ਰਸਤ ਸੋਧ ਨਾਲ਼ ਵਾਹ ਪਿਆ ਸੀ।

## ਮੇਨਸ਼ਵਿਕਵਾਦ ਤੇ ਬਾਲਸ਼ਵਿਕਵਾਦ

## (1903-1908)

ਬੁਰਜੂਆ ਜਮਹੂਰੀ ਇਨਕਲਾਬ ਦੇ ਦੌਰ ਨੇ ਸੋਸ਼ਲ-ਡੈਮੋਕਰੈਟਿਕ ਰੁਝਾਣਾਂ ਵਿਚਕਾਰ ਸੱਜਰੇ ਘੋਲ਼ ਨੂੰ ਜਨਮ ਦਿੱਤਾ; ਇਹ ਪਿਛਲੇ ਘੋਲ਼ ਦਾ ਸਿੱਧਾ ਜਾਰੀ ਰਹਿਣਾ ਸੀ। "ਆਰਥਕਤਾਵਾਦ" ਵਿਕਾਸ ਕਰਕੇ "ਮੇਨਸ਼ਵਿਕਵਾਦ" ਵਿੱਚ ਬਦਲ ਗਿਆ। "ਇਸਕਰਾ" ਦੇ ਇਨਕਲਾਬੀ ਦਾਅ-ਪੇਚਾਂ ਦੀ ਰਾਖੀ ਕਰਨ ਨੇ "ਬਾਲਸ਼ਵਿਕਵਾਦ" ਨੂੰ ਜਨਮ ਦਿੱਤਾ।

1905-1907 ਦੇ ਤੂਫਾਨੀ ਸਾਲਾਂ ਵਿੱਚ, ਮੇਨਸ਼ਵਿਕਵਾਦ ਇੱਕ ਮੌਕਾਪ੍ਰਸਤ ਰੁਝਾਣ ਸੀ, ਜਿਸਦਾ ਸਮਰਥਨ ਬੁਰਜੂਆ ਉਦਾਰਵਾਦੀ ਕਰਦੇ ਸਨ, ਜਿਸਨੇ ਮਜ਼ਦੂਰ ਜਮਾਤ ਲਹਿਰ ਵਿੱਚ ਉਦਾਰਵਾਦੀ-ਬੁਰਜੂਆ ਰੁਝਾਣਾਂ ਨੂੰ ਲਿਆਂਦਾ। ਇਸਦਾ ਤੱਤ ਇਹ ਸੀ ਕਿ ਮਜ਼ਦੂਰ ਜਮਾਤ ਘੋਲ਼ ਨੂੰ ਉਦਾਰਵਾਦ ਦੇ ਮੁਤਾਬਕ ਢਾਲ਼ਿਆ ਜਾਏ। ਇਸਦੇ ਉਲਟ, ਬਾਲਸ਼ਵਿਕਵਾਦ ਨੇ, ਉਦਾਰਵਾਦੀਆਂ ਦੇ ਡੱਕੇ-ਡੋਲ਼ਿਆਂ ਦੀ ਗ਼ੱਦਾਰੀ ਦੇ ਬਾਵਜੂਦ, ਜਮਹੂਰੀ ਕਿਸਾਨੀ ਨੂੰ ਇਨਕਲਾਬੀ ਘੋਲ਼ ਲਈ ਉਭਾਰਨ ਦਾ ਕੰਮ ਸੋਸ਼ਲ-ਡੈਮੋਕਰੈਟਿਕ ਮਜਦੂਰਾਂ ਸਾਮ੍ਹਣੇ ਰੱਖਿਆ। ਜਿਵੇਂ ਕਿ ਮੇਨਸ਼ਵਿਕਾਂ ਨੇ ਖੁਦ ਕਈ ਮੌਕਿਆਂ ਉੱਤੇ ਮੰਨਿਆਂ, ਇਨਕਲਾਬ

ਦੀਆਂ ਸਾਰੀਆਂ ਸਭ ਤੋਂ ਵੱਧ ਮਹੱਤਵਪੂਰਨ ਕਾਰਵਾਈਆਂ ਵਿੱਚ ਮਜ਼ਦੂਰਾਂ ਦੇ ਜਨ-ਸਮੂਹ ਬਾਲਸ਼ਵਿਕਾਂ ਦੀ ਅਗਵਾਈ ਮਗਰ ਤੁਰੇ।

1905 ਦੇ ਇਨਕਲਾਬ ਨੇ ਰੂਸ ਵਿੱਚ ਅਝੁਕ ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਦਾਅ-ਪੇਚਾਂ ਨੂੰ ਅਜ਼ਮਾਇਆ, ਪੱਕਿਆਂ ਕੀਤਾ, ਵਿਕਸਾਇਆ ਤੇ ਪਾਣ ਚੜ੍ਹਾਇਆ। ਜਮਾਤਾਂ ਤੇ ਪਾਰਟੀਆਂ ਦੀ ਸਿੱਧੀ ਕਾਰਵਾਈ ਨੇ ਸੋਸ਼ਲ-ਡੈਮੋਕਰੈਟਿਕ ਮੌਕਾਪ੍ਰਸਤੀ ("ਮੇਨਸ਼ਵਿਕਵਾਦ") ਤੇ ਉਦਾਰਵਾਦ ਵਿਚਕਾਰ ਸਬੰਧ ਨੂੰ ਮੁੜ ਮੁੜ ਕੇ ਸਾਮ੍ਹਣੇ ਲਿਆਂਦਾ।

## ਮਾਰਕਸਵਾਦ ਤੇ ਖ਼ਾਤਮੇਵਾਦ

## (1908-1914)

ਉਲਟ-ਇਨਕਲਾਬ ਦੇ ਦੌਰ ਨੇ ਇੱਕ ਵਾਰੀ ਫਿਰ—ਐਤਕੀਂ ਬਿਲਕੁਲ ਨਵੇਂ ਰੂਪ ਵਿੱਚ—ਸੋਸ਼ਲ-ਡੈਮੋਕਰੈਟਾਂ ਦੇ ਮੌਕਾਪ੍ਰਸਤ ਤੇ ਇਨਕਲਾਬੀ ਦਾਅ-ਪੇਚਾਂ ਦੇ ਸਵਾਲ ਨੂੰ ਭੱਖਦਾ ਸਵਾਲ ਬਣਾ ਦਿੱਤਾ। ਮੇਨਸ਼ਵਿਕਵਾਦ ਵਿਚਲੀ ਮੁੱਖ-ਧਾਰਾ ਨੇ, ਆਪਣੇ ਕਈ ਅਤਿ ਚੰਗੇ ਪ੍ਰਤਿਨਿਧਾਂ ਦੇ ਰੋਸਾਂ ਵੱਲ ਕੋਈ ਧਿਆਨ ਨਾ ਦੇਂਦਿਆਂ, ਖ਼ਾਤਮੇਵਾਦੀ ਰੁਝਾਣ—ਰੂਸ ਵਿੱਚ ਇੱਕ ਹੋਰ ਇਨਕਲਾਬ ਲਈ ਘੋਲ਼ ਦੇ ਤਿਆਗ, ਰੂਪੋਸ਼ ਜਥੇਬੰਦੀ ਤੇ ਸਰਗਰਮੀਆਂ ਦੇ ਤਿਆਗ, "ਰੂਪੋਸ਼ੀ" ਲਈ, ਰੀਪਬਲਿਕ ਲਈ ਨਾਅਰੇ ਆਦਿ ਲਈ ਨਫਰਤ ਤੇ ਮਜ਼ਾਕ ਉਡਾਉਣਾ—ਨੂੰ ਸਾਮ੍ਹਣੇ ਲੈ ਆਂਦਾ। ਰਸਾਲੇ "ਨਾਸ਼ਾ ਜ਼ਾਰੀਆ" ਵਿੱਚ ਕਨੂੰਨੀ ਤੌਰ ਉੱਤੇ ਲਿਖਣ ਵਾਲਿਆਂ (ਪੋਤਰੇਸੋਵ, ਚੇਰੇਵਾਨਿਨ, ਆਦਿ) ਦਾ ਟੋਲਾ ਇੱਕ ਧੁਰਾ ਬਣ ਗਿਆ—ਸੋਸ਼ਲ-ਡੈਮੋਕਰੈਟਿਕ ਪਾਰਟੀ ਤੋਂ ਸਵੈਧੀਨ—ਜਿਸਨੂੰ ਰੂਸ ਦੀ ਬੁਰਜੂਆਜ਼ੀ ਨੇ, ਜਿਹੜੀ ਮਜ਼ਦੂਰਾਂ ਨੂੰ ਇਨਕਲਾਬੀ ਘੋਲ ਤੋਂ ਪਰ੍ਹੇ ਲਿਜਾਣ ਉੱਤੇ ਤੁਲੀ ਹੋਈ ਹੈ, ਹਜ਼ਾਰਾਂ ਤਰੀਕਿਆਂ ਨਾਲ਼ ਠੁੰਮਣਾ ਦਿੱਤਾ, ਪਰਚਾਰਿਆ ਤੇ ਪਾਲ਼ਿਆ ਹੈ।

ਮੌਕਾਪ੍ਰਸਤਾਂ ਦੇ ਇਸ ਟੋਲੇ ਨੂੰ ਰੂ. ਸੋ. ਡੈ. ਲੇ. ਪਾ. ਦੀ ਜਨਵਰੀ 1912 ਦੀ ਕਾਨਫਰੰਸ[51] ਨੇ ਪਾਰਟੀ ਵਿੱਚੋਂ ਕੱਢ ਦਿੱਤਾ ਸੀ, ਜਿਸ ਕਾਨਫਰੰਸ ਨੇ ਬਦੇਸ਼ਾਂ ਵਿਚਲੇ ਕਈ ਗਰੁੱਪਾਂ ਤੇ ਜੁੰਡਲੀਆਂ ਦੇ ਸਖਤ ਵਿਰੋਧ ਦੇ ਬਾਵਜੂਦ, ਪਾਰਟੀ ਨੂੰ ਮੁੜ-ਬਹਾਲ ਕੀਤਾ ਸੀ। ਦੋ ਸਾਲਾਂ ਤੋਂ ਬਹੁਤੇ ਸਮੇਂ ਲਈ (1912 ਦੇ ਸ਼ੁਰੂ ਤੋਂ ਲੈ ਕੇ 1914 ਦੇ ਅੱਧ ਤੱਕ) ਦੋ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਵਿਚਕਾਰ ਸਿਰੜੀ ਘੋਲ਼ ਚਲਦਾ ਰਿਹਾ: ਕੇਂਦਰੀ ਕਮੇਟੀ, ਜਿਹੜੀ ਜਨਵਰੀ 1912 ਵਿੱਚ ਚੁਣੀ ਗਈ ਸੀ, ਤੇ "ਜਥੇਬੰਦਕ ਕਮੇਟੀ" ਵਿਚਕਾਰ, ਜਿਸਨੇ "ਜਨਵਰੀ" ਕਾਨਫਰੰਸ ਨੂੰ ਮਾਣਤਾ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਜਿਹੜੀ ਪਾਰਟੀ ਨੂੰ ਬਿਲਕੁਲ ਵੱਖਰੇ ਤਰੀਕੇ ਨਾਲ਼, "ਨਾਸ਼ਾ ਜ਼ਾਰੀਆ" ਟੋਲੇ ਨਾਲ਼ ਇੱਕਮੁਠਤਾ ਕਾਇਮ ਰੱਖਦਿਆਂ, ਬਹਾਲ ਕਰਨਾ ਚਾਹੁੰਦੀ ਸੀ। ਮਜ਼ਦੂਰਾਂ ਦੇ ਦੋ ਰੋਜ਼ਾਨਾ ਅਖ਼ਬਾਰਾਂ ("ਪਰਾਵਦਾ"[52] ਤੇ "ਲੂਚ"[53], ਤੇ ਉਹਨਾਂ ਦੀ ਥਾਂ ਲੈਣ ਵਾਲ਼ਿਆਂ) ਵਿਚਕਾਰ, ਤੇ ਚੌਥੀ ਦੂਮਾ ਵਿਚਲੇ ਦੋ ਸੋਸ਼ਲ-ਡੈਮੋਕਰੈਟਿਕ ਗਰੁੱਪਾਂ (ਪਰਾਵਦਾਵਾਦੀਆਂ ਜਾਂ ਮਾਰਕਸਵਾਦੀਆਂ ਦਾ "ਰੂ. ਸੋ. ਡੈ. ਲੇ. ਗਰੁੱਪ" ਤੇ ਚਖੇਈਦਜ਼ੇ ਦੀ ਅਗਵਾਈ ਹੇਠ ਖ਼ਾਤਮੇਵਾਦੀਆਂ ਦਾ "ਸੋਸ਼ਲ-ਡੈਮੋਕਰੈਟਿਕ

ਗਰੁੱਪ") ਵਿਚਕਾਰ ਸਿਰੜੀ ਘੋਲ਼ ਚੱਲਦਾ ਰਿਹਾ ।

"ਪਰਾਵਦਾਵਾਦੀਆਂ" ਨੇ, ਜਿਹੜੇ ਪਾਰਟੀ ਦੇ ਇਨਕਲਾਬੀ ਅਸੂਲਾਂ ਵੱਲ ਵਫ਼ਾਦਾਰੀ ਦੇ ਸਮਰਥਕ ਸਨ, ਮਜ਼ਦੂਰ ਜਮਾਤ ਲਹਿਰ ਦੀ (ਖਾਸ ਕਰਕੇ 1912 ਦੀ ਬਸੰਤ[54] ਤੋਂ ਪਿਛੋਂ) ਆਰੰਭਕ ਮੁੜ-ਸੁਰਜੀਤੀ ਦੀ ਹੌਂਸਲਾ-ਅਫਜ਼ਾਈ ਕੀਤੀ, ਰੂਪੋਸ਼ ਤੇ ਕਨੂੰਨੀ ਜਥੇਬੰਦੀ ਨੂੰ, ਪ੍ਰੈਸ ਤੇ ਅੰਦੋਲਨ ਨੂੰ, ਮਿਲ਼ਾਇਆ ਤੇ ਆਪਣੇ ਦੁਆਲ਼ੇ ਜਮਾਤੀ ਚੇਤੰਨਤਾ ਵਾਲੇ ਮਜ਼ਦੂਰਾਂ ਦੀ ਭਾਰੀ ਬਹੁ-ਗਿਣਤੀ ਨੂੰ ਇਕੱਠਿਆਂ ਕਰ ਲਿਆ, ਜਦ ਕਿ ਖਾਤਮੇਵਾਦੀ— ਜਿਹੜੇ ਰਾਜਸੀ ਤਾਕਤ ਵਜੋਂ ਸਿਰਫ਼ "ਨਾਸ਼ਾ ਜ਼ਾਰੀਆ" ਟੋਲੇ ਰਾਹੀਂ ਕੰਮ ਕਰਦੇ ਸਨ— ਉਦਾਰਵਾਦੀ-ਬੁਰਜੂਆ ਅਨਸਰਾਂ ਦੀ ਸਰਬ-ਪੱਖੀ ਹਮਾਇਤ ਉੱਪਰ ਹੀ ਟੇਕ ਰੱਖਦੇ ਹਨ।

ਦੋਹਾਂ ਪਾਰਟੀਆਂ ਦੇ ਅਖ਼ਬਾਰਾਂ ਨੂੰ ਮਜ਼ਦੂਰਾਂ ਦੇ ਗਰੁੱਪਾਂ ਵੱਲੋਂ ਪੈਸਿਆਂ ਦੇ ਰੂਪ ਵਿੱਚ ਦਿੱਤੇ ਗਏ ਖੁੱਲ੍ਹੇ ਚੰਦੇ—ਸਮੇਂ ਦੀਆਂ ਰੂਸੀ ਹਾਲਤਾਂ ਅਨੁਸਾਰ ਢਾਲ਼ਿਆ ਗਿਆ ਸੋ. ਡੈ. **ਮੈਂਬਰਸ਼ਿਪ ਬਕਾਏ ਦੇਣ** ਦਾ ਰੂਪ (ਤੇ ਕਨੂੰਨੀ ਤੌਰ ਉੱਤੇ ਸੰਭਵ ਤੇ ਲੋਕਾਂ ਵੱਲੋਂ ਸੌਖੀ ਤਰ੍ਹਾਂ ਪੜਤਾਲਿਆ ਜਾ ਸਕਣ ਵਾਲਾ ਇੱਕੋ ਇੱਕ ਰੂਪ)— "ਪਰਾਵਦਾਵਾਦੀਆਂ" (ਮਾਰਕਸਵਾਦੀਆਂ) ਦੀ ਤਾਕਤ ਤੇ ਪ੍ਰਭਾਵ ਪ੍ਰੋਲੇਤਾਰੀ ਸੋਮੇ ਦੀ, ਤੇ ਖਾਤਮੇਵਾਦੀਆਂ (ਤੇ ਉਹਨਾਂ ਦੀ "ਜਥੇਬੰਦਕ ਕਮੇਟੀ") ਦੇ ਬੁਰਜੂਆ ਉਦਾਰਵਾਦੀ ਸੋਮੇ ਦੀ ਉਘੜਵੇਂ ਢੰਗ ਨਾਲ਼ ਪੁਸ਼ਟੀ ਕਰਦੇ ਸਨ। ਇਹਨਾਂ ਚੰਦਿਆਂ ਬਾਰੇ ਸੰਖੇਪ ਅੰਕੜੇ ਹੇਠਾਂ ਦਿੱਤੇ ਜਾਂਦੇ ਹਨ, ਜਿਹੜੇ "ਮਾਰਕਸਵਾਦ ਤੇ ਖਾਤਮੇਵਾਦ"[55] ਨਾਂ ਦੀ ਕਿਤਾਬ ਵਿੱਚ ਪੂਰੇ ਦੇ ਪੂਰੇ ਦਿੱਤੇ ਗਏ ਹਨ ਤੇ ਜਰਮਨ ਸੋਸ਼ਲ-ਡੈਮੋਕਰੈਟਿਕ ਅਖਬਾਰ «Liepziger Volkszeitung»[56] ਦੇ 21 ਜੁਲਾਈ, 1914 ਦੇ ਅੰਕ ਵਿੱਚ ਇਹਨਾਂ ਦਾ ਸਾਰ ਦਿੱਤਾ ਗਿਆ ਹੈ।

ਸੇਂਟ ਪੀਟਰਸਬਰਗ ਦੇ ਮਾਰਕਸਵਾਦੀ (ਪਰਾਵਦਾਵਾਦੀ) ਤੇ ਖਾਤਮੇਵਾਦੀ ਰੋਜ਼ਾਨਾ ਅਖ਼ਬਾਰਾਂ ਨੂੰ ਮਿਲ਼ੇ ਚੰਦਿਆਂ ਦੀ ਗਿਣਤੀ ਤੇ ਰਕਮ, 1 ਜਨਵਰੀ ਤੋਂ 13 ਮਈ, 1914 ਤੱਕ, ਇਸ ਪ੍ਰਕਾਰ ਸੀ:

| | ਪਰਾਵਦਾਵਾਦੀਏ | | ਖਾਤਮੇਵਾਦੀਏ | |
|---|---|---|---|---|
| | ਚੰਦਿਆਂ ਦੀ ਗਿਣਤੀ | ਰਕਮ ਰੂਬਲਾਂ ਵਿੱਚ | ਚੰਦਿਆਂ ਦੀ ਗਿਣਤੀ | ਰਕਮ ਰੂਬਲਾਂ ਵਿੱਚ |
| ਮਜ਼ਦੂਰ ਟੋਲਿਆਂ ਤੋਂ | 2,873 | 18,934 | 671 | 5,296 |
| ਗ਼ੈਰ-ਮਜ਼ਦੂਰ ਟੋਲਿਆਂ ਤੋਂ | 713 | 2,650 | 453 | 6,760 |

ਸੋ 1914 ਤੱਕ ਸਾਡੀ ਪਾਰਟੀ ਰੂਸ ਦੇ ਜਮਾਤੀ ਚੇਤੰਨਤਾ ਵਾਲ਼ੇ ਮਜ਼ਦੂਰਾਂ ਦਾ 4/5 ਹਿੱਸਾ ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਦਾਅ-ਪੇਚਾਂ ਦੇ ਦੁਆਲ਼ੇ ਇੱਕਮੁੱਠ ਕਰ ਚੁੱਕੀ ਸੀ। 1913 ਦੇ ਸਾਰੇ ਸਾਲ ਵਿੱਚ ਪਰਾਵਦਾਵਾਦੀਆਂ ਨੂੰ ਮਜ਼ਦੂਰਾਂ ਦੇ 2,181 ਟੋਲਿਆਂ ਤੋਂ ਚੰਦੇ ਮਿਲ਼ੇ ਤੇ ਖਾਤਮੇਵਾਦੀਆਂ ਨੂੰ 661 ਟੋਲਿਆਂ ਤੋਂ। 1 ਜਨਵਰੀ, 1913 ਤੋਂ ਲੈ ਕੇ 13

ਮਈ, 1914 ਤੱਕ ਅੰਕੜੇ ਇਸ ਪ੍ਰਕਾਰ ਸਨ: "ਪਰਾਵਦਾਵਾਦੀਆਂ" (ਭਾਵ, ਸਾਡੀ ਪਾਰਟੀ) ਲਈ ਮਜ਼ਦੂਰ ਗਰੁੱਪਾਂ ਵਲੋਂ 5,054 ਚੰਦੇ ਮਿਲ਼ੇ ਤੇ ਖਾਤਮੇਵਾਦੀਆਂ ਲਈ, 1,332, ਭਾਵ, 20.8 ਫੀਸਦੀ।

## ਮਾਰਕਸਵਾਦ ਤੇ ਸਮਾਜਕ-ਅੰਧਰਾਸ਼ਟਰਵਾਦ

## (1914-1915)

1914–15 ਦੀ ਮਹਾਨ ਯੂਰਪੀ ਜੰਗ ਨੇ ਸਾਰੇ ਯੂਰਪੀ ਸੋਸ਼ਲ–ਡੈਮੋਕਰੈਟਾਂ ਨੂੰ, ਤੇ ਰੂਸੀਆਂ ਨੂੰ ਵੀ, ਸੰਸਾਰ ਪੱਧਰ ਦੇ ਸੰਕਟ ਦੀ ਕਸੌਟੀ ਉੱਤੇ ਆਪਣੇ ਦਾਅ–ਪੇਚਾਂ ਨੂੰ ਪਰਖਣ ਦਾ ਮੌਕਾ ਦਿੱਤਾ ਹੈ। ਗ਼ੁਲਾਮ–ਮਾਲਕਾਂ ਵਿਚਕਾਰ ਇਸ ਜੰਗ ਦਾ ਪਿਛਾਂਹਖਿੱਚੂ ਤੇ ਧਾੜਵੀਆਨਾ ਖਾਸਾ ਜ਼ਾਰਸ਼ਾਹੀ ਦੀ ਸੂਰਤ ਵਿੱਚ, ਹੋਰ ਕਿਸੇ ਵੀ ਸਰਕਾਰ ਨਾਲ਼ੋਂ ਕਿਤੇ ਵਧੇਰੇ ਉੱਘੜ ਕੇ ਸਾਮ੍ਹਣੇ ਆਉਂਦਾ ਹੈ। ਤਾਂ ਵੀ ਖਾਤਮੇਵਾਦੀਆਂ ਦੇ ਮੁੱਖ ਟੋਲੇ ਨੇ (ਜੋ ਸਾਡੇ ਗਰੁੱਪ ਤੋਂ ਇਲਾਵਾ ਇੱਕੋ ਇੱਕ ਟੋਲਾ ਹੈ, ਜਿਹੜਾ ਆਪਣੇ ਉਦਾਰਵਾਦੀ ਸੰਬੰਧਾਂ ਸਦਕਾ, ਰੂਸ ਵਿੱਚ ਗੰਭੀਰ ਪ੍ਰਭਾਵ ਰੱਖਦਾ ਹੈ) ਸਮਾਜਕ–ਅੰਧਰਾਸ਼ਟਰਵਾਦ ਵੱਲ ਮੂੰਹ ਮੋੜ ਲਿਆ ਹੈ! ਕਨੂੰਨੀਅਤ ਦੀ ਆਪਣੀ ਕਾਫ਼ੀ ਲੰਮੀ ਅਜਾਰੇਦਾਰੀ ਨਾਲ਼, ਇਸ "ਨਾਸ਼ਾ ਜ਼ਾਰੀਆ" ਟੋਲੇ ਨੇ ਲੋਕਾਂ ਵਿਚਕਾਰ "ਜੰਗ ਦਾ ਵਿਰੋਧ ਨਾ ਕਰਨ," ਤੇ ਤੀਹਰੇ (ਤੇ ਹੁਣ ਚੌਹਰੇ) ਇਤਿਹਾਦ ਦੀ ਜਿੱਤ ਦੇ ਹੱਕ ਵਿੱਚ ਪ੍ਰਚਾਰ ਚਲਾਇਆ ਹੈ; ਇਸਨੇ ਜਰਮਨ ਸਾਮਰਾਜ ਦੇ ਸਿਰ ਅਸਾਧਾਰਨ ਗੁਨਾਹ ਥੱਪੇ ਹਨ, ਆਦਿ। ਪਲੈਖਾਨੋਵ ਨੇ, ਜਿਸਨੇ 1903 ਤੋਂ ਲੈ ਕੇ ਆਪਣੀ ਨਿਰੋਲ ਰਾਜਸੀ ਕੰਗਰੋੜ–ਹੀਣਤਾ ਦੀਆਂ ਤੇ ਗ਼ੱਦਾਰੀ ਕਰਕੇ ਮੌਕਾਪ੍ਰਸਤੀ ਵੱਲ ਜਾਣ ਦੀਆਂ ਅਣਗਿਣਤ ਮਿਸਾਲਾਂ ਦਿੱਤੀਆਂ ਹਨ, ਇਹ ਸਟੈਂਡ ਹੋਰ ਵੀ ਜ਼ਿਆਦਾ ਜੋਰਦਾਰ ਢੰਗ ਨਾਲ਼ ਲਿਆ ਹੈ (ਜਿਸ ਨਾਲ਼ ਰੂਸ ਦੀ ਸਾਰੀ ਬੁਰਜੂਆ ਪ੍ਰੈਸ ਵਲੋਂ ਉਸਦੀ ਤਾਰੀਫ਼ ਕੀਤੀ ਗਈ ਹੈ)। ਪਲੈਖਾਨੋਵ ਨਿੱਘਰ ਕੇ ਏਨਾਂ ਨੀਵਾਂ ਚਲਾ ਗਿਆ ਹੈ ਕਿ ਉਹ ਐਲਾਨ ਕਰਦਾ ਹੈ ਕਿ ਜ਼ਾਰਸ਼ਾਹੀ ਨਿਆਈਂ ਜੰਗ ਚਲਾ ਰਹੀ ਹੈ, ਤੇ ਇਟਲੀ ਦੇ ਸਰਕਾਰੀ ਅਖ਼ਬਾਰਾਂ ਨੂੰ ਇੰਟਰਵਿਊ ਦੇਂਦਾ ਫਿਰਦਾ ਹੈ, ਤੇ ਉਸ ਦੇਸ਼ ਨੂੰ ਜੰਗ ਵਿੱਚ ਸ਼ਾਮਲ ਹੋਣ ਦੀਆਂ ਅਪੀਲਾਂ ਕਰਦਾ ਫਿਰਦਾ ਹੈ!!

ਇਸ ਤਰ੍ਹਾਂ ਖਾਤਮੇਵਾਦ ਦੇ ਸਾਡੇ ਵੱਲੋਂ ਕੀਤੇ ਗਏ ਮੁਲੰਕਣ ਤੇ ਆਪਣੀ ਪਾਰਟੀ ਵਿਚੋਂ ਖਾਤਮੇਵਾਦੀਆਂ ਦੇ ਮੁੱਖ ਟੋਲੇ ਨੂੰ ਕੱਢਣ ਦੀ ਪੂਰੀ ਤਰ੍ਹਾਂ ਪੁਸ਼ਟੀ ਹੋ ਗਈ ਹੈ। ਅੱਜ ਖਾਤਮੇਵਾਦੀਆਂ ਦਾ ਅਸਲੀ ਪ੍ਰੋਗਰਾਮ ਤੇ ਉਹਨਾਂ ਦੇ ਰੁਝਾਣ ਦੀ ਅਸਲੀ ਮਹੱਤਤਾ ਸਿਰਫ਼ ਆਮ ਕਰਕੇ ਮੌਕਾਪ੍ਰਸਤੀ ਵਿੱਚ ਨਹੀਂ, ਸਗੋਂ ਗ਼ਾਲਬ–ਕੌਮ ਦੇ ਵਿਸ਼ੇਸ਼ਾਧਿਕਾਰਾਂ ਦੀ ਤੇ ਮਹਾਨ–ਰੂਸੀ ਭੂਮੀਪਤੀਆਂ ਤੇ ਬੁਰਜੂਆਜ਼ੀ ਦੇ ਲਾਭਾਂ ਦੀ ਰਾਖੀ ਕਰਨ ਵਿੱਚ ਹੈ। ਖਾਤਮੇਵਾਦ **ਕੌਮੀ-ਉਦਾਰਵਾਦੀ**–ਕਿਰਤ ਨੀਤੀ ਦਾ ਰੁਝਾਣ ਹੈ। ਇਹ ਗਰਮ–ਦਲ ਪੈਟੀ ਬੁਰਜੂਆਜ਼ੀ ਦੇ ਹਿੱਸੇ ਤੇ ਵਿਸ਼ੇਸ਼ਾਧਿਕਾਰ ਰੱਖਦੇ ਮਜ਼ਦੂਰਾਂ ਦੇ ਛੋਟੇ ਜਿਹੇ ਤਬਕੇ ਦਾ ਪ੍ਰੋਲੇਤਾਰੀਆਂ ਦੇ ਜਨ–ਸਮੂਹ ਦੇ ਖਿਲਾਫ਼, "ਆਪਣੀ" ਕੌਮੀ ਬੁਰਜੂਆਜ਼ੀ ਨਾਲ਼ ਗਠਜੋੜ ਹੈ।

## ਰੂਸੀ ਸੋਸ਼ਲ-ਡੈਮੋਕਰੈਟਾਂ ਦੀਆਂ ਸਫ਼ਾਂ ਵਿੱਚ ਮੌਜੂਦਾ ਹਾਲਤ

ਜਿਵੇਂ ਕਿ ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ, ਸਾਡੀ ਜਨਵਰੀ 1912 ਦੀ ਕਾਨਫਰੰਸ ਨੂੰ ਖਾਤਮੇਵਾਦੀਆਂ ਵੱਲੋਂ, ਜਾਂ ਬਦੇਸ਼ਾਂ ਵਿਚਲੇ ਕਈ ਗਰੁੱਪਾਂ ਵਲੋਂ (ਜਿਵੇਂ ਕਿ ਪਲੈਖਾਨੋਵ, ਅਲੈਕਸਿੰਸਕੀ, ਤਰਾਤਸਕੀ ਆਦਿ ਦੇ ਗਰੁੱਪਾਂ ਵੱਲੋਂ), ਜਾਂ ਅਖਾਉਤੀ "ਕੌਮੀ" (ਭਾਵ, ਗ਼ੈਰ-ਮਹਾਨ-ਰੂਸੀ) ਸੋਸ਼ਲ-ਡੈਮੋਕਰੈਟਾਂ ਵਲੋਂ ਮਾਣਤਾ ਨਹੀਂ ਮਿਲੀ। ਸਾਡੇ ਉੱਤੇ ਵਰ੍ਹਾਏ ਗਏ ਅਣਗਿਣਤ ਬੋਲਿਆਂ ਵਿੱਚੋਂ, "ਹੜੱਪ ਕਰਨ ਵਾਲ਼ੇ" ਤੇ "ਦੁਫੇੜਬਾਜ਼" ਸਭ ਤੋਂ ਜ਼ਿਆਦਾ ਵਾਰੀ ਦੁਹਰਾਏ ਗਏ ਹਨ।ਅਸੀਂ ਠੀਕ ਠੀਕ ਤੇ ਬਾਹਰਮੁਖੀ ਤੌਰ ਉੱਤੇ ਪੜਤਾਲੇ ਜਾਣ ਯੋਗ ਅੰਕੜਿਆਂ ਦੇ ਹਵਾਲੇ ਦੇ ਕੇ ਜਵਾਬ ਦਿੱਤਾ ਹੈ, ਜਿਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਾਡੀ ਪਾਰਟੀ ਨੇ ਰੂਸ ਵਿੱਚ ਜਮਾਤੀ-ਚੇਤੰਨਤਾ ਵਾਲ਼ੇ ਮਜ਼ਦੂਰਾਂ ਦੇ 4/5 ਹਿੱਸੇ ਨੂੰ ਇੱਕਮੁੱਠ ਕਰ ਲਿਆ ਹੈ। ਉਲ਼ਟ-ਇਨਕਲਾਬ ਦੇ ਸਮੇਂ ਵਿੱਚ ਰੂਪੋਸ਼ ਸਰਗਰਮੀਆਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦਿਆਂ, ਇਹ ਕੋਈ ਥੋੜ੍ਹੀ ਗਿਣਤੀ ਨਹੀਂ।

ਜੇ "ਨਾਸ਼ਾ ਜ਼ਾਰੀਆ" ਗਰੁੱਪ ਨੂੰ ਕੱਢੇ ਬਿਨਾਂ, ਸੋਸ਼ਲ-ਡੈਮੋਕਰੈਟਿਕ ਦਾਅ-ਪੇਚਾਂ ਦੇ ਆਧਾਰ ਉੱਤੇ ਰੂਸ ਵਿੱਚ ਏਕਤਾ ਸੰਭਵ ਹੁੰਦੀ, ਤਾਂ ਸਾਡੇ ਅਣਗਿਣਤ ਵਿਰੋਧੀਆਂ ਨੇ **ਆਪਸ ਵਿੱਚ** ਇਹ ਕਿਉਂ ਨਹੀਂ ਪ੍ਰਾਪਤ ਕਰ ਲਈ ? ਜਨਵਰੀ 1912 ਤੋਂ ਮਗਰੋਂ ਪੂਰੇ ਸਾਢੇ ਤਿੰਨ ਸਾਲ ਲੰਘ ਚੁੱਕੇ ਹਨ, ਤੇ ਇਹ ਸਾਰਾ ਸਮਾਂ ਸਾਡੇ ਵਿਰੋਧੀ, ਏਨਾਂ ਚਾਹੁੰਦਿਆਂ ਹੋਇਆਂ ਵੀ, ਸਾਡੇ ਵਿਰੋਧ ਵਿੱਚ ਸੋਸ਼ਲ-ਡੈਮੋਕਰੈਟਿਕ ਪਾਰਟੀ ਕਾਇਮ ਕਰਨ ਤੋਂ ਅਸਮਰੱਥ ਰਹੇ ਹਨ। ਇਹ ਤੱਥ ਸਾਡੀ ਪਾਰਟੀ ਦੇ ਹੱਕ ਵਿੱਚ ਸਭ ਤੋਂ ਚੰਗੀ ਦਲੀਲ ਹੈ।

ਸਾਡੀ ਪਾਰਟੀ ਦੇ ਖਿਲਾਫ਼ ਲੜ ਰਹੇ ਸੋਸ਼ਲ-ਡੈਮੋਕਰੈਟਿਕ ਗਰੁੱਪਾਂ ਦਾ ਸਾਰਾ ਇਤਿਹਾਸ ਢਹਿ-ਢੇਰੀ ਹੋਣ ਤੇ ਖੇਰੂੰ-ਖੇਰੂੰ ਹੋਣ ਦਾ ਇਤਿਹਾਸ ਹੈ। ਮਾਰਚ 1912 ਵਿੱਚ ਉਹ ਸਾਰੇ ਹੀ, ਬਿਨਾਂ ਕਿਸੇ ਛੋਟ ਦੇ, ਸਾਡੇ ਉੱਤੇ ਚਿੱਕੜ ਉਛਾਲਣ ਲਈ "ਇਕਮੁੱਠ" ਹੋ ਗਏ। ਪਰ ਅਗਸਤ 1912 ਵਿੱਚ ਹੀ, ਜਦੋਂ ਸਾਡੇ ਖਿਲਾਫ਼ ਅਖਾਉਤੀ "ਅਗਸਤ ਬਲਾਕ"[57] ਕਾਇਮ ਕੀਤਾ ਗਿਆ ਸੀ, ਉਹਨਾਂ ਵਿੱਚ ਫੁੱਟ ਪੈਣੀ ਸ਼ੁਰੂ ਹੋ ਗਈ ਸੀ। ਕੁੱਝ ਗਰੁੱਪ ਉਹਨਾਂ ਤੋਂ ਟੁੱਟ ਗਏ। ਉਹ ਕੋਈ ਪਾਰਟੀ ਤੇ ਕੇਂਦਰੀ ਕਮੇਟੀ ਬਨਾਉਣ ਤੋਂ ਅਸਮਰੱਥ ਰਹੇ; ਉਹਨਾਂ ਨੇ ਜੋ ਕੁੱਝ ਕਾਇਮ ਕੀਤਾ, ਉਹ ਸੀ "ਏਕਤਾ ਬਹਾਲ ਕਰਨ ਦੇ ਮੰਤਵ ਲਈ" ਇੱਕ ਜਥੇਬੰਦਕ ਕਮੇਟੀ। ਅਸਲ ਵਿੱਚ, ਇਹ ਜਥੇਬੰਦਕ ਕਮੇਟੀ ਰੂਸ ਵਿਚਲੇ ਖਾਤਮੇਵਾਦੀ ਟੋਲੇ ਲਈ ਬੇਅਸਰ ਪਰਦਾ ਸਿੱਧ ਹੋਈ। ਰੂਸ ਵਿੱਚ ਮਜ਼ਦੂਰ ਜਮਾਤ ਲਹਿਰ ਦੇ ਸਾਰੇ ਅਥਾਹ ਉਭਾਰ ਦੇ ਤੇ 1912-14 ਦੀਆਂ ਵਿਸ਼ਾਲ ਹੜਤਾਲਾਂ ਦੇ ਦੌਰਾਨ ਸਮੁੱਚੇ "ਅਗਸਤ ਬਲਾਕ" ਵਿੱਚੋਂ ਲੋਕਾਂ ਵਿਚਕਾਰ ਕੰਮ ਕਰਨ ਵਾਲ਼ਾ ਇੱਕੋ ਇੱਕ ਟੋਲਾ "ਨਾਸ਼ਾ ਜ਼ਾਰੀਆ" ਟੋਲਾ ਸੀ, ਜਿਸਦੀ ਤਾਕਤ ਉਦਾਰਵਾਦੀਆਂ ਨਾਲ਼ ਇਸਦੇ ਸਬੰਧਾਂ ਵਿੱਚ ਪਾਈ ਜਾਂਦੀ ਸੀ। 1914 ਦੇ ਸ਼ੁਰੂ ਵਿੱਚ, ਲਤਵੀਆਈ ਸੋਸ਼ਲ-ਡੈਮੋਕਰੈਟਾਂ ਨੇ ਆਪਣੇ ਆਪ ਨੂੰ ਬਾਕਾਇਦਾ ਤੌਰ ਉੱਤੇ "ਅਗਸਤ ਬਲਾਕ" ਨਾਲ਼ੋਂ ਵੱਖ ਕਰ ਲਿਆ (ਪੋਲਿਸ਼ ਸੋਸ਼ਲ-ਡੈਮੋਕਰੈਟ ਇਸ ਵਿੱਚ ਸ਼ਾਮਲ ਹੀ ਨਹੀਂ ਸਨ ਹੋਏ), ਜਦ ਕਿ ਬਲਾਕ ਦੇ ਇੱਕ ਆਗੂ, ਤਰਾਤਸਕੀ ਨੇ ਬਿਨਾਂ ਐਲਾਨਿਆਂ

ਇਸਨੂੰ ਛੱਡ ਦਿੱਤਾ, ਤੇ ਫਿਰ ਆਪਣਾ ਵੱਖਰਾ ਟੋਲਾ ਬਣਾ ਲਿਆ। ਜੁਲਾਈ 1914 ਦੀ ਬਰਸਲਜ਼ ਕਾਨਫਰੰਸ ਵਿੱਚ, ਜਿਸ ਵਿੱਚ ਕੌਮਾਂਤਰੀ ਸਮਾਜਵਾਦੀ ਬਿਊਰੋ ਦੀ ਕਾਰਜ-ਕਰਨੀ ਕਮੇਟੀ, ਕਾਊਤਸਕੀ ਤੇ ਵਾਂਡਰਵੇਲਡੇ ਸ਼ਾਮਲ ਹੋਏ, ਸਾਡੇ ਖਿਲਾਫ਼ ਅਖਾਉਤੀ "ਬਰਸਲਜ਼ ਬਲਾਕ"[58] ਕਾਇਮ ਕੀਤਾ ਗਿਆ, ਜਿਸ ਵਿੱਚ ਲੈਤ ਸ਼ਾਮਲ ਨਾ ਹੋਏ, ਤੇ ਜਿਸ ਵਿੱਚੋਂ ਪੋਲੈਂਡ ਦੇ ਵਿਰੋਧੀ ਦਲ ਦੇ ਸੋਸ਼ਲ-ਡੈਮੋਕਰੈਟ ਵੀ ਇੱਕਦਮ ਨਿਕਲ ਗਏ। ਜੰਗ ਛਿੜਣ ਵੇਲੇ, ਇਹ ਬਲਾਕ ਢਹਿ-ਢੇਰੀ ਹੋ ਗਿਆ। "ਨਾਸ਼ਾ ਜ਼ਾਰੀਆ", ਪਲੈਖਾਨੋਵ, ਅਲੈਕਸਿੰਸਕੀ ਤੇ ਕਾਕੇਸ਼ੀਆਈ ਸੋਸ਼ਲ-ਡੈਮੋਕਰੈਟਾਂ ਦੇ ਆਗੂ ਆਨ ਖੁੱਲ੍ਹਮ-ਖੁੱਲ੍ਹਾ ਸਮਾਜਕ-ਅੰਧਰਾਸ਼ਟਰਵਾਦੀ ਬਣ ਗਏ, ਜਿਹੜੇ ਜਰਮਨੀ ਦੀ ਹਾਰ ਦੇ ਵਾਜਬ ਹੋਣ ਦੇ ਹੱਕ ਵਿੱਚ ਨਿੱਤਰੇ। ਜਥੇਬੰਦਕ ਕਮੇਟੀ ਤੇ ਬੁੰਦ[59] ਨੇ ਸਮਾਜਕ-ਅੰਧਰਾਸ਼ਟਰਵਾਦੀਆਂ ਦੀ ਤੇ ਸਮਾਜਕ-ਅੰਧਰਾਸ਼ਟਰਵਾਦ ਦੇ ਅਸੂਲਾਂ ਦੀ ਰਾਖੀ ਕੀਤੀ। ਚਖੇਈਦਜ਼ੇ ਦੇ ਦੂਮਾ ਵਿਚਲੇ ਟੋਲੇ ਨੇ ਭਾਵੇਂ ਜੰਗੀ ਕਰਜ਼ਿਆਂ ਦੇ ਖਿਲਾਫ਼ ਵੋਟਾਂ ਪਾਈਆਂ (ਰੂਸ ਵਿੱਚ, ਬੁਰਜੂਆ ਜਮਹੂਰੀਆਂ, ਤਰੂਦੋਵਿਕਾਂ, ਨੇ ਵੀ ਇਹਨਾਂ ਦੇ ਖਿਲਾਫ਼ ਵੋਟਾਂ ਪਾਈਆਂ ਸਨ), ਤਾਂ ਵੀ ਇਹ ਟੋਲਾ "ਨਾਸ਼ਾ ਜ਼ਾਰੀਆ" ਦਾ ਵਫ਼ਾਦਾਰ ਸੰਗੀ ਬਣਿਆ ਰਿਹਾ। ਸਾਡੇ ਅਤਿਵਾਦੀ ਸਮਾਜਕ-ਅੰਧਰਾਸ਼ਟਰਵਾਦੀ, ਪਲੈਖਾਨੋਵ, ਅਲੈਕਸਿੰਸਕੀ ਐਂਡ ਕੰਪਨੀ, ਚਖੇਈਦਜ਼ੇ ਗਰੁੱਪ ਨਾਲ਼ ਬਿਲਕੁਲ ਖੁਸ਼ ਸਨ। ਪੈਰਿਸ ਵਿੱਚ, ਅਖ਼ਬਾਰ "ਨਾਸ਼ੇ ਸਲੋਵੋ" (ਪਹਿਲਾਂ ਦਾ "ਗੋਲੋਸ"[60]) ਮੁੱਖ ਤੌਰ ਉੱਤੇ ਮਾਰਤੋਵ ਤੇ ਤਰਾਤਸਕੀ ਦੀ ਸ਼ਮੂਲੀਅਤ ਨਾਲ਼ ਸ਼ੁਰੂ ਕੀਤਾ ਗਿਆ, ਜਿਹੜੇ ਕੌਮਾਂਤਰੀਵਾਦ ਦੀ ਅਫਲਾਤੂਨੀ ਰਾਖੀ ਨੂੰ "ਨਾਸ਼ਾ ਜ਼ਾਰੀਆ", ਜਥੇਬੰਦਕ ਕਮੇਟੀ ਜਾਂ ਚਖੇਈਦਜ਼ੇ ਗਰੁੱਪ ਨਾਲ਼ ਏਕਤਾ ਲਈ ਪੂਰਨ ਮੰਗ ਨਾਲ਼ ਮਿਲ਼ਾਉਣਾ ਚਾਹੁੰਦੇ ਸਨ। ਢਾਈ ਸੌ ਅੰਕਾਂ ਪਿੱਛੋਂ ਇਹ ਅਖਬਾਰ ਆਪਣੇ ਖੇਰੂੰ-ਖੇਰੂੰ ਹੋਣ ਨੂੰ ਮੰਨਣ ਵਾਸਤੇ ਆਪ ਹੀ ਮਜਬੂਰ ਹੋ ਗਿਆ: ਸੰਪਾਦਕੀ ਮੰਡਲ਼ ਦਾ ਇੱਕ ਹਿੱਸਾ ਸਾਡੀ ਪਾਰਟੀ ਵੱਲ ਝੁਕ ਗਿਆ, ਮਾਰਤੋਵ ਜਥੇਬੰਦਕ ਕਮੇਟੀ ਵੱਲ ਵਫ਼ਾਦਾਰ ਰਿਹਾ, ਜਿਸਨੇ "ਨਾਸ਼ੇ ਸਲੋਵੋ" ਦੇ ਅਰਾਜਕਤਾਵਾਦ ਲਈ ਇਸਦੀ ਖੁੱਲ੍ਹਮ-ਖੁੱਲ੍ਹਾ ਨਿਖੇਧੀ ਕੀਤੀ, (ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਜਰਮਨੀ ਵਿਚਲੇ ਮੌਕਾਪ੍ਰਸਤਾਂ, ਡੇਵਿਡ ਐਂਡ ਕੰਪਨੀ, «Internationale Korrespondenz»[61] ਤੇ ਲੇਗੀਨ ਐਂਡ ਕੰਪਨੀ ਨੇ ਸਾਥੀ ਲੀਬਕਨੇਖਤ ਉੱਪਰ ਅਰਾਜਕਤਾਵਾਦ ਦਾ ਦੋਸ਼ ਲਾਇਆ ਹੈ); ਤਰਾਤਸਕੀ ਨੇ ਜਥੇਬੰਦਕ ਕਮੇਟੀ ਨਾਲ਼ੋਂ ਆਪਣੇ ਟੁੱਟਣ ਦਾ ਐਲਾਨ ਕਰ ਦਿੱਤਾ, ਪਰ ਉਹ ਚਖੇਈਦਜ਼ੇ ਗਰੁੱਪ ਦੇ ਨਾਲ਼ ਖੜਾ ਰਹਿਣਾ ਚਾਹੁੰਦਾ ਸੀ। ਚਖੇਈਦਜ਼ੇ ਗਰੁੱਪ ਦਾ ਪ੍ਰੋਗਰਾਮ ਤੇ ਦਾਅ-ਪੇਚ ਇਸ ਪ੍ਰਕਾਰ ਹਨ, ਜਿਵੇਂ ਕਿ ਇਹ ਇਸਦੇ ਇੱਕ ਆਗੂ ਨੇ ਸੂਤ੍ਰਿਤ ਕੀਤੇ। ਪਲੈਖਾਨੋਵ ਤੇ ਅਲੈਕਸਿੰਸਕੀ ਰੁਝਾਣ ਦੇ ਰਸਾਲੇ "ਸਵਰੇਮੇਨੀ ਮੀਰ"[62] ਦੇ ਅੰਕ 5, 1915 ਵਿੱਚ **ਚਖੇਨਕੇਲੀ** ਨੇ ਲਿਖਿਆ:

**"ਇਹ ਕਹਿਣ ਦਾ ਕਿ ਜਰਮਨ ਸੋਸ਼ਲ-ਡੈਮੋਕਰੇਸੀ ਦੇਸ਼ ਨੂੰ ਜੰਗ ਵਿੱਚ ਜਾਣ ਤੋਂ ਰੋਕਣ ਦੀ ਪੁਜ਼ੀਸ਼ਨ ਵਿੱਚ ਸੀ ਤੇ ਇਹ ਐਸਾ ਕਰਨ ਤੋਂ ਅਸਫਲ ਰਹੀ, ਮਤਲਬ ਜਾਂ ਤਾਂ ਅੰਦਰੋਂ ਅੰਦਰੋਂ ਇਹ ਇੱਛਾ ਕਰਨਾ ਹੋਵੇਗਾ ਕਿ ਇਸਨੂੰ ਮੋਰਚਿਆਂ ਉੱਤੇ ਨਾ ਸਿਰਫ਼ ਆਖਰੀ**

**ਦਮ ਤੋੜ ਜਾਣਾ ਚਾਹੀਦਾ ਸੀ, ਸਗੋਂ ਇਹ ਵੀ ਕਿ ਨਾਲ਼ ਪਿਤਾਭੂਮੀ ਨੂੰ ਦਮ ਤੋੜਣ ਲਈ ਮਜਬੂਰ ਕਰ ਦੇਣਾ ਚਾਹੀਦਾ ਸੀ, ਜਾਂ ਇਸਦਾ ਮਤਲਬ ਅਰਾਜਕਤਾਵਾਦੀ ਦੀ ਦੂਰਬੀਨ ਵਿੱਚੋਂ ਨੇੜੇ-ਤੇੜੇ ਦੀਆਂ ਚੀਜ਼ਾਂ ਵੱਲ ਦੇਖਣਾ ਹੁੰਦਾ।''***

ਇਹ ਕੁੱਝ ਸੂਤਰਾਂ ਸਮਾਜਕ-ਅੰਧਰਾਸ਼ਟਰਵਾਦ ਦਾ ਨਿਚੋੜ ਪੇਸ਼ ਕਰਦੀਆਂ ਹਨ: ਦੋਵੇਂ ਚੀਜ਼ਾਂ ਹੀ—ਅਸੂਲ ਵਿੱਚ ਮੌਜੂਦਾ ਜੰਗ ਵਿੱਚ "ਪਿਤਾਭੂਮੀ ਦੀ ਰਾਖੀ" ਦੇ ਵਿਚਾਰ ਨੂੰ ਯੋਗ ਸਿੱਧ ਕਰਨਾ ਤੇ, ਫੌਜੀ ਸੈਂਸਰ ਦੀ ਆਗਿਆ ਨਾਲ਼, ਇਨਕਲਾਬ ਦੇ ਪ੍ਰਚਾਰ ਤੇ ਤਿਆਰੀ ਦਾ ਮਜ਼ਾਕ ਉਡਾਉਣਾ। ਸਵਾਲ ਇਹ ਬਿਲਕੁਲ ਨਹੀਂ ਕਿ ਜਰਮਨ ਸੋਸ਼ਲ-ਡੈਮੋਕਰੈਟ ਜੰਗ ਨੂੰ ਟਾਲਣ ਦੀ ਪੁਜ਼ੀਸ਼ਨ ਵਿੱਚ ਸਨ ਜਾਂ ਨਹੀਂ, ਜਾਂ ਇਹ ਕਿ ਆਮ ਕਰਕੇ ਇਨਕਲਾਬੀ ਇਨਕਲਾਬ ਦੀ ਸਫਲਤਾ ਦੀ ਜ਼ਮਾਨਤ ਦੇ ਸਕਦੇ ਹਨ ਜਾਂ ਨਹੀਂ। ਸਵਾਲ ਇਹ ਹੈ: ਕੀ ਸਮਾਜਵਾਦੀ ਸਮਾਜਵਾਦੀਆਂ ਵਾਂਗ ਵਿਹਾਰ ਕਰਨਗੇ, ਜਾਂ ਕਿ ਸਾਮਰਾਜਵਾਦੀ ਬੁਰਜੂਆਜ਼ੀ ਦੀ ਜੱਫੀ ਵਿੱਚ ਸਚਮੁਚ ਦਮ ਤੋੜ ਜਾਣਗੇ ?

## ਸਾਡੀ ਪਾਰਟੀ ਦੇ ਕਰਤੱਵ

ਰੂਸ ਵਿੱਚ ਸੋਸ਼ਲ-ਡੈਮੋਕਰੇਸੀ ਸਾਡੇ ਦੇਸ਼ ਵਿੱਚ ਬੁਰਜੂਆ-ਜਮਹੂਰੀ ਇਨਕਲਾਬ (1905) ਤੋਂ ਪਹਿਲਾਂ ਪੈਦਾ ਹੋਈ, ਤੇ ਇਨਕਲਾਬ ਤੇ ਉਲ਼ਟ-ਇਨਕਲਾਬ ਦੇ ਦੌਰਾਨ ਇਸਨੇ ਤਾਕਤ ਫੜੀ। ਰੂਸ ਦਾ ਪਛੜੇਵਾਂ ਸਾਡੇ ਦੇਸ਼ ਵਿੱਚ ਪੈਟੀ-ਬੁਰਜੂਆ ਮੌਕਾਪ੍ਰਸਤੀ ਦੀਆਂ ਵੰਨਗੀਆਂ ਤੇ ਰੁਝਾਣਾਂ ਦੀ ਅਸਾਧਾਰਨ ਬਹੁਲਤਾ ਦੀ ਵਿਆਖਿਆ ਕਰਦਾ ਹੈ: ਜਦ ਕਿ ਯੂਰਪ ਵਿੱਚ ਮਾਰਕਸਵਾਦ ਦੇ ਪ੍ਰਭਾਵ ਨੇ ਤੇ ਜੰਗ ਤੋਂ ਪਹਿਲਾਂ ਕਨੂੰਨੀ ਤੌਰ ਉੱਤੇ ਮੌਜੂਦ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਦੀ ਸਥਿਰਤਾ ਨੇ ਸਾਡੇ ਮਿਸਾਲੀਆ ਉਦਾਰਵਾਦੀਆਂ ਨੂੰ "ਵਾਜਬ", "ਯੂਰਪੀ" (ਗ਼ੈਰ-ਇਨਕਲਾਬੀ), "ਕਨੂੰਨੀ" "ਮਾਰਕਵਾਦੀ" ਸਿਧਾਂਤ ਤੇ ਸੋਸ਼ਲ-ਡੈਮੋਕਰੇਸੀ ਦੇ ਲਗਭਗ ਪ੍ਰਸ਼ੰਸਕਾਂ ਵਿੱਚ ਬਦਲ ਦਿੱਤਾ, ਉੱਥੇ ਰੂਸ ਦੀ ਮਜ਼ਦੂਰ ਜਮਾਤ ਮੌਕਾਪ੍ਰਸਤੀ ਦੀਆਂ ਸਾਰੀਆਂ ਵੰਨਗੀਆਂ ਦੇ ਖਿਲਾਫ਼ ਤੀਹ ਸਾਲਾਂ ਲਈ ਦ੍ਰਿੜ੍ਹ ਘੋਲ਼ ਤੋਂ ਬਿਨਾਂ ਆਪਣੀ ਪਾਰਟੀ ਨਹੀਂ ਸੀ ਉਸਾਰ ਸਕਦੀ। ਸੰਸਾਰ ਜੰਗ ਨੇ ਯੂਰਪੀ ਮੌਕਾਪ੍ਰਸਤੀ ਦਾ ਸ਼ਰਮਨਾਕ ਪਤਣ ਲੈ ਆਂਦਾ ਹੈ ਤੇ ਸਾਡੇ ਕੌਮੀ-ਉਦਾਰਵਾਦੀਆਂ ਤੇ ਸਮਾਜਕ-ਅੰਧਰਾਸ਼ਟਰਵਾਦੀ ਖਾਤਮੇਵਾਦ ਵਿਚਕਾਰ ਗਠਜੋੜ ਨੂੰ ਪੱਕਿਆਂ ਕੀਤਾ ਹੈ; ਤੇ ਇਸੇ ਸੰਸਾਰ ਜੰਗ ਦੇ ਤਜਰਬੇ ਨੇ ਸਾਡੇ ਇਸ ਵਿਸ਼ਵਾਸ ਨੂੰ ਹੋਰ ਵੀ ਮਜ਼ਬੂਤ ਕੀਤਾ ਹੈ ਕਿ ਸਾਡੀ ਪਾਰਟੀ ਨੂੰ ਉਸ ਇਕਸਾਰ ਇਨਕਲਾਬੀ ਰਾਹ ਉੱਪਰ ਚੱਲਦੇ ਰਹਿਣਾ ਚਾਹੀਦਾ ਹੈ।

---

* "ਸਵਰੇਮੇਨੀ ਮੀਰ", ਨੰ. 5, 1915, ਸਫ਼ਾ 148। ਤਰਾਤਸਕੀ ਨੇ ਪਿੱਛੇ ਜਿਹੇ ਹੀ ਐਲਾਨ ਕੀਤਾ ਹੈ ਕਿ ਇੰਟਰਨੈਸ਼ਨਲ ਵਿੱਚ ਚਖੇਈਦਜ਼ੇ ਦੇ ਵੱਕਾਰ ਨੂੰ ਵਧਾਉਣਾ ਉਹ ਆਪਣਾ ਫ਼ਰਜ਼ ਸਮਝਦਾ ਹੈ। ਬੇਸ਼ੱਕ, ਚਖੇਨਕੇਲੀ ਵੀ ਓਨੇ ਹੀ ਜੋਸ਼ ਨਾਲ਼ ਇੰਟਰਨੈਸ਼ਨਲ ਵਿੱਚ ਤਰਾਤਸਕੀ ਦਾ ਵੱਕਾਰ ਵਧਾਇਗਾ...

# ਨੋਟ

1. ਵ. ਇ. ਲੈਨਿਨ ਨੇ ਪਹਿਲੀ ਕੌਮਾਂਤਰੀ ਸੋਸ਼ਲਿਸਟ ਕਾਨਫਰੰਸ ਲਈ ਤਿਆਰੀ ਦੇ ਸੰਬੰਧ ਵਿੱਚ ਇਹ ਪੈਂਫਲਟ "**ਸਮਾਜਵਾਦ ਤੇ ਜੰਗ**" (**ਰੂ. ਸੋ. ਡੈ. ਲੇ. ਪਾ. ਦਾ ਜੰਗ ਵੱਲ ਵਤੀਰਾ**) ਲਿਖਣਾ ਸ਼ੁਰੂ ਕੀਤਾ। ਗ. ਯ. ਜ਼ਿਨੋਵੀਏਵ ਨੇ ਵੀ ਇਸਨੂੰ ਲਿਖਣ ਵਿੱਚ ਹਿੱਸਾ ਲਿਆ, ਪਰ ਇਹ ਮੁੱਖ ਤੌਰ ਉੱਤੇ ਲੈਨਿਨ ਨੇ ਲਿਖਿਆ। ਸਮੁੱਚੇ ਪੈਂਫਲਟ ਦਾ ਸੰਪਾਦਨ ਵੀ ਲੈਨਿਨ ਨੇ ਕੀਤਾ।

   ਲੈਨਿਨ ਨੇ ਆਪਣੀ ਕਿਰਤ ਨੂੰ "ਸਾਡੀ ਪਾਰਟੀ ਦੇ ਮਤਿਆਂ ਬਾਰੇ ਟਿੱਪਣੀਆਂ, ਭਾਵ, ਉਹਨਾਂ ਦੀ ਆਮ ਲੋਕਾਂ ਲਈ ਵਿਆਖਿਆ" ਦਾ ਨਾਂ ਦਿੱਤਾ। ਕੌਮਾਂਤਰੀ ਸੋਸ਼ਲ-ਡੈਮੋਕਰੇਸੀ ਦੇ ਖੱਬੇ ਅਨਸਰਾਂ ਨੂੰ ਇਨਕਲਾਬੀ ਪੁਜ਼ੀਸ਼ਨਾਂ ਉੱਤੇ ਇਕੱਠਿਆਂ ਕਰਨ ਦੇ ਮੰਤਵ ਲਈ ਜ਼ਿੱਮਰਵਾਲਡ ਵਿੱਚ ਬੁਲਾਈ ਗਈ ਕੌਮਾਂਤਰੀ ਸਮਾਜਵਾਦ ਕਾਨਫਰੰਸ ਨੂੰ ਵਰਤਣ ਨੂੰ ਅਤਿ ਮਹੱਤਵਪੂਰਨ ਕਾਰਜ ਸਮਝਦਿਆਂ, ਲੈਨਿਨ ਨੇ ਪੂਰੀ ਵਾਹ ਲਾਈ ਕਿ ਇਹ ਪੈਂਫਲਟ ਕਾਨਫਰੰਸ ਵਲੋਂ ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਕਾਸ਼ਤ ਹੋ ਜਾਏ।

   ਇਹ ਪੈਂਫਲਟ ਰੂਸੀ ਤੇ ਜਰਮਨ ਵਿੱਚ ਕਾਨਫਰੰਸ ਤੋਂ ਐਨ ਪਹਿਲਾਂ ਪ੍ਰਕਾਸ਼ਤ ਹੋ ਗਿਆ ਤੇ ਇਸ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਵੰਡਿਆ ਗਿਆ।

ਸਫ਼ਾ–1

2. "**ਸੋਤਸਿਆਲ-ਦਿਮੋਕਰਾਤ**" — ਗ਼ੈਰ-ਕਨੂੰਨੀ ਅਖ਼ਬਾਰ, ਰੂ. ਸੋ. ਡੈ. ਲੇ. ਪਾ. ਦਾ ਕੇਂਦਰੀ ਪਰਚਾ, ਜੋ ਫਰਵਰੀ 1908 ਤੋਂ ਜਨਵਰੀ 1917 ਤੱਕ ਪ੍ਰਕਾਸ਼ਤ ਹੁੰਦਾ ਰਿਹਾ। ਇਸਦਾ ਪਹਿਲਾ ਅੰਕ ਰੂਸ ਵਿੱਚ ਛਪਿਆ ਤੇ ਫਿਰ ਇਸਦੇ ਪ੍ਰਕਾਸ਼ਨ ਨੂੰ ਬਦਲ ਕੇ ਵਿਦੇਸ਼ ਲਿਜਾਇਆ ਗਿਆ। ਦਸੰਬਰ 1911 ਤੋਂ ਲੈ ਕੇ ਅਖ਼ਬਾਰ ਦਾ ਸੰਪਾਦਨ ਲੈਨਿਨ ਕਰਦੇ ਰਹੇ। ਇਸ ਵਿੱਚ ਉਹਨਾਂ ਦੇ 80 ਤੋਂ ਵੱਧ ਲੇਖ ਤੇ ਨੋਟ ਛਪੇ।

ਸਫ਼ਾ–5

3. **ਬਰਨ ਕਾਨਫਰੰਸ** —27 ਫਰਵਰੀ ਤੋਂ 4 ਮਾਰਚ ਤੱਕ ਬਰਨ ਵਿੱਚ ਹੋਈ ਰੀ. ਸੋ. ਡੈ. ਲੇ. ਪਾ. ਦੇ ਵਿਦੇਸ਼ੀ ਹਿੱਸਿਆਂ ਦੀ ਕਾਨਫਰੰਸ। ਇਹ ਲੈਨਿਨ ਦੀ ਪਹਿਲਕਦਮੀ ਉੱਤੇ ਬੁਲਾਈ ਗਈ ਤੇ ਇਸਦੀ ਬਾਲਸ਼ਵਿਕਾਂ ਦੀ ਆਮ ਪਾਰਟੀ ਕਾਨਫਰੰਸ ਜਿੰਨੀਂ ਮਹੱਤਤਾ ਸੀ, ਕਿਉਂਕਿ ਜੰਗ ਦੇ ਸਮੇਂ ਆਮ ਰੂਸੀ ਕਾਨਫਰੰਸ ਕਰਨੀ ਅਸੰਭਵ ਸੀ। ਕਾਨਫਰੰਸ ਵਿੱਚ ਪੈਰਿਸ, ਜ਼ੂਰਿਖ, ਜਨੇਵਾ, ਬਰਨ, ਲਾਸਾਨੇ, ਲੰਡਨ ਦੇ ਬਾਲਸ਼ਵਿਕ ਗਰੁੱਪਾਂ ਦੇ ਤੇ "ਬੋਗੀਆ" ਗਰੁੱਪ ਦੇ ਵੀ ਪ੍ਰਤਿਨਿਧ ਸ਼ਾਮਲ ਹੋਏ। ਲੈਨਿਨ ਨੇ ਕਾਨਫਰੰਸ ਵਿੱਚ ਕੇਂਦਰੀ

ਕਮੇਟੀ ਤੇ ਕੇਂਦਰੀ ਪਰਚੇ ("ਸੋਤਸਿਅਲ-ਦਿਮੋਕਰਾਤ") ਦੀ ਪ੍ਰਤਿਨਿਧਤਾ ਕੀਤੀ, ਕਾਨਫਰੰਸ ਦੇ ਕੰਮ ਦੀ ਅਗਵਾਈ ਕੀਤੀ, ਤੇ ਏਜੰਡੇ ਦੇ ਮੁੱਖ ਸਵਾਲ —"ਜੰਗ ਤੇ ਪਾਰਟੀ ਦੇ ਕਰਤੱਵ"—ਉੱਤੇ ਮੁੱਖ ਤੌਰ ਉੱਤੇ ਬੋਲਣ ਵਾਲ਼ੇ ਸਨ। ਕਾਨਫਰੰਸ ਨੇ ਜੰਗ ਬਾਰੇ ਮਤੇ ਪ੍ਰਵਾਨ ਕੀਤੇ, ਜਿਵੇਂ ਕਿ ਉਹ ਲੈਨਿਨ ਨੇ ਪੇਸ਼ ਕੀਤੇ ਸਨ।

ਸਫਾ-5

4. **ਜ਼ਿੱਮਰਵਾਲਡ ਖੱਬਾ ਧੜਾ** ਸਤੰਬਰ 1915 ਵਿੱਚ ਜ਼ਿੱਮਰਵਾਲਡ ਵਿੱਚ ਹੋਈ ਕੌਮਾਂਤਰੀ ਸਮਾਜਵਾਦੀ ਕਾਨਫਰੰਸ ਵਿੱਚ ਵ. ਇ. ਲੈਨਿਨ ਦੇ ਉੱਦਮ ਉੱਤੇ ਕਾਇਮ ਕੀਤਾ ਗਿਆ ਸੀ। ਇਸ ਧੜੇ ਨੇ ਕਾਨਫਰੰਸ ਦੀ ਵਿਚਾਲ-ਪੰਥੀ ਬਹੁ-ਗਿਣਤੀ ਦੇ ਖਿਲਾਫ਼ ਘੋਲ਼ ਚਲਾਇਆ ਤੇ ਸਾਮਰਾਜੀ ਜੰਗ ਦੀ ਨਿਖੇਧੀ ਕਰਦੇ, ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਧੋਖੇਬਾਜ਼ ਸਟੈਂਡ ਨੂੰ ਬੇਨਕਾਬ ਕਰਦੇ ਮਤੇ ਪੇਸ਼ ਕੀਤੇ ਤੇ ਜੰਗ ਦੇ ਖਿਲਾਫ਼ ਸਰਗਰਮ ਘੋਲ਼ ਕਰਨ ਦੀ ਲੋੜ ਵੱਲ ਧਿਆਨ ਦੁਆਇਆ। ਪਰ ਇਸ ਧੜੇ ਵਿਚਲੇ ਕੁੱਝ ਕੌਮਾਂਤਰੀਵਾਦੀਏ ਡਾਵਾਂਡੋਲ ਸਨ। ਲੈਨਿਨ ਦੀ ਅਗਵਾਈ ਹੇਠ ਬਾਲਸ਼ਵਿਕ ਹੀ ਜ਼ਿੱਮਰਵਾਲਡ ਖੱਬੇ ਧੜੇ ਵਿੱਚ ਇੱਕੋ ਇੱਕ ਠੀਕ ਤੇ ਪੂਰੀ ਤਰ੍ਹਾਂ ਕੌਮਾਂਤਰੀਵਾਦੀ ਪੁਜ਼ੀਸ਼ਨ ਉੱਤੇ ਡਟੇ ਰਹੇ।

ਸ.ਫ਼ਾ-6

5. **ਪੈਰਿਸ ਕਮਿਊਨ** — ਇਤਿਹਾਸ ਵਿੱਚ ਪ੍ਰੋਲੇਤਾਰੀਆਂ ਦੀ ਤਾਨਾਸ਼ਾਹੀ ਦਾ ਪਹਿਲਾ ਤਜਰਬਾ ਸੀ। ਮਜ਼ਦੂਰ ਜਮਾਤ ਦੀ ਇਨਕਲਾਬੀ ਹਕੂਮਤ, ਜੋ ਪੈਰਿਸ ਵਿੱਚ ਪ੍ਰੋਲੇਤਾਰੀ ਇਨਕਲਾਬ ਦੇ ਨਤੀਜੇ ਵਜੋਂ ਕਾਇਮ ਹੋਈ, 18 ਮਾਰਚ ਤੋਂ 28 ਮਈ, 1871 ਤੱਕ ਰਹੀ।

ਸ.ਫ਼ਾ-7

6. ਇੱਥੇ ਲੈਨਿਨ 1891 ਵਿੱਚ ਏਰਫਰਟ ਵਿੱਚ ਹੋਈ ਜਰਮਨ ਸੋਸ਼ਲ-ਡੈਮੋਕਰੈਟਿਕ ਕਾਂਗਰਸ ਵਿੱਚ ਵ. ਲੀਬਕਨੇਖਤ ਦੀ ਤਕਰੀਰ ਦਾ ਹਵਾਲਾ ਦੇ ਰਹੇ ਹਨ।

ਸ.ਫ਼ਾ-8

7. "ਜੰਗ ਬਾਰੇ" ਕਲਾਊਜ਼ਵਿਤਸ ਦੀ ਕਿਤਾਬ ਵਿੱਚੋਂ ਲਫ਼ਜ਼।

ਸ.ਫ਼ਾ-11

8. **ਚਾਰ-ਧਿਰਾ ਇਤਿਹਾਦ—**ਬਰਤਾਨੀਆ, ਫਰਾਂਸ ਰੂਸ ਤੇ ਇਟਲੀ ਦਾ ਸਾਮਰਾਜੀ ਇਤਿਹਾਦ। 1915 ਵਿੱਚ ਇਟਲੀ ਤੀਹਰੇ ਇਤਿਹਾਦ (ਜਰਮਨੀ, ਆਸਟਰੋ-ਹੰਗਰੀ ਤੇ ਇਟਲੀ) ਵਿੱਚੋਂ ਨਿਕਲ ਗਿਆ ਤੇ ਬਰਤਾਨੀਆ, ਫਰਾਂਸ ਤੇ ਰੂਸ ਦੇ ਇਤਿਹਾਦ ਨਾਲ਼ ਜਾ ਰਲ਼ਿਆ, ਜਿਹੜਾ 1907 ਵਿੱਚ ਕਾਇਮ ਕੀਤਾ ਗਿਆ ਸੀ।

ਸ.ਫ਼ਾ-13

9. **ਦੂਜੀ ਇੰਟਰਨੈਸ਼ਨਲ ਦੀ ਬਾਸਲ ਕਾਂਗਰਸ** 24-25 ਨਵੰਬਰ, 1912 ਨੂੰ ਹੋਈ। ਇਹ ਬਲਕਾਨ ਦੇ ਤੇ ਆਉਂਦੀ ਯੂਰਪੀ ਜੰਗ ਦੇ ਸੰਬੰਧ ਵਿੱਚ ਅਸਾਧਾਰਨ ਕਾਂਗਰਸ ਵਜੋਂ ਬੁਲਾਈ ਗਈ ਸੀ। ਕਾਂਗਰਸ ਨੇ ਇੱਕ ਮਤਾ ਪਾਸ ਕੀਤਾ ਜਿਸ ਵਿੱਚ ਇਸਨੇ ਆਉਂਦੀ

ਸੰਸਾਰ ਜੰਗ ਦੇ ਸਾਮਰਾਜੀ ਖਾਸੇ ਉੱਤੇ ਜ਼ੋਰ ਦਿੱਤਾ ਤੇ ਸਾਰੇ ਦੇਸ਼ਾਂ ਦੇ ਸੋਸ਼ਲਿਸਟਾਂ ਨੂੰ ਅਪੀਲ ਕੀਤੀ ਕਿ ਇਸਦਾ ਪੂਰੇ ਜ਼ੋਰ ਨਾਲ਼ ਵਿਰੋਧ ਕਰਨ।

ਸਫ਼ਾ−15

10. **ਅਕਤੂਬਰ-ਦਸੰਬਰ, 1905** ਦੇ ਮਹੀਨੇ 1905−1907 ਦੇ ਇਨਕਲਾਬ ਦੇ ਉਭਾਰ ਦਾ ਸਿਖਰ ਸਨ।

ਅਕਤੂਬਰ 1905 ਵਿੱਚ ਰੂਸੀ ਮਜ਼ਦੂਰਾਂ ਨੇ, ਜਿਹੜੇ ਜ਼ਾਰਸ਼ਾਹੀ ਇੱਕਪੁਰਖੇ ਰਾਜ ਨੂੰ ਉਲਟਾਉਣ ਲਈ ਲੜ ਰਹੇ ਸਨ, ਕੁੱਲ−ਰੂਸੀ ਰਾਜਸੀ ਹੜਤਾਲ ਦਾ ਨਾਅਰਾ ਦਿੱਤਾ ਹੋਇਆ ਸੀ। ਏਡੇ ਵੱਡੇ ਦੇਸ਼ ਵਿਚਲੇ ਸਾਰੇ ਕਾਰਖਾਨਿਆਂ ਤੇ ਫੈਕਟਰੀਆਂ ਵਿੱਚ ਕੰਮ ਰੁਕ ਗਿਆ। ਰੇਲਾਂ ਜਾਮ ਹੋ ਗਈਆਂ। ਜ਼ਾਰ ਇੱਕ ਮੈਨੀਫੈਸਟੋ ਜ਼ਾਰੀ ਕਰਨ ਲਈ ਮਜਬੂਰ ਹੋ ਗਿਆ ਜਿਸ ਵਿੱਚ ਉਸਨੇ ਦੇਸ਼ ਵਿੱਚ ਵਿਧਾਨ ਲਾਗੂ ਕਰਨ ਦਾ ਤੇ ਤਕਰੀਰ ਦੀ, ਮਿਲ਼ ਬੈਠਣ ਦੀ, ਤੇ ਪ੍ਰੈਸ ਆਦਿ ਦੀ ਆਜ਼ਾਦੀ "ਬਖਸ਼ਣ" ਦਾ ਵਾਅਦਾ ਕੀਤਾ। ਪਰ ਇਹ ਵਾਅਦੇ ਝੂਠ ਦੀ ਪੰਡ ਨਿਕਲ਼ੇ। ਮਾਸਕੋ ਵਿੱਚ ਦਸੰਬਰ 1905 ਵਿੱਚ ਹਥਿਆਰਬੰਦ ਬਗ਼ਾਵਤ ਫੁੱਟ ਪਈ। ਨੌਂ ਦਿਨ ਮਾਸਕੋ ਦੇ ਕਾਰਖਾਨਿਆਂ ਤੇ ਫੈਕਟਰੀਆਂ ਦੇ ਮਜ਼ਦੂਰ ਬਾਕਾਇਦਾ ਫੌਜਾਂ ਦੇ ਖਿਲਾਫ਼ ਜਿਨ੍ਹਾਂ ਦੀ ਹਮਾਇਤ ਉਤੇ ਤੋਪਖਾਨਾ ਸੀ, ਮੋਰਚੇ ਬਣਾ ਕੇ ਬਹਾਦਰੀ ਨਾਲ਼ ਲੜਦੇ ਰਹੇ। ਪੀਟਰਸਬਰਗ ਤੋਂ ਪੁੱਜੀ ਕੁੱਮਕ ਦੀ ਸਹਾਇਤਾ ਨਾਲ਼ ਹੀ ਜ਼ਾਰਸ਼ਾਹੀ ਸਰਕਾਰ ਮਜ਼ਦੂਰਾਂ ਉੱਪਰ ਕਾਬੂ ਪਾ ਸਕੀ।

ਸਫ਼ਾ−16

11. ਇਥੇ ਹਵਾਲਾ 18 ਤੋਂ 24 ਅਗਸਤ, 1907 ਨੂੰ **ਦੂਜੀ ਇੰਟਰਨੈਸ਼ਨਲ ਦੀ ਸਟੁਟਗਾਰਟ ਕਾਂਗਰਸ** ਦੇ ਮਤੇ ਵੱਲ ਹੈ। ਰੂ. ਸੋ. ਡੈ. ਲੇ. ਪਾ. ਦੀ ਪ੍ਰਤਿਨਿਧਤਾ 37 ਮੈਂਬਰ ਕਰ ਰਹੇ ਸਨ, ਜਿਨ੍ਹਾਂ ਵਿਚਲੇ ਬਾਲਸ਼ਵਿਕਾਂ ਵਿੱਚ ਲੈਨਿਨ, ਲੂਨਾਚਾਰਸਕੀ, ਲਿਤਵੀਨੋਵ ਆਦਿ ਸਨ।

ਮੁੱਖ ਕੰਮ ਕਮਿਸ਼ਨਾਂ ਵਿੱਚ ਚੱਲਿਆ ਜਿੱਥੇ ਪਲੈਨਰੀ ਸੈਸ਼ਨਾਂ ਲਈ ਮਤਿਆਂ ਦੇ ਖਰੜੇ ਬਣਾਏ ਗਏ। ਲੈਨਿਨ ਨੇ ਸੈਨਾਵਾਦ ਦੇ ਸਵਾਲ ਬਾਰੇ ਤੇ ਕੌਮਾਂਤਰੀ ਸਵਾਲਾਂ ਬਾਰੇ ਕਮਿਸ਼ਨਾਂ ਦੇ ਕੰਮ ਵਿੱਚ ਹਿੱਸਾ ਲਿਆ। ਰੋਜ਼ਾ ਲਗਜ਼ਮਬਰਗ ਨਾਲ਼ ਰਲ਼ ਕੇ ਲੈਨਿਨ ਨੇ ਬੇਬੇਲ ਦੇ ਮਤੇ ਦੇ ਖਰੜੇ ਵਿੱਚ ਇਹ ਤਰਮੀਮ ਜਮਾਂ ਕਰਵਾਈ ਕਿ ਸਮਾਜਵਾਦੀ ਨੂੰ ਚਾਹੀਦਾ ਹੈ ਕਿ ਉਹ ਆਮ ਲੋਕਾਂ ਨੂੰ ਉਭਾਰਨ ਲਈ ਤੇ ਸਰਮਾਇਦਾਰੀ ਨੂੰ ਉਲ਼ਟਾਉਣ ਲਈ ਜੰਗ ਵੱਲੋਂ ਪੈਦਾ ਕੀਤੇ ਗਏ ਸੰਕਟ ਦੀ ਵਰਤੋਂ ਕਰਨ। ਇਹ ਤਰਮੀਮ ਕਾਂਗਰਸ ਵਲੋਂ ਪ੍ਰਵਾਨ ਕਰ ਲਈ ਗਈ।

ਸਫ਼ਾ−16

12. 4 ਅਗਸਤ, 1914 ਨੂੰ ਜਰਮਨ ਰਾਇਖਤਾਗ ਵਿੱਚ ਸੋਸ਼ਲ−ਡੈਮੋਕਰੈਟਿਕ ਧੜੇ ਨੇ ਵਿਲਹੈਲਮ ਦੂਜੇ ਦੀ ਸਰਕਾਰ ਲਈ ਜੰਗੀ ਕਰਜ਼ੇ ਦੇਣ ਦੇ ਹੱਕ ਵਿੱਚ ਵੋਟਾਂ ਪਾਈਆਂ।

ਸਫ਼ਾ−19

13. 11 ਮਾਰਚ, 1915 ਨੂੰ ਫਰਾਂਸੀਸੀ ਸਮਾਜਵਾਦੀ ਪੀ. ਗੋਲੇ ਨੇ ਆਪਣਾ ਲੇਖ ਪੇਸ਼ ਕੀਤਾ—"ਮਰਨ-ਕਿਨਾਰੇ ਪਿਆ ਸਮਾਜਵਾਦੀ ਤੇ ਉਹ ਸਮਾਜਵਾਦ ਜਿਸ ਨੂੰ ਮੁੜ ਸੁਰਜੀਤ ਕੀਤਾ ਜਾਣਾ ਚਾਹੀਦਾ ਹੈ।" ਉਸੇ ਹੀ ਸਾਲ ਉਸਨੇ ਇੱਕ ਪੈਂਫਲਟ ਛਪਵਾਇਆ—«Le Socialisme qui meurt et le Socialisme que doit renaître»

ਸਫ਼ਾ–20

14. **ਸਤਰੂਵੇਵਾਦ**—ਮਾਰਕਸਵਾਦ ਦਾ ਉਦਾਰਵਾਦੀ ਬੁਰਜੂਆ ਰੂਪ-ਵਿਗਾੜ ਜਿਸਦਾ ਨਾਂ ਰੂਸ ਵਿੱਚ "ਕਨੂੰਨੀ ਮਾਰਕਸਵਾਦ" ਦੇ ਮੁੱਖ ਵਿਆਖਿਆਕਾਰ, ਪ. ਬ. ਸਤਰੂਵੇ ਦੇ ਨਾਂ 'ਤੇ ਰੱਖਿਆ ਗਿਆ। "ਕਨੂੰਨੀ ਮਾਰਕਸਵਾਦ" 1890ਵਿਆਂ ਵਿੱਚ ਰੂਸੀ ਉਦਾਰਵਾਦੀ ਬੁਰਜੂਆ ਬੁੱਧੀਮਾਨਾਂ ਵਿਚਕਾਰ ਸਮਾਜੀ-ਸਿਆਸੀ ਰੁਝਾਣ ਵਜੋਂ ਸਾਮ੍ਹਣੇ ਆਇਆ। ਸਤਰੂਵੇ ਦੀ ਅਗਵਾਈ ਹੇਠ "ਕਨੂੰਨੀ ਮਾਰਕਸਵਾਦੀਏ" ਮਾਰਕਸਵਾਦ ਨੂੰ ਬੁਰਜੂਆਜ਼ੀ ਦੇ ਹਿੱਤਾਂ ਵਿੱਚ ਕਰਨਾ ਚਾਹੁੰਦੇ ਸਨ। ਲੈਨਿਨ ਨੇ ਦੱਸਿਆ ਕਿ ਸਤਰੂਵੇਵਾਦ ਨੇ ਮਾਰਕਸਵਾਦ ਵਿੱਚੋਂ ਉਹ ਹਰ ਚੀਜ਼ ਅਪਣਾ ਲਈ ਜਿਹੜੀ ਉਦਾਰਵਾਦੀ ਬੁਰਜੂਆਜ਼ੀ ਨੂੰ ਪ੍ਰਵਾਨ ਸੀ ਅਤੇ ਇਸਦੇ ਸਭ ਤੋਂ ਵੱਧ ਮਹੱਤਵਪੂਰਨ ਲੱਛਣਾਂ—ਇਸਦੇ ਇਨਕਲਾਬੀ ਵਸਤੂ, ਪ੍ਰੋਲਤਾਰੀ ਇਨਕਲਾਬ ਅਤੇ ਪ੍ਰੋਲਤਾਰੀਆਂ ਦੀ ਤਾਨਾਸ਼ਾਹੀ, ਤੇ ਸਰਮਾਇਦਾਰੀ ਦੇ ਅਟੱਲ ਤੌਰ ਉੱਤੇ ਢਹਿ-ਢੇਰੀ ਹੋਣ ਦੇ ਸਿਧਾਂਤ—ਨੂੰ ਛੱਡ ਦਿੱਤਾ।

ਸਫ਼ਾ–20

15. **ਬਰੇਨਤਾਨੋਵਾਦ** ਜਰਮਨ ਅਰਥ-ਵਿਗਿਆਨੀ ਲੂਈਓ ਬਰੇਨਤਾਨੋ ਦੀ ਬੁਰਜੂਆ-ਸੁਧਾਰਵਾਦੀ ਸਿੱਖਿਆ ਦਾ ਨਾਂ ਹੈ ਜਿਹੜਾ ਸਰਮਾਇਦਾਰਾ ਸਮਾਜ ਵਿੱਚ "ਸਮਾਜਕ ਅਮਨ" ਦਾ, ਬਿਨਾਂ ਜਮਾਤੀ ਘੋਲ਼ ਦੇ ਸਰਮਾਇਦਾਰੀ ਦੇ ਸਮਾਜਕ ਵਿਰੋਧਾਂ ਨੂੰ ਦੂਰ ਕਰਨ ਦੀ ਸੰਭਾਵਨਾ ਦਾ ਵਕੀਲ ਸੀ, ਤੇ ਜਿਹੜਾ ਦਾਅਵਾ ਕਰਦਾ ਸੀ ਕਿ ਜਮਾਤੀ ਘੋਲ਼ ਤੋਂ ਬਿਨਾਂ ਹੀ ਮਜ਼ਦੂਰਾਂ ਦਾ ਸਵਾਲ ਹੱਲ ਕੀਤਾ ਜਾ ਸਕਦਾ ਹੈ ਤੇ ਮਜ਼ਦੂਰਾਂ ਤੇ ਸਰਮਾਇਦਾਰਾਂ ਦੇ ਹਿਤਾਂ ਨੂੰ ਹੱਲ ਕੀਤਾ ਜਾ ਸਕਦਾ ਹੈ। ਮਾਰਕਸਵਾਦੀ ਵਾਕੰਸ਼ਾਂ ਨੂੰ ਵਰਤਦਿਆਂ ਬਰੇਨਤਾਨੋ ਤੇ ਉਸਦੇ ਪੈਰੋਕਾਰਾਂ ਨੇ ਮਜ਼ਦੂਰ ਲਹਿਰ ਨੂੰ ਬੁਰਜੂਆਜ਼ੀ ਦੇ ਹਿਤਾਂ ਦੇ ਅਧੀਨ ਕਰਨ ਦੀ ਕੋਸ਼ਿਸ਼ ਕੀਤੀ।

ਸਫ਼ਾ–20

16. **ਨਾਸ਼ਾ ਜ਼ਾਰੀਆ** (ਸਾਡੀ ਪ੍ਰਭਾਤ), ਮੇਨਸ਼ਵਿਕ ਖਾਤਮੇਵਾਦੀਆਂ ਦਾ ਕਨੂੰਨੀ ਮਾਸਕ ਪੱਤਰ, ਜਿਹੜਾ 1910 ਤੋਂ 1914 ਤੱਕ ਪੀਟਰਜ਼ਬਰਗ ਤੋਂ ਨਿਕਲਦਾ ਰਿਹਾ। ਇਹ ਰਸਾਲਾ ਰੂਸ ਵਿੱਚ ਖਾਤਮੇਵਾਦੀਆਂ ਦਾ ਗੜ੍ਹ ਤੇ ਪਾਲਣਵਾਲਾ ਸੀ।

ਸਫ਼ਾ–21

17. "**ਸਭਿਆਚਾਰਕ-ਕੌਮੀ ਖੁਦਇਖਤਿਆਰੀ**"—ਮਾਰਕਸਵਾਦ-ਵਿਰੋਧੀ ਬੁਰਜੂਆ ਕੌਮਪ੍ਰਸਤ ਪ੍ਰੋਗਰਾਮ ਜਿਹੜਾ ਆਸਟਰੀਆਈ ਸੋਸ਼ਲ-ਡੈਮੋਕਰੈਟਾਂ ਓ. ਬਾਉਏਰ ਤੇ ਕਾ.

ਰੇਨਰ ਨੇ ਕੌਮੀ ਮਸਲੇ ਨੂੰ ਹਲ ਕਰਨ ਲਈ ਘੜਿਆ।

ਪ੍ਰੋਗਰਾਮ ਦਾ ਤੱਤ ਇਹ ਸੀ ਕਿ ਹਰ ਸਬੰਧਤ ਦੇਸ਼ ਵਿੱਚ ਇੱਕ ਕੌਮੀਅਤ ਦੇ ਲੋਕ, ਭਾਵੇਂ ਉਹ ਉਸ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਰਹਿੰਦੇ ਹੋਣ, ਇਕ ਖੁਦਇਖਤਿਆਰ ਕੌਮੀ ਯੂਨੀਅਨ ਬਣਾਉਂਦੇ ਨੇ, ਜਿਸਦੇ ਪੂਰਨ ਅਧਿਕਾਰ ਹੇਠ ਰਾਜ ਸਕੂਲਾਂ ਨੂੰ (ਵੱਖੋ ਵੱਖਰੀਆਂ ਕੌਮੀਅਤਾਂ ਦੇ ਬੱਚਿਆਂ ਲਈ ਵੱਖਰੇ ਸਕੂਲ) ਤੇ ਵਿੱਦਿਆ ਤੇ ਸਭਿਆਚਾਰ ਦੀਆਂ ਦੂਜੀਆਂ ਸ਼ਾਖਾਂ ਨੂੰ ਦੇ ਦੇਂਦਾ ਹੈ। ਜੇ ਇਹ ਪ੍ਰੋਗਰਾਮ ਨੇਪਰੇ ਚੜ੍ਹ ਜਾਂਦਾ, ਤਾਂ ਹਰ ਕੌਮੀ ਗਰੁੱਪ ਦੇ ਅੰਦਰ ਪਾਦਰੀਆਂ ਦਾ ਤੇ ਪਿਛਾਂਹਖਿੱਚੂ ਵਿਚਾਰਧਾਰਾ ਦਾ ਪ੍ਰਭਾਵ ਵੱਧ ਜਾਣਾ ਸੀ ਤੇ ਇਸਨੇ ਮਜ਼ਦੂਰ ਜਮਾਤ ਵਿੱਚ ਕੌਮੀ ਵਿਲੱਖਣਤਾਈਆਂ ਅਨੁਸਾਰ ਵੰਡ ਨੂੰ ਡੂੰਘਿਆਂ ਕਰਦਿਆਂ, ਇਸਨੂੰ ਜਥੇਬੰਦ ਕਰਨ ਦੇ ਯਤਨਾਂ ਵਿੱਚ ਰੁਕਾਵਟ ਪਾਉਣੀ ਸੀ।

ਲੈਨਿਨ ਨੇ ਕਈ ਲੇਖਾਂ ਵਿੱਚ ਸਭਿਆਚਾਰਕ-ਕੌਮੀ ਖੁਦਇਖਤਿਆਰੀ ਦੇ ਨਾਅਰੇ ਦੀ ਸਖਤ ਆਲੋਚਨਾ ਕੀਤੀ।

ਸਫ਼ਾ-25

18. **ਕੈਡਿਟ—ਸੰਵਿਧਾਨਿਕ-ਜਮਹੂਰੀ ਪਾਰਟੀ** ਦੇ ਮੈਂਬਰ, ਜੋ ਰੂਸ ਵਿੱਚ ਉਦਾਰਵਾਦੀ-ਸ਼ਾਹਪਸੰਦ ਬੁਰਜੂਆਜ਼ੀ ਦੀ ਸਿਰਕੱਢ ਪਾਰਟੀ ਸੀ। ਕੈਡਿਟਾਂ ਦੀ ਪਾਰਟੀ ਅਕਤੂਬਰ 1905 ਵਿੱਚ ਬਣਾਈ ਗਈ ਸੀ। ਇਸ ਵਿੱਚ ਬੁਰਜੂਆਜ਼ੀ, ਭੂਮੀਪਤੀਆਂ ਤੇ ਬੁਰਜੂਆ ਬੁੱਧੀਮਾਨਾਂ ਦੇ ਪ੍ਰਤਿਨਿਧ ਸ਼ਾਮਲ ਸਨ। ਅਸਲ ਵਿੱਚ ਉਹ ਸੰਵਿਧਾਨਕ ਤਾਜਸ਼ਾਹੀ ਦੀ ਮੰਗ ਤੋਂ ਛੁੱਟ ਹੋਰ ਕੁੱਝ ਪੇਸ਼ ਨਹੀਂ ਸਨ ਕਰਦੇ। ਪਹਿਲੀ ਸੰਸਾਰ ਜੰਗ ਦੇ ਸਾਲਾਂ ਵਿੱਚ ਕੈਡਿਟਾਂ ਨੇ ਜ਼ਾਰਸ਼ਾਹੀ ਸਰਕਾਰ ਦੀ ਧਾੜਵੀਆਨਾ ਵਿਦੇਸ਼ ਨੀਤੀ ਦੀ ਪੱਕੀ ਤਰ੍ਹਾਂ ਹਮਾਇਤ ਕੀਤੀ। 1917 ਦੇ ਫਰਵਰੀ ਬੁਰਜੂਆ ਜਮਹੂਰੀ ਇਨਕਲਾਬ ਦੇ ਸਮੇਂ ਵਿੱਚ ਉਹਨਾਂ ਨੇ ਇੱਕਪੁਰਖੇ ਰਾਜ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਆਰਜ਼ੀ ਬੁਰਜੂਆ ਸਰਕਾਰ ਵਿੱਚ ਉੱਘੀਆਂ ਥਾਵਾਂ ਮੱਲਦੇ ਹੋਏ ਕੈਡਿਟਾਂ ਨੇ ਲੋਕ-ਵਿਰੋਧੀ ਉਲ਼ਟ-ਇਨਕਲਾਬੀ ਨੀਤੀ ਨੂੰ ਅਮਲ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ।

ਸਫ਼ਾ-26

19. **ਪਾਨ-ਸਲਾਵਵਾਦ—**ਜ਼ਾਰਸ਼ਾਹੀ ਰੂਸ ਦੇ ਗ਼ਲਬੇ ਹੇਠ ਸਲਾਵ ਦੇਸ਼ਾਂ ਨੂੰ ਇਕੱਠਿਆਂ ਕਰਦਾ ਪਿਛਾਂਹ ਖਿੱਚੂ ਸਿਆਸੀ ਰੁਝਾਣ ਜਿਹੜਾ ਇਸ ਮੰਤਵ ਲਈ ਤੁਰਕ ਤੇ ਆਸਟਰੋ-ਹੰਗੇਰੀਅਨ ਜੂਲੇ ਤੋਂ ਆਜ਼ਾਦ ਹੋਣ ਲਈ ਸਲਾਵਾਂ ਦੇ ਘੋਲ਼ ਨੂੰ ਵਰਤਣ ਦੀ ਕੋਸ਼ਿਸ਼ ਕਰਦਾ ਸੀ।

ਸਫ਼ਾ-26

20. **ਕਾਲੇ ਸੌ** —ਇਨਕਲਾਬੀ ਲਹਿਰ ਦਾ ਮੁਕਾਬਲਾ ਕਰਨ ਲਈ ਜ਼ਾਰਸ਼ਾਹੀ ਪੁਲੀਸ ਵੱਲੋਂ ਜਥੇਬੰਦ ਕੀਤੇ ਗਏ ਸ਼ਾਹ-ਪਸੰਦ ਦਸਤੇ। "ਕਾਲੇ ਸੌ" ਇਨਕਲਾਬੀਆਂ ਦਾ ਕਤਲ ਕਰਦੇ ਸਨ, ਅਗਾਂਹਵਧੂ ਬੁੱਧੀਮਾਨਾਂ ਨੂੰ ਜ਼ਿਚ ਕਰਦੇ ਸਨ ਤੇ ਯਹੂਦੀਆਂ ਦੇ ਕਤਲਾਮ ਜਥੇਬੰਦ ਕਰਦੇ ਸਨ।

ਸਫ਼ਾ –26

21. **ਰਾਜ ਦੂਮਾ** — ਪ੍ਰਤਿਨਿਧ ਸੰਸਥਾ, ਜਿਹੜੀ 1905 ਦੀਆਂ ਇਨਕਲਾਬੀ ਘਟਨਾਵਾਂ ਤੋਂ ਮਗਰੋਂ ਜ਼ਾਰਸ਼ਾਹੀ ਸਰਕਾਰ ਨੂੰ ਸਿਰਜਣੀ ਪਈ। ਉਂਝ ਰਾਜ ਦੂਮਾ ਇੱਕ ਵਿਧਾਨਸਾਜ਼ ਅਦਾਰਾ ਸੀ, ਪਰ ਅਸਲ ਵਿੱਚ ਇਸ ਕੋਲ਼ ਕੋਈ ਠੋਸ ਤਾਕਤ ਨਹੀਂ ਸੀ।

ਰਾਜ ਦੂਮਾ ਲਈ ਚੋਣਾਂ ਅਸਿੱਧੀਆਂ ਤੇ ਨਾਬਰਾਬਰ ਸਨ, ਤੇ ਆਮ ਨਹੀਂ ਸਨ। ਮਜ਼ਦੂਰ ਜਮਾਤਾਂ ਤੇ ਰੂਸ ਵਿੱਚ ਵਸਦੀਆਂ ਗ਼ੈਰ–ਰੂਸੀ ਕੌਮੀਅਤਾਂ ਦਾ ਵੀ ਵੋਟ ਦਾ ਹੱਕ ਕਾਫ਼ੀ ਹੱਦ ਤੱਕ ਸੀਮਤ ਰੱਖਿਆ ਗਿਆ ਸੀ; ਮਜ਼ਦੂਰਾਂ ਤੇ ਕਿਸਾਨਾਂ ਦੇ ਕਾਫ਼ੀ ਵੱਡੇ ਹਿੱਸੇ ਨੂੰ ਵੋਟ ਦੇਣ ਦਾ ਹੱਕ ਹੈ ਹੀ ਨਹੀਂ ਸੀ। 11(24) ਦਸੰਬਰ, 1905 ਦੇ ਚੋਣ ਕਨੂੰਨ ਅਨੁਸਾਰ ਭੂਮੀਪਤੀ ਦਾ ਇੱਕ ਵੋਟ ਸ਼ਹਿਰੀ ਬੁਰਜੂਆਜ਼ੀ ਦੇ ਪ੍ਰਤਿਨਿਧਾਂ ਦੇ ਤਿੰਨ ਵੋਟਾਂ ਦੇ, ਕਿਸਾਨਾਂ ਦੇ 15 ਵੋਟਾਂ ਦੇ ਤੇ ਮਜ਼ਦੂਰਾਂ ਦੇ 45 ਵੋਟਾਂ ਦੇ ਬਰਾਬਰ ਸੀ।

ਪਹਿਲੀ ਰਾਜ ਦੂਮਾ (ਅਪ੍ਰੈਲ–ਜੂਨ, 1906) ਤੇ ਦੂਜੀ ਰਾਜ ਦੂਮਾ (ਫਰਵਰੀ–ਜੂਨ, 1907) ਜ਼ਾਰਸ਼ਾਹੀ ਸਰਕਾਰ ਵੱਲੋਂ ਬਰਖਾਸਤ ਕਰ ਦਿੱਤੀ ਗਈ। 3 ਜੂਨ, 1907 ਨੂੰ ਰਾਜ–ਪਲਟੇ ਦੀ ਸਾਜ਼ਸ਼ ਘੜਣ ਪਿਛੋਂ, ਸਰਕਾਰ ਨੇ ਨਵਾਂ ਚੋਣ ਕਨੂੰਨ ਜਾਰੀ ਕਰ ਦਿੱਤਾ ਜਿਸਨੇ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਕਾਂ ਨੂੰ ਹੋਰ ਵੀ ਘਟਾ ਦਿੱਤਾ ਤੇ ਤੀਜੀ (1907–1912) ਤੇ ਚੌਥੀ ਰਾਜ ਦੂਮਾ ਵਿੱਚ ਭੂਮੀਪਤੀਆਂ ਤੇ ਵੱਡੇ ਸਰਮਾਇਦਾਰਾਂ ਦੇ ਪੂਰਨ ਗ਼ਲਬੇ ਨੂੰ ਯਕੀਨੀ ਬਣਾ ਦਿੱਤਾ।

ਸਫ਼ਾ–27

22. **ਤਰੂਦੋਵਿਕ** (ਕਿਰਤੀ ਗਰੁੱਪ) — ਪੈਟੀ–ਬੁਰਜੂਆ ਜਮਹੂਰੀ; ਰਾਜ ਦੂਮਾ ਵਿੱਚ ਅਪ੍ਰੈਲ 1906 ਵਿੱਚ ਬਣਾਇਆ ਗਿਆ ਕਿਸਾਨ ਡਿਪਟੀਆਂ ਦਾ ਇੱਕ ਛੋਟਾ ਜਿਹਾ ਗਰੁੱਪ। ਪਹਿਲੀ ਸੰਸਾਰ ਜੰਗ ਦੇ ਦੌਰਾਨ ਤਰੂਦੋਵਿਕਾਂ ਨੇ ਅੰਧਰਾਸ਼ਟਰਵਾਦੀ ਪੁਜ਼ੀਸ਼ਨ ਲਈ। 1917 ਵਿੱਚ ਉਹਨਾਂ ਨੇ ਆਰਜ਼ੀ ਬੁਰਜੂਆ ਸਰਕਾਰ ਦੀ ਸਰਗਰਮ ਹਮਾਇਤ ਕੀਤੀ। ਅਕਤੂਬਰ ਸਮਾਜਵਾਦੀ ਇਨਕਲਾਬ ਤੋਂ ਮਗਰੋਂ ਤਰੂਦੋਵਿਕ ਬੁਰਜੂਆ ਉਲਟ–ਇਨਕਲਾਬੀਆਂ ਵੱਲ ਹੋ ਗਏ।

ਸਫ਼ਾ–27

23. **ਸਮਾਜਵਾਦੀ-ਇਨਕਲਾਬੀ**—ਨਿੱਕ–ਬੁਰਜੂਆ ਪਾਰਟੀ ਜਿਹੜੀ 1901 ਦੇ ਅਖੀਰ ਤੇ 1902 ਦੇ ਸ਼ੁਰੂ ਵਿੱਚ ਨਰੋਦਨਿਕਾਂ ਦੇ ਵੱਖੋ ਵੱਖਰੇ ਗਰੁੱਪਾਂ ਦੇ ਹਲਕਿਆਂ ਦੇ ਇਕੱਠਿਆਂ ਹੋ ਜਾਣ ਦੇ ਸਿੱਟੇ ਵਜੋਂ ਰੂਸ ਵਿੱਚ ਕਾਇਮ ਹੋਈ। ਸਾਮਰਾਜਵਾਦੀ ਜੰਗ ਦੇ ਸਾਲਾਂ ਵਿੱਚ ਸਮਾਜਵਾਦੀ–ਇਨਕਲਾਬੀਆਂ ਦੀ ਬਹੁ–ਗਿਣਤੀ ਨੇ ਸਮਾਜੀ–ਅੰਧਰਾਸ਼ਟਰਵਾਦੀ ਪੁਜ਼ੀਸ਼ਨ ਦੀ ਹਮਾਇਤ ਕੀਤੀ। ਫਰਵਰੀ ਬੁਰਜੂਆ–ਜਮਹੂਰੀ ਇਨਕਲਾਬ ਤੋਂ ਪਿਛੋਂ, ਉਹ ਬੁਰਜੂਆ ਆਰਜ਼ੀ ਸਰਕਾਰ ਵਿੱਚ ਸ਼ਾਮਲ ਹੋ ਗਏ। ਵਿਦੇਸ਼ੀ ਫੌਜੀ ਮੁਦਾਖਲਤ ਦੇ ਤੇ ਘਰੇਲੂ ਜੰਗ ਦੇ ਸਾਲਾਂ ਵਿੱਚ ਸਮਾਜਵਾਦੀ–ਇਨਕਲਾਬੀਆਂ ਨੇ ਸੋਵੀਅਤ ਰੂਸ ਦੇ

ਖਿਲਾਫ਼ ਉਲ਼ਟ-ਇਨਕਲਾਬੀ ਘੋਲ਼ ਚਲਾਇਆ।

ਸਫ਼ਾ-27

24. **ਕੌਮਾਂਤਰੀ ਸਮਾਜਵਾਦੀ ਬਿਊਰੋ**—ਦੂਜੀ ਇੰਟਰਨੈਸ਼ਨਲ ਦਾ ਕਾਰਜ-ਸਾਧਕ ਅਦਾਰਾ ਜਿਹੜਾ 1900 ਦੀ ਪੈਰਿਸ ਕਾਂਗਰਸ ਦੇ ਫੈਸਲੇ ਅਨੁਸਾਰ ਕਾਇਮ ਕੀਤਾ ਗਿਆ। 1905 ਤੋਂ ਲੈ ਕੇ ਲੈਨਿਨ ਰੂ.ਸੋ.ਡੈ.ਲੇ.ਪਾ. ਦੇ ਪ੍ਰਤਿਨਿਧ ਵਜੋਂ ਇਸ ਬਿਊਰੋ ਦੇ ਮੈਂਬਰ ਰਹੇ।

ਸਫ਼ਾ-27

25. **''ਤੀਹਰੇ ਇਤਿਹਾਦ'' ਦੇ ਦੇਸ਼ਾਂ ਦੇ ਸਮਾਜਵਾਦੀਆਂ ਦੀ ਲੰਡਨ ਕਾਨਫਰੰਸ** 14 ਫਰਵਰੀ, 1915 ਨੂੰ ਹੋਈ। ਇਸ ਕਾਨਫਰੰਸ ਵਿੱਚ ਬਰਤਾਨੀਆ ਤੇ ਫਰਾਂਸ ਦੀਆਂ ਸਮਾਜਵਾਦੀ ਪਾਰਟੀਆਂ ਦੇ ਸਮਾਜੀ-ਅੰਧਰਾਸ਼ਟਰਵਾਦੀ ਤੇ ਸ਼ਾਂਤੀਵਾਦੀ ਧੜਿਆਂ ਦੇ ਪ੍ਰਤਿਨਿਧ ਤੇ ਰੂਸ ਤੋਂ ਮੇਨਸ਼ਵਿਕ ਤੇ ਸਮਾਜਵਾਦੀ-ਇਨਕਲਾਬੀ ਸ਼ਾਮਲ ਹੋਏ।

ਤੇ ਭਾਵੇਂ ਬਾਲਸ਼ਵਿਕਾਂ ਨੂੰ ਕਾਨਫਰੰਸ ਵਿੱਚ ਆਉਣ ਦਾ ਸੱਦਾ ਨਹੀਂ ਸੀ ਦਿੱਤਾ ਗਿਆ, ਤਾਂ ਵੀ ਲੈਨਿਨ ਦੀਆਂ ਹਦਾਇਤਾਂ ਉੱਤੇ ਲਿਤਵੀਨੋਵ (ਮਾਕਸਿਮੋਵਿਚ) ਕਾਨਫਰੰਸ ਵਿੱਚ ਪੁੱਜਾ ਤੇ ਉਥੇ ਰੂ.ਸੋ.ਡੈ.ਲੇ.ਪਾ. ਦੀ ਕੇਂਦਰੀ ਕਮੇਟੀ ਦਾ ਐਲਾਨਨਾਮਾ ਪੜ੍ਹਿਆ, ਜਿਹੜਾ ਲੈਨਿਨ ਵੱਲੋਂ ਲਿਖੇ ਗਏ ਖਰੜੇ ਉੱਪਰ ਆਧਾਰਤ ਸੀ। ਐਲਾਨਨਾਮੇ ਵਿੱਚ ਮੰਗ ਕੀਤੀ ਗਈ ਸੀ ਕਿ ਸਮਾਜਵਾਦੀ ਬੁਰਜੂਆ ਸਰਕਾਰਾਂ ਵਿੱਚੋਂ ਨਿਕਲ਼ ਜਾਣ, ਸਾਮਰਾਜੀਆਂ ਨਾਲ਼ੋਂ ਪੂਰਨ ਤੌਰ ਉੱਤੇ ਸਬੰਧ ਤੋੜ ਲਿਆ ਜਾਏ, ਉਹਨਾਂ ਨਾਲ਼ ਮਿਲਵਰਤਨ ਰੱਦ ਕੀਤੀ ਜਾਏ, ਸਾਰੀਆਂ ਸਾਮਰਾਜਵਾਦੀ ਸਰਕਾਰਾਂ ਦੇ ਖਿਲਾਫ਼ ਦ੍ਰਿੜ੍ਹ ਘੋਲ ਚਲਾਇਆ ਜਾਏ ਤੇ ਜੰਗੀ ਕਰਜ਼ਿਆਂ ਦੇ ਹੱਕ ਵਿੱਚ ਵੋਟਾਂ ਦੀ ਨਿਖੇਧੀ ਕੀਤੀ ਜਾਏ। ਜਦੋਂ ਲਿਤਵੀਨੋਵ ਐਲਾਨਨਾਮਾ ਪੜ੍ਹ ਰਿਹਾ ਸੀ ਤਾਂ ਉਸਨੂੰ ਰੋਕ ਦਿੱਤਾ ਗਿਆ ਤੇ ਉਸਦਾ ਬੋਲਣ ਦਾ ਹੱਕ ਖੋਹ ਲਿਆ ਗਿਆ, ਪ੍ਰਧਾਨਗੀ ਮੰਡਲ ਨੂੰ ਐਲਾਨਨਾਮੇ ਦਾ ਮੂਲ ਦੇਣ ਪਿਛੋਂ ਲਿਤਵੀਨੋਵ ਕਾਨਫਰੰਸ ਵਿੱਚੋਂ ਚਲਾ ਗਿਆ।

ਸਫ਼ਾ-27

26. **''ਨੋਵੋਸਤੀ''** (ਖ਼ਬਰ) —ਅਗਸਤ 1914 ਤੋਂ ਮਈ 1915 ਤੱਕ ਪੈਰਿਸ ਤੋਂ ਪ੍ਰਕਾਸ਼ਤ ਹੁੰਦਾ ਸਮਾਜਵਾਦੀ-ਇਨਕਲਾਬੀਆਂ ਦਾ ਰੋਜ਼ਾਨਾ ਅਖ਼ਬਾਰ।

ਸਫ਼ਾ-27

27. **ਖਾਤਮੇਵਾਦ** — 1905-1907 ਦੇ ਇਨਕਲਾਬ ਦੀ ਹਾਰ ਤੋਂ ਮਗਰੋਂ ਮੇਨਸ਼ਵਿਕਾਂ (ਰੂ. ਸੋ.ਡੈ.ਲੇ.ਪਾ. ਦੇ ਮੌਕਾਪ੍ਰਸਤ ਧੜੇ) ਵਿੱਚ ਪੈਦਾ ਹੋਇਆ ਰੁਝਾਣ। ਖਾਤਮੇਵਾਦੀਆਂ ਦੀ ਮੰਗ ਸੀ ਕਿ ਮਜ਼ਦੂਰ ਜਮਾਤ ਦੀ ਇਨਕਲਾਬੀ ਗ਼ੈਰ-ਕਨੂੰਨੀ ਪਾਰਟੀ ਦਾ ਖਾਤਮਾ ਕੀਤਾ ਜਾਏ ਤੇ ਮਜ਼ਦੂਰ ਜਮਾਤ ਦੀ ਜੁਝਾਰ ਪਾਰਟੀ ਦੀ ਥਾਂ, ਉਹਨਾਂ ਨੇ ਕਨੂੰਨੀ ਮੌਕਾਪ੍ਰਸਤ ਜਥੇਬੰਦੀ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਜਿਹੜੀ ਜ਼ਾਰਸ਼ਾਹੀ ਸਰਕਾਰ ਵੱਲੋਂ ਆਗਿਆਯੋਗ ਸਰਗਰਮੀਆਂ ਕਰੇ। ਲੈਨਿਨ ਤੇ ਦੂਜੇ ਬਾਲਸ਼ਵਿਕਾਂ ਨੇ ਖਾਤਮੇਵਾਦੀਆਂ

ਨੂੰ ਅਣਥੱਕ ਤੌਰ ਉੱਤੇ ਬੇਨਕਾਬ ਕੀਤਾ, ਜਿਹੜੇ ਇਨਕਲਾਬੀ ਉਦੇਸ਼ ਨਾਲ਼ ਗ਼ੱਦਾਰੀ ਕਰ ਗਏ ਸਨ। ਖਾਤਮੇਵਾਦ ਮਜ਼ਦੂਰਾਂ ਵਿੱਚ ਸਫਲ ਨਾ ਹੋ ਸਕਿਆ। ਜਨਵਰੀ 1912 ਵਿੱਚ ਪਰਾਗ ਵਿੱਚ ਹੋਈ ਰੂ.ਸੋ.ਡੈ.ਲੇ.ਪਾ. ਦੀ ਕਾਨਫਰੰਸ ਵਿੱਚ ਖਾਤਮੇਵਾਦੀਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।

ਸਫ਼ਾ–28

28. **"ਪ੍ਰੋਲੇਤਾਰਸਕੀ ਗੋਲੋਸ"** (ਪ੍ਰੋਲੇਤਾਰੀ ਆਵਾਜ਼) — ਰੂ.ਸੋ.ਡੈ.ਲੈ.ਪਾ. ਦੀ ਪੀਟਰਜ਼ਬਰਗ ਕਮੇਟੀ ਵੱਲੋਂ ਕੱਢਿਆ ਜਾਂਦਾ ਗ਼ੈਰ–ਕਨੂੰਨੀ ਅਖ਼ਬਾਰ, ਜਿਹੜਾ ਫਰਵਰੀ 1915 ਤੋਂ ਸਤੰਬਰ 1916 ਤੱਕ ਨਿਕਲ਼ਦਾ ਰਿਹਾ। ਚਾਰ ਅੰਕ ਨਿਕਲ਼ੇ। ਅਖ਼ਬਾਰ ਦੇ ਪਹਿਲੇ ਅੰਕ ਵਿੱਚ ਰੂ. ਸੋ. ਡੈ. ਲੇ. ਪਾ. ਦੀ ਕੇਂਦਰੀ ਕਮੇਟੀ ਦਾ ਮੈਨੀਫੈਸਟੋ "ਜੰਗ ਤੇ ਰੂਸੀ ਸੋਸ਼ਲ–ਡੈਮੋਕਰੇਸੀ" ਮੁੜ–ਛਾਪਿਆ ਗਿਆ।

ਸਫ਼ਾ29

29. ਦੇਖੋ ਨੋਟ ਨੰ: 2 ਸਫ਼ਾ–29

30. **ਬਾਲਸ਼ਵਿਕਾਂ ਦਾ ਮੁੱਕਦਮਾ**—ਚੌਥੀ ਰਾਜ ਦੂਮਾ ਦੇ ਬਾਲਸ਼ਵਿਕ–ਡਿਪਟੀਆਂ (ਅ. ਯ. ਬਾਦਾਯੇਵ, ਮ. ਕ. ਮੁਰਾਨੋਵ, ਗ. ਇ. ਪਿਤਰੋਵਸਕੀ, ਫ਼. ਨ. ਸਮੋਇਲੋਵ, ਨ. ਰ. ਸ਼ਾਗੋਵ) ਤੇ ਦੂਜੇ ਸੋਸ਼ਲ–ਡੈਮੋਕਰੈਟਾਂ ਉੱਤੇ ਚਲਾਇਆ ਗਿਆ ਮੁਕੱਦਮਾ, ਜਿਨ੍ਹਾਂ ਨੇ 10 ਫਰਵਰੀ, 1915 ਨੂੰ ਓਜ਼ੇਰਕੀ ਵਿੱਚ ਹੋਈ ਗ਼ੈਰ–ਕਨੂੰਨੀ ਪਾਰਟੀ ਕਾਨਫਰੰਸ ਵਿੱਚ ਹਿੱਸਾ ਲਿਆ ਸੀ। ਬਾਲਸ਼ਵਿਕ ਡਿਪਟੀਆਂ ਦੇ ਖਿਲਾਫ਼ ਦੋਸ਼ ਵਜੋਂ ਦੋ ਮਸਾਲੇ ਪੇਸ਼ ਕੀਤੇ ਗਏ—ਲੈਨਿਨ ਦਾ ਥੀਸਿਸ "ਯੂਰਪੀ ਜੰਗ ਵਿੱਚ ਇਨਕਲਾਬੀ ਸੋਸ਼ਲ–ਡੈਮੋਕਰੇਸੀ ਦੇ ਕਰਤੱਵ" ਤੇ ਰੂ. ਸੋ. ਡੈ. ਲੇ. ਪਾ. ਦੀ ਕੇਂਦਰੀ ਕਮੇਟੀ ਦਾ ਮੈਨੀਫੈਸਟੋ "ਜੰਗ ਤੇ ਰੂਸੀ ਸੋਸ਼ਲ–ਡੈਮੋਕਰੇਸੀ," ਜਿਹੜਾ "ਸੋਤਸਿਆਲ–ਦਿਮੋਕਰਾਤ" ਅਖ਼ਬਾਰ ਵਿੱਚ ਪ੍ਰਕਾਸ਼ਤ ਹੋਇਆ ਸੀ। ਇਹ ਮਸਾਲੇ ਉਹਨਾਂ ਤੋਂ ਤਲਾਸ਼ੀ ਵੇਲੇ ਹੱਥ ਲੱਗੇ ਸਨ।

ਪੰਜੇ ਦੇ ਪੰਜੇ ਬਾਲਸ਼ਵਿਕ–ਡਿਪਟੀਆਂ ਨੂੰ ਤੂਰੂਖਾਨ ਇਲਾਕੇ (ਪੂਰਬੀ ਸਾਇਬੇਰੀਆ) ਵਿੱਚ ਜ਼ਿੰਦਗੀ ਭਰ ਲਈ ਜਲਾਵਤਨ ਕਰ ਦਿੱਤਾ ਗਿਆ।

ਸਫ਼ਾ–30

31. «Sozialistische Monatshefte» (ਸਮਾਜਵਾਦੀ ਮਾਸਕ) —ਜਰਮਨ ਸੋਸ਼ਲ–ਡੈਮੋਕਰੇਸੀ ਦੇ ਮੌਕਾਪ੍ਰਸਤਾਂ ਦਾ ਮੁੱਖ ਰਸਾਲਾ ਤੇ ਕੌਮਾਂਤਰੀ ਸੋਧਵਾਦ ਦੇ ਪਰਚਿਆਂ ਵਿੱਚੋਂ ਇੱਕ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਇਹ ਸਮਾਜੀ–ਅੰਧਰਾਸ਼ਟਰਵਾਦੀ ਸਟੈਂਡ ਉੱਤੇ ਡਟਿਆ ਰਿਹਾ। ਇਹ 1878 ਤੋਂ 1933 ਤੱਕ ਬਰਲਿਨ ਤੋਂ ਛਪਦਾ ਰਿਹਾ।

ਸਫ਼ਾ–34

32. ਇੱਥੇ ਹਵਾਲਾ ਜਰਮਨੀ ਤੇ ਆਸਟਰੀਆ ਦੇ ਸੋਸ਼ਲਿਸਟਾਂ ਦੀ ਅਪ੍ਰੈਲ 1915 ਵਿੱਚ ਵੀਆਨਾ ਵਿੱਚ ਹੋਈ ਕਾਨਫਰੰਸ ਵੱਲ ਹੈ। ਇਹ ਇੱਕ ਤਰ੍ਹਾਂ ਨਾਲ਼ ਤੀਹਰੇ ਇਤਿਹਾਦ ਦੇ ਦੇਸ਼ਾਂ ਦੇ ਸੋਸ਼ਲਿਸਟਾਂ ਦੀ ਲੰਡਨ ਕਾਨਫਰੰਸ ਦਾ ਜਵਾਬ ਸੀ। ਕਾਨਫਰੰਸ ਵਿੱਚ ਪ੍ਰਵਾਨ

ਕੀਤੇ ਗਏ ਮਤੇ ਵਿੱਚ ਸਾਮਰਾਜੀ ਜੰਗ ਵਿੱਚ "ਪਿਤਾਭੂਮੀ ਦੀ ਰਾਖੀ" ਦੇ ਸਮਾਜੀ-ਅੰਧਰਾਸ਼ਟਰਵਾਦੀ ਨਾਅਰੇ ਨੂੰ ਪ੍ਰਵਾਨਗੀ ਦਿੱਤੀ ਗਈ।

ਸਫ਼ਾ-34

33. ਇੱਥੇ ਹਵਾਲਾ ਲੂਗਾਨੋ (ਸਵਿਟਜ਼ਰਲੈਂਡ) ਵਿੱਚ 27 ਦਸੰਬਰ, 1914 ਨੂੰ ਇਟਲੀ ਤੇ ਸਵਿਟਜ਼ਰਲੈਂਡ ਦੇ ਸੋਸ਼ਲਿਸਟਾਂ ਦੀ ਕਾਨਫਰੰਸ ਵੱਲ ਹੈ। ਇਹ ਜੰਗ ਦੇ ਸਮੇਂ ਹੋਈ ਸੋਸ਼ਲਿਸਟਾਂ ਦੀ ਪਹਿਲੀ ਕਾਨਫਰੰਸ ਸੀ, ਜਿਸ ਵਿੱਚ ਕੌਮਾਂਤਰੀਵਾਦੀ ਸੰਪਰਕਾਂ ਨੂੰ ਮੁੜ-ਬਹਾਲ ਕਰਨ ਦਾ ਯਤਨ ਕੀਤਾ ਗਿਆ।

ਸਫ਼ਾ-34

34. **ਕੋਪਨਹੇਗਨ ਕਾਨਫਰੰਸ** —17-18 ਜਨਵਰੀ, 1915 ਨੂੰ ਕੋਪਨਹੇਗਨ ਵਿੱਚ ਹੋਈ ਨਿਰਪੱਖ ਦੇਸ਼ਾਂ ਦੇ ਸਮਾਜਵਾਦੀਆਂ ਦੀ ਕਾਨਫਰੰਸ। ਸਵੀਡਨ, ਡੈਨਮਾਰਕ, ਨਾਰਵੇ ਤੇ ਹਾਲੈਂਡ ਦੀਆਂ ਸਮਾਜਵਾਦੀ ਪਾਰਟੀਆਂ ਨੇ ਕਾਨਫਰੰਸ ਵਿੱਚ ਹਿੱਸਾ ਲਿਆ ਤੇ ਇੱਕ ਮਤਾ ਪਾਸ ਕੀਤਾ ਜਿਸ ਵਿੱਚ ਸੁਝਾਅ ਦਿੱਤਾ ਗਿਆ ਸੀ ਕਿ ਨਿਰਪੱਖ ਦੇਸ਼ਾਂ ਦੀਆਂ ਪਾਰਲੀਮੈਂਟਾਂ ਵਿਚਲੇ ਸੋਸ਼ਲ-ਡੈਮੋਕਰੈਟ ਡਿਪਟੀ ਆਪਣੀਆਂ ਸਰਕਾਰਾਂ ਉੱਤੇ ਜ਼ੋਰ ਪਾਉਣ ਕਿ ਉਹ ਅਮਨ ਦੀ ਬਹਾਲੀ ਨੂੰ ਤੇਜ਼ ਕਰਨ ਵਾਸਤੇ ਜੰਗ-ਜੁੱਟੇ ਦੇਸ਼ਾਂ ਵਿਚਕਾਰ ਵਿਚੋਲੇ ਦਾ ਕੰਮ ਕਰਨ।

ਸਫ਼ਾ-34

35. **ਜੰਗ ਨਾਲ਼ ਸੰਬੰਧਤ ਸਵਾਲਾਂ ਬਾਰੇ ਕੌਮਾਂਤਰੀ ਮਹਿਲਾ ਸੋਸ਼ਲਿਸਟ ਕਾਨਫਰੰਸ** 26-28 ਮਾਰਚ, 1915 ਨੂੰ ਬਰਨ ਵਿੱਚ ਹੋਈ ਸੀ। ਇਹ ਕਾਨਫਰੰਸ ਕੌਮਾਂਤਰੀ ਇਸਤਰੀ ਲਹਿਰ ਦੀ ਆਗੂ ਕਲਾਰਾ ਜੈਟਕਿਨ ਦੀ ਸ਼ਮੂਲੀਅਤ ਨਾਲ਼ "ਰਾਬੋਤਨੀਤਸਾ" (ਮਜ਼ਦੂਰ-ਔਰਤ) ਰਸਾਲੇ ਦੀ ਵਿਦੇਸ਼ੀ ਜਥੇਬੰਦੀ ਦੀ ਪਹਿਲ-ਕਦਮੀ ਨਾਲ਼ ਸੱਦੀ ਗਈ। ਇਸ ਕਾਨਫਰੰਸ ਵਿੱਚ ਬਰਤਾਨੀਆ, ਜਰਮਨੀ, ਫਰਾਂਸ, ਹਾਲੈਂਡ, ਸਵਿਟਜ਼ਰਲੈਂਡ, ਇਟਲੀ, ਰੂਸ ਤੇ ਪੋਲੈਂਡ ਤੋਂ 29 ਡੈਲੀਗੇਟਾਂ ਨੇ ਹਿੱਸਾ ਲਿਆ।

ਸਫ਼ਾ-34

36. **ਜੰਗ ਵੱਲ ਵਤੀਰੇ ਦੇ ਸਵਾਲਾਂ ਬਾਰੇ ਨੌਜਵਾਨਾਂ ਦੀ ਕੌਮਾਂਤਰੀ ਸਮਾਜਵਾਦੀ ਕਾਨਫਰੰਸ** ਬਰਨ (ਸਵਿਟਜ਼ਰਲੈਂਡ) ਵਿੱਚ 4-6 ਅਪ੍ਰੈਲ, 1915 ਨੂੰ ਹੋਈ। 10 ਦੇਸ਼ਾਂ —ਰੂਸ, ਨਾਰਵੇ, ਹਾਲੈਂਡ, ਸਵਿਟਜ਼ਰਲੈਂਡ, ਬਲਗਾਰੀਆ, ਜਰਮਨੀ, ਪੋਲੈਂਡ, ਇਟਲੀ, ਡੈਨਮਾਰਕ ਤੇ ਸਵੀਡਨ— ਦੀਆਂ ਨੌਜਵਾਨ ਜਥੇਬੰਦੀਆਂ ਦੇ ਪ੍ਰਤਿਨਿਧਾਂ ਨੇ ਕਾਨਫਰੰਸ ਵਿੱਚ ਭਾਗ ਲਿਆ। ਕਾਨਫਰੰਸ ਨੇ ਹਰ ਸਾਲ ਨੌਜਵਾਨਾਂ ਦਾ ਕੌਮਾਂਤਰੀ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ। ਸਮਾਜਵਾਦੀ ਨੌਜਵਾਨਾਂ ਦੇ ਕੌਮਾਂਤਰੀ ਬਿਊਰੋ ਦੀ ਚੋਣ ਕੀਤੀ, ਜਿਸਨੇ ਕਾਨਫਰੰਸ ਦੇ ਫੈਸਲਿਆਂ ਦੇ ਮੁਤਾਬਕ ਸਮਾਜਵਾਦੀ ਨੌਜਵਾਨਾਂ ਦਾ ਕੌਮਾਂਤਰੀ ਰਸਾਲਾ —«Jugend Internationale» (ਯੁਵਕ ਇੰਟਰਨੈਸ਼ਨਲ) ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ।

ਸਫ਼ਾ–34

37. «Lichtstrahlen» ("ਰੌਸ਼ਨੀ ਦੀਆਂ ਕਿਰਨਾਂ") —ਜਰਮਨੀ ਦੇ ਖੱਬੇ ਸੋਸ਼ਲ–ਡੈਮੋਕਰੈਟਾਂ ("ਜਰਮਨੀ ਦੇ ਕੌਮਾਂਤਰੀ ਸਮਾਜਵਾਦੀਆਂ") ਦੇ ਧੜੇ ਦਾ ਮਾਸਕ ਰਸਾਲਾ, ਜਿਸਦਾ ਸੰਪਾਦਕ ਯ. ਬੋਰਖਾਰਦ ਸੀ। ਇਹ ਰਸਾਲਾ ਬਰਲਿਨ ਤੋਂ 1913 ਤੇ 1921 ਵਿਚਕਾਰ ਰੁਕ ਰੁਕ ਕੇ ਨਿਕਲ਼ਦਾ ਰਿਹਾ।

ਸਫ਼ਾ–35

38. «Die Internationale» (ਇੰਟਰਨੈਸ਼ਨਲ) — ਰੋਜ਼ਾ ਲਗਜ਼ਮਬਰਗ ਤੇ ਫਰਾਂਜ਼ ਮੇਹਰਿੰਗ ਵੱਲੋਂ ਸ਼ੁਰੂ ਕੀਤਾ ਗਿਆ ਰਸਾਲਾ; ਰਸਾਲੇ ਦਾ ਪਹਿਲਾ ਤੇ ਇੱਕੋ ਇੱਕ ਅੰਕ ਅਪ੍ਰੈਲ 1915 ਵਿੱਚ ਨਿਕਲ਼ਿਆ। ਉਸ ਤੋਂ ਮਗਰੋਂ ਰਸਾਲੇ ਦਾ ਪ੍ਰਕਾਸ਼ਨ 1918 ਵਿੱਚ ਜਰਮਨੀ ਵਿੱਚ ਨਵੰਬਰ ਇਨਕਲਾਬ ਤੋਂ ਪਿੱਛੋਂ ਮੁੜ ਸ਼ੁਰੂ ਕੀਤਾ ਗਿਆ।

ਸਫ਼ਾ–35

39. "ਸਰਕਾਰੀ ਅਦਾਰਿਆਂ" ਦਾ ਇਥੇ ਮਤਲਬ ਜਰਮਨ ਸੋਸ਼ਲ–ਡੈਮੋਕਰੈਟਿਕ ਪਾਰਟੀ ਦੇ ਸਿਖਰਲੇ ਹਲਕੇ, ਇਸਦੀ ਕੇਂਦਰੀ ਕਮੇਟੀ, ਪਾਰਲੀਮੈਂਟਰੀ ਧੜਾ ਆਦਿ ਹੈ।

ਸਫ਼ਾ–36

40. ਬਰਤਾਨਵੀ ਇੰਡੀਪੈਂਡੈਂਟ ਲੇਬਰ ਪਾਰਟੀ («Independent Labour Party») ਬਰਤਾਨਵੀ ਮਜ਼ਦੂਰ ਜਮਾਤ ਨੂੰ ਬੁਰਜੂਆ ਪਾਰਟੀਆਂ ਤੋਂ ਆਜ਼ਾਦ ਕਰਾਉਣ ਲਈ ਲਹਿਰ ਦੇ ਤੇਜ਼ ਹੋਣ ਤੇ ਹੜਤਾਲੀ ਘੋਲ਼ ਤੇ ਮੁੜ–ਸੁਰਜੀਤ ਹੋਣ ਦੀਆਂ ਹਾਲਤਾਂ ਵਿੱਚ 1893 ਵਿੱਚ ਕਾਇਮ ਕੀਤੀ ਗਈ ਸੋਧਵਾਦੀ ਜਥੇਬੰਦੀ। ਪਾਰਟੀ ਦਾ ਮੁੱਖੀ ਕੇਰ–ਹਾਰਦੀ ਸੀ।

ਇਸ ਪਾਰਟੀ ਨੇ ਆਰੰਭ ਤੋਂ ਹੀ ਘੋਲ ਦੇ ਪਾਰਲੀਮੈਂਟਰੀ ਰੂਪਾਂ ਵੱਲ ਤੇ ਲਿਬਰਲ ਪਾਰਟੀ ਨਾਲ਼ ਪਾਰਲੀਮੈਂਟਰੀ ਸੌਦੇ ਕਰਨ ਵੱਲ ਮੁੱਖ ਧਿਆਨ ਦਿੱਤਾ। ਇੰਡੀਪੈਂਡੈਂਟ ਲੇਬਰ ਪਾਰਟੀ ਦਾ ਖਾਸਾ ਦਸਦਿਆਂ ਲੈਨਿਨ ਨੇ ਲਿਖਿਆ ਕਿ "ਅਸਲ ਵਿੱਚ ਇਹ ਹਮੇਸ਼ਾ ਹੀ ਬੁਰਜੂਆਜ਼ੀ ਉੱਪਰ ਨਿਰਭਰ ਕਰਦੀ ਮੌਕਾਪ੍ਰਸਤ ਪਾਰਟੀ ਰਹੀ ਹੈ।"

ਸੰਸਾਰ ਸਾਮਰਾਜੀ ਜੰਗ ਦੇ ਸ਼ੁਰੂ ਵਿੱਚ ਇਸ ਪਾਰਟੀ ਨੇ ਜੰਗ ਦੇ ਖਿਲਾਫ਼ ਮੈਨੀਫੈਸਟੋ ਜਾਰੀ ਕੀਤਾ ਪਰ ਬੜੀ ਜਲਦੀ ਹੀ ਸਮਾਜੀ–ਅੰਧਰਾਸ਼ਟਰਵਾਦੀ ਸਟੈਂਡ ਅਪਣਾ ਲਿਆ।

ਸਫ਼ਾ –37

41. "**ਤੇਸਨੀਆਕੀ**" —ਬਲਗਾਰਵੀ ਸੋਸ਼ਲ–ਡੈਮੋਕਰੈਟਿਕ ਪਾਰਟੀ ਵਿੱਚ ਇਨਕਲਾਬੀ ਰੁਝਾਣ, ਜਿਸਨੇ 1903 ਵਿੱਚ ਸਵੈਧੀਨ ਬਲਗਾਰਵੀ ਸੋਸ਼ਲ–ਡੈਮੋਕਰੈਟਿਕ ਪਾਰਟੀ ਬਣਾ ਲਈ। ਦ. ਬਲਾਗੋਏਵ ਤੇਸਨੀਆਕੀ ਦਾ ਬਾਨੀ ਤੇ ਆਗੂ ਸੀ। ਮਗਰਲੇ ਸਾਲਾਂ ਵਿੱਚ ਉਹਨਾਂ ਦੀ ਅਗਵਾਈ ਉਸਦੇ ਸ਼ਗਿਰਦ — ਗਿ. ਦਮਿਤਰੋਵ, ਵ. ਕੋਲਾਰੋਵ ਆਦਿ ਕਰਦੇ ਰਹੇ। 1914–1918 ਵਿੱਚ ਤੇਸਨੀਆਕੀ ਨੇ ਸਾਮਰਾਜੀ ਜੰਗ ਦੇ ਖਿਲਾਫ਼

ਸਟੈਂਡ ਲਿਆ।

ਸਫ਼ਾ–38

42. **ਬਰਤਾਨਵੀ ਸੋਸ਼ਲਿਸਟ ਪਾਰਟੀ** ਦੀ ਨੀਂਹ 1911 ਵਿੱਚ ਸੋਸ਼ਲ–ਡੈਮੋਕਰੈਟਿਕ ਪਾਰਟੀ ਤੇ ਦੂਜੇ ਸੋਸ਼ਲਿਸਟ ਗਰੁੱਪਾਂ ਦੇ ਇਕੱਠੇ ਹੋਣ ਪਿਛੋਂ ਮਾਨਚੈਸਟਰ ਵਿੱਚ ਰੱਖੀ ਗਈ। ਇਹ ਪਾਰਟੀ ਮਾਰਕਸਵਾਦੀ ਵਿਚਾਰਾਂ ਦੀ ਭਾਵਨਾ ਵਿੱਚ ਪ੍ਰਚਾਰ ਕਰਦੀ ਸੀ ਤੇ "ਮੌਕਾਪ੍ਰਸਤ ਨਹੀਂ, ਸਗੋਂ ਲਿਬਰਲਾਂ ਤੋਂ ਸਚਮੁਚ ਆਜ਼ਾਦ" ਪਾਰਟੀ ਸੀ (ਵ. ਇ. ਲੈਨਿਨ)। ਪਰ ਇਸਦੀ ਮੈਂਬਰਸ਼ਿਪ ਥੋੜ੍ਹੀ ਤੇ ਲੋਕਾਂ ਨਾਲ਼ ਇਸਦੇ ਸਬੰਧ ਕਮਜ਼ੋਰ ਸਨ, ਜਿਸ ਲਈ ਇਹ ਖਾਸੇ ਵਿੱਚ ਕੁੱਝ ਕੱਟੜਵਾਦੀ ਸੀ।

ਸੰਸਾਰ ਸਾਮਰਾਜੀ ਜੰਗ (1914–1918) ਦੇ ਦੌਰਾਨ ਪਾਰਟੀ ਦੇ ਕੌਮਾਂਤਰੀਵਾਦੀ ਧੜੇ (ਵਿ. ਗਲਾਖੇਰ, ਏ. ਇੰਕਪਿਨ, ਡੀ. ਮੈਕਲੀਨ, ਐਫ਼ ਰਾਥਸਟਾਈਨ ਆਦਿ) ਤੇ ਸਮਾਜੀ–ਅੰਧਰਾਸ਼ਟਰਵਾਦੀ ਧੜੇ ਵਿਚਕਾਰ, ਜਿਸਦੀ ਅਗਵਾਈ ਜੀ. ਗੇਂਡਮਨ ਕਰ ਰਿਹਾ ਸੀ, ਸਖ਼ਤ ਘੋਲ਼ ਸ਼ੁਰੂ ਹੋ ਗਿਆ। ਫਰਵਰੀ 1916 ਵਿੱਚ ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਆਗੂਆਂ ਦੇ ਇੱਕ ਗਰੁੱਪ ਨੇ ਅਖ਼ਬਾਰ «The Call» ("ਸੱਦਾ") ਦੀ ਬੁਨਿਆਦ ਰੱਖੀ, ਜਿਸਨੇ ਸਾਰੇ ਕੌਮਾਂਤਰੀਵਾਦੀਆਂ ਨੂੰ ਇਕੱਠਿਆਂ ਕਰਨ ਵਿੱਚ ਮਹੱਤਵਪੂਰਨ ਰੋਲ਼ ਅਦਾ ਕੀਤਾ। ਪਾਰਟੀ ਦੀ ਸਲਾਨਾ ਕਾਨਫਰੰਸ ਨੇ ਅਪ੍ਰੈਲ 1916 ਵਿੱਚ ਸਾਲਫਰਡ ਵਿੱਚ ਗੇਂਡਮਨ ਦੀ ਤੇ ਉਸਦੇ ਹਮਾਇਤੀਆਂ ਦੀ ਸਮਾਜੀ–ਅੰਧਰਾਸ਼ਟਰਵਾਦੀ ਪੁਜ਼ੀਸ਼ਨ ਦੀ ਨਿਖੇਧੀ ਕੀਤੀ, ਤੇ ਉਹ ਪਾਰਟੀ ਵਿਚੋਂ ਨਿਕਲ਼ ਗਏ।

ਬਰਤਾਨਵੀ ਸੋਸ਼ਲਿਸਟ ਪਾਰਟੀ ਨੇ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦਾ ਸੁਆਗਤ ਕੀਤਾ। ਪਾਰਟੀ ਦੇ ਮੈਂਬਰਾਂ ਨੇ ਵਿਦੇਸ਼ੀ ਮੁਦਾਖਲਤ ਤੋਂ ਸੋਵੀਅਤ ਰੂਸ ਦੀ ਰਾਖੀ ਲਈ ਬਰਤਾਨਵੀ ਮਜ਼ਦੂਰਾਂ ਦੀ ਲਹਿਰ ਵਿੱਚ ਮਹਤੱਵਪੂਰਨ ਰੋਲ ਅਦਾ ਕੀਤਾ।

ਸਫ਼ਾ–38

43. «L' Humanité» (ਮਨੁੱਖ–ਜਾਤੀ) —ਰੋਜ਼ਾਨਾ ਅਖ਼ਬਾਰ, ਜਿਸਦੀ ਬੁਨਿਆਦ 1904 ਵਿੱਚ ਫਰਾਂਸੀਸੀ ਸਮਾਜਵਾਦੀ ਪਾਰਟੀ ਦੇ ਅਖ਼ਬਾਰ ਵਜੋਂ ਜੇ. ਜੇ. ਜੌਰੇਸ ਨੇ ਰੱਖੀ। ਸੰਸਾਰ ਸਾਮਰਾਜੀ ਜੰਗ (1914–1918) ਦੇ ਸਾਲਾਂ ਵਿੱਚ ਇਹ ਅਖ਼ਬਾਰ ਫਰਾਂਸੀਸੀ ਸਮਾਜਵਾਦੀ ਪਾਰਟੀ ਦੇ ਅਤਿ ਦੇ ਸੱਜੇ ਧੜੇ ਦੇ ਹੱਥਾਂ ਵਿੱਚ ਸੀ ਤੇ ਸਮਾਜੀ–ਅੰਧਰਾਸ਼ਟਰਵਾਦੀ ਪੁਜ਼ੀਸ਼ਨਾਂ ਉੱਤੇ ਡਟਿਆ ਰਿਹਾ। ਤੂਰ ਵਿੱਚ ਹੋਈ ਕਾਂਗਰਸ (ਦਸੰਬਰ 1920) ਸਮੇਂ ਸਮਾਜਵਾਦੀ ਪਾਰਟੀ ਦੀ ਦੁਫੇੜ ਤੋਂ ਜਲਦੀ ਹੀ ਪਿੱਛੋਂ ਤੇ ਫਰਾਂਸੀਸੀ ਕਮਿਊਨਿਸਟ ਪਾਰਟੀ ਦੀ ਕਾਇਮੀ ਨਾਲ਼ ਇਹ ਅਖ਼ਬਾਰ ਇਸਦੇ ਹੱਥਾਂ ਵਿੱਚ ਆ ਗਿਆ।

ਸਫ਼ਾ–38

44. **ਟਰਿਬਿਊਨਵਾਦੀ** — ਹਾਲੈਂਡ ਦੀ ਸੋਸ਼ਲ–ਡੈਮੋਕਰੈਟਿਕ ਪਾਰਟੀ ਦੇ ਮੈਂਬਰ, ਅਖ਼ਬਾਰ "ਟਰਿਬਿਊਨ" ਜਿਨ੍ਹਾਂ ਦਾ ਪਰਚਾ ਸੀ। ਟਰਿਬਿਊਨਵਾਦੀਏ ਇਕਸਾਰ ਇਨਕਲਾਬੀ

ਪਾਰਟੀ ਨਹੀਂ ਸਨ ਪਰ ਉਹ ਹਾਲੈਂਡ ਵਿੱਚ ਮਜ਼ਦੂਰ ਲਹਿਰ ਦੇ ਖੱਬੇ ਧੜੇ ਦੀ ਪ੍ਰਤਿਨਿਧਤਾ ਕਰਦੇ ਸਨ ਤੇ ਸੰਸਾਰ ਸਾਮਰਾਜੀ ਜੰਗ (1914-1918) ਦੌਰਾਨ ਕੌਮਾਂਤਰੀਵਾਦੀ ਪੁਜ਼ੀਸ਼ਨਾਂ ਉੱਤੇ ਡਟੇ ਰਹੇ। 1918 ਵਿੱਚ ਟਰਿਬਿਊਨਵਾਦੀਆਂ ਨੇ ਹਾਲੈਂਡ ਦੀ ਕਮਿਊਨਿਸਟ ਪਾਰਟੀ ਕਾਇਮ ਕਰ ਲਈ।

ਸਫ਼ਾ-44

45. **ਤੀਜੀ ਇੰਟਰਨੈਸ਼ਨਲ, ਕਮਿਊਨਿਸਟ ਇੰਟਰਨੈਸ਼ਨਲ**—ਕੌਮਾਂਤਰੀ ਇਨਕਲਾਬੀ ਪ੍ਰੋਲੇਤਾਰੀ ਜਥੇਬੰਦੀ ਜਿਹੜੀ ਵੱਖੋ ਵੱਖਰੇ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਦੀ ਸਭਾ ਦੀ ਪ੍ਰਤਿਨਿਧਤਾ ਕਰਦੀ ਸੀ। ਇਹ 1919 ਤੋਂ ਲੈ ਕੇ 1943 ਤੱਕ ਕਾਇਮ ਰਹੀ।

ਤੀਜੀ ਇੰਟਰਨੈਸ਼ਨਲ ਦੀ ਸਿਰਜਣਾ ਮਜ਼ਦੂਰ ਲਹਿਰ ਵਿੱਚ ਦੁਫੇੜ ਪੈਣ ਪਿਛੋਂ ਇਤਿਹਾਸਕ ਲੋੜ ਬਣ ਗਈ ਸੀ। ਇਹ ਦੁਫੇੜ ਦੂਜੀ ਇੰਟਰਨੈਸ਼ਨਲ ਦੇ ਮੌਕਾਪ੍ਰਸਤ ਆਗੂਆਂ ਵਲੋਂ ਪਹਿਲੀ ਸੰਸਾਰ ਜੰਗ ਦੇ ਸ਼ੁਰੂ ਵਿੱਚ ਸਮਾਜਵਾਦੀ ਦੇ ਉਦੇਸ਼ ਨਾਲ਼ ਗ਼ੱਦਾਰੀ ਕਾਰਨ ਤੇ ਦੂਜੀ ਇੰਟਰਨੈਸ਼ਨਲ ਦੇ ਫੇਲ੍ਹ ਹੋ ਜਾਣ ਕਾਰਨ ਪਈ। ਤੀਜੀ ਇੰਟਰਨੈਸ਼ਨਲ ਦੀ ਸਿਰਜਨਾ ਵਿੱਚ ਵ. ਇ. ਲੈਨਿਨ ਨੇ ਉੱਘਾ ਰੋਲ ਅਦਾ ਕੀਤਾ।

ਕਮਿਊਨਿਸਟ ਇੰਟਰਨੈਸ਼ਨਲ ਨੇ ਸਾਰੇ ਦੇਸ਼ਾਂ ਵਿਚਲੇ ਮਜ਼ਦੂਰਾਂ ਵਿਚਕਾਰ ਸਬੰਧ ਬਹਾਲ ਕੀਤੇ ਤੇ ਮਜ਼ਬੂਤ ਬਣਾਏ, ਕੌਮਾਂਤਰੀ ਮਜ਼ਦੂਰ ਲਹਿਰ ਵਿੱਚ ਮੌਕਾਪ੍ਰਸਤੀ ਨੂੰ ਬੇਨਕਾਬ ਕਰਨ ਵਿੱਚ ਤੇ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਰਣਨੀਤੀ ਤੇ ਦਾਅ-ਪੇਚ ਵਿਕਸਾਉਣ ਵਿੱਚ ਸਹਾਇਤਾ ਕੀਤੀ।

ਸਫ਼ਾ-39

46. «Preußische Jahrbücher» (ਪਰੂਸ਼ੀਅਨ ਸਾਲਨਾਮਾ) —ਜਰਮਨ ਪ੍ਰੰਪਰਾਵਾਦੀ ਮਾਸਕ ਪੱਤਰ ਜਿਹੜਾ ਨੀਤੀ, ਇਤਿਹਾਸ ਤੇ ਸਾਹਿਤ ਦੇ ਮਸਲਿਆਂ ਨੂੰ ਪੇਸ਼ ਕਰਦਾ ਸੀ। 1858 ਤੋਂ 1935 ਤੱਕ ਬਰਲਿਨ ਵਿੱਚ ਪ੍ਰਕਾਸ਼ਤ ਹੁੰਦਾ ਰਿਹਾ।

ਸਫ਼ਾ-39

47. **ਪੀਲੇ**— ਦੂਜੀ ਇੰਟਰਨੈਸ਼ਨਲ ਦੇ ਮੌਕਾਪ੍ਰਸਤਾਂ ਨੂੰ ਇਸ ਨਾਂ ਨਾਲ਼ ਬੁਲਾਇਆ ਜਾਂਦਾ ਸੀ।

ਸਫ਼ਾ -39

48. **ਜਥੇਬੰਦਕ ਕਮੇਟੀ —** ਖਾਤਮੇਵਾਦੀਆਂ ਦੀ ਅਗਸਤ ਕਾਨਫਰੰਸ ਵਿੱਚ 1912 ਵਿੱਚ ਕਾਇਮ ਕੀਤਾ ਗਿਆ ਮੇਨਸ਼ਵਿਕਾਂ ਦਾ ਆਗੂ ਕੇਂਦਰ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਇਸ ਕੇਂਦਰ ਨੇ ਸਮਾਜੀ-ਅੰਧਰਾਸ਼ਟਰਵਾਦੀ ਪੁਜ਼ੀਸ਼ਨ ਲਈ, ਜ਼ਾਰਸ਼ਾਹੀ ਵੱਲੋਂ ਜੰਗ ਨੂੰ ਹੱਕੀ ਸਿੱਧ ਕੀਤਾ, ਕੌਮਪ੍ਰਸਤੀ ਤੇ ਅੰਧਰਾਸ਼ਟਰਵਾਦ ਦੇ ਵਿਚਾਰਾਂ ਦਾ ਪ੍ਰਚਾਰ ਕੀਤਾ। ਇਹ ਕਮੇਟੀ ਅਗਸਤ 1917 ਵਿੱਚ ਹੋਈਆਂ ਮੇਨਸ਼ਵਿਕ ਪਾਰਟੀ ਦੀ ਕੇਂਦਰੀ ਕਮੇਟੀ ਦੀਆਂ ਚੋਣਾਂ ਤੋਂ ਪਹਿਲਾਂ ਤੱਕ ਕੰਮ ਕਰਦੀ ਰਹੀ।

ਸਫ਼ਾ-48

49. **ਕਿਰਤ ਮੁਕਤੀ ਗਰੁੱਪ** — ਗਿ. ਵ. ਪਲੈਖਾਨੋਵ ਵਲੋਂ 1883 ਵਿੱਚ ਜਨੇਵਾ ਵਿੱਚ ਕਾਇਮ ਕੀਤਾ ਗਿਆ ਪਹਿਲਾ ਰੂਸੀ ਮਾਰਕਸਵਾਦੀ ਗਰੁੱਪ। ਇਸਨੇ ਰੂਸ ਵਿੱਚ ਮਾਰਕਸਵਾਦ ਦਾ ਪ੍ਰਚਾਰ ਕਰਨ ਤੇ ਫੈਲਾਉਣ ਵਿੱਚ ਵਿਸ਼ਾਲ ਕੰਮ ਕੀਤਾ।

ਸਫ਼ਾ–41

50. **"ਇਸਕਰਾ"** (ਚੰਗਿਆੜੀ) —ਪਹਿਲਾ ਕੁੱਲ–ਰੂਸੀ ਰਾਜਸੀ ਗੈਰ ਕਨੂੰਨੀ ਮਾਰਕਸਵਾਦੀ ਅਖਬਾਰ, ਜਿਸਦੀ ਨੀਂਹ 1900 ਵਿੱਚ ਲੈਨਿਨ ਨੇ ਰੱਖੀ। ਰੂ. ਸੋ. ਡੈ. ਲੇ. ਪਾ. ਦੀ ਦੂਜੀ ਕਾਂਗਰਸ (1903) ਤੋਂ ਪਿੱਛੋਂ ਪਾਰਟੀ ਦਾ ਕੇਂਦਰੀ ਪਰਚਾ। ਪੁਰਾਣੇ "ਇਸਕਰਾ" ਦੀ ਗੱਲ ਕਰਦਿਆਂ ਲੈਨਿਨ ਦੇ ਦਿਮਾਗ਼ ਵਿੱਚ 1 ਤੋ 51 ਨੰ. ਅੰਕ ਤੱਕ ਦਾ ਅਖ਼ਬਾਰ ਸੀ। ਅੰਕ ਨੰ. 52 ਤੋਂ ਲੈ ਕੇ ਮੇਨਸ਼ਵਿਕਾਂ ਨੇ "ਇਸਕਰਾ" ਨੂੰ ਆਪਣੇ ਧੜੇ ਦਾ ਅਖ਼ਬਾਰ ਬਣਾ ਲਿਆ।

ਸਫ਼ਾ–41

51. ਇੱਥੇ ਹਵਾਲਾ ਰੂ. ਸੋ. ਡੈ. ਲੇ. ਪਾ. ਦੀ ਛੇਵੀਂ (ਪਰਾਗ) ਕੁੱਲ–ਰੂਸ ਕਾਨਫਰੰਸ ਵੱਲ ਹੈ ਜਿਹੜੀ 5–17 (18–30) ਜਨਵਰੀ, 1912 ਨੂੰ ਪਰਾਗ ਵਿੱਚ ਹੋਈ। ਅਸਲ ਵਿੱਚ, ਪਰਾਗ ਕਾਨਫਰੰਸ ਨੇ ਪਾਰਟੀ ਕਾਂਗਰਸ ਦਾ ਰੋਲ ਅਦਾ ਕੀਤਾ।

ਸਫ਼ਾ–43

52. **"ਪਰਾਵਦਾ"** —ਰੋਜ਼ਾਨਾ ਕਨੂੰਨੀ, ਬਾਲਸ਼ਵਿਕ ਅਖ਼ਬਾਰ ਜਿਹੜਾ ਪੀਟਰਜ਼ਬਰਗ ਤੋਂ ਨਿਕਲ਼ਿਆ, ਤੇ ਜਿਹੜਾ ਅਪ੍ਰੈਲ, 1912 ਨੂੰ ਪੀਟਰਜ਼ਬਰਗ ਦੇ ਮਜ਼ਦੂਰਾਂ ਦੇ ਉਦਮ ਨਾਲ਼ ਸ਼ੁਰੂ ਕੀਤਾ ਗਿਆ।

"ਪਰਾਵਦਾ" ਵਿਸ਼ਾਲ ਵਿਕਰੀ ਵਾਲ਼ਾ ਮਜ਼ਦੂਰ ਅਖ਼ਬਾਰ ਸੀ ਜਿਹੜਾ ਖੁਦ ਮਜ਼ਦੂਰਾਂ ਵਲੋਂ ਇਕੱਠੇ ਕੀਤੇ ਜਾਂਦੇ ਚੰਦਿਆਂ ਨਾਲ਼ ਚਲਾਇਆ ਜਾਂਦਾ ਸੀ। ਮਜ਼ਦੂਰ–ਪੱਤਰਪ੍ਰੇਰਕਾਂ ਤੇ ਮਜ਼ਦੂਰ–ਲੇਖਕਾਂ ਦਾ ਇੱਕ ਵਿਸ਼ਾਲ ਹਲਕਾ ਅਖ਼ਬਾਰ ਦੁਆਲ਼ੇ ਜੁੜਿਆ ਹੋਇਆ ਸੀ।

ਵਿਦੇਸ਼ੀਂ ਰਹਿੰਦਿਆਂ ਵ. ਇ. ਲੈਨਿਨ ਨੇ ਅਖ਼ਬਾਰ ਦੇ ਕੰਮ ਦੀ ਅਗਵਾਈ ਕੀਤੀ, ਇਸ ਵਾਸਤੇ ਰੋਜ਼ ਲਿਖਦੇ ਰਹੇ, ਇਸਦੇ ਸੰਪਾਦਕੀ ਮੰਡਲ ਨੂੰ ਹਦਾਇਤਾਂ ਦੇਂਦੇ ਰਹੇ ਤੇ ਪਾਰਟੀ ਦੀਆਂ ਸਾਹਿਤਕ ਸ਼ਕਤੀਆਂ ਨੂੰ ਅਖ਼ਬਾਰ ਦੁਆਲੇ ਇਕੱਠਿਆਂ ਕੀਤਾ। "ਪਰਾਵਦਾ" ਮੁੜ ਮੁੜ ਕੇ ਪੁਲੀਸ ਜਬਰ ਦਾ ਸ਼ਿਕਾਰ ਬਣਿਆ। 8(21) ਜੁਲਾਈ ਨੂੰ, ਪਹਿਲੀ ਸੰਸਾਰ ਜੰਗ ਤੋਂ ਐਨ ਪਹਿਲਾਂ, ਅਖ਼ਬਾਰ ਬੰਦ ਕਰ ਦਿੱਤਾ ਗਿਆ।

ਅਖ਼ਬਾਰ ਦਾ ਪ੍ਰਕਾਸ਼ਨ 1917 ਦੇ ਫਰਵਰੀ ਇਨਕਲਾਬ ਤੋਂ ਪਿੱਛੋਂ ਹੀ ਮੁੜ ਸ਼ੁਰੂ ਕੀਤਾ ਜਾ ਸਕਿਆ। 5(18) ਮਾਰਚ, 1917 ਤੋਂ "ਪਰਾਵਦਾ" ਰੂ. ਸੋ. ਡੈ. ਲੇ. ਪਾ. ਦੇ ਕੇਂਦਰੀ ਅਖ਼ਬਾਰ ਵਜੋਂ ਨਿਕਲਣ ਲੱਗਾ। ਜੁਲਾਈ–ਅਕਤੂਬਰ, 1917 ਵਿੱਚ ਉਲ਼ਟ–ਇਨਕਲਾਬੀ ਬੁਰਜੂਆ ਆਰਜ਼ੀ ਸਰਕਾਰ ਦੇ ਅੱਤਿਆਚਾਰ ਕਾਰਨ ਅਖ਼ਬਾਰ ਨੂੰ ਮੁੜ ਮੁੜ ਕੇ ਆਪਣਾ ਨਾਂ ਬਦਲਣਾ ਪਿਆ ਤੇ ਵੱਖੋ ਵੱਖਰੇ ਨਾਂ ਰੱਖਣੇ ਪਏ, ਜਿਵੇਂ ਕਿ

"ਲਿਸਤੋਕ ਪਰਾਵਦੀ" ("ਪਰਾਵਦਾ" ਦੇ ਵਰਗੇ), "ਪ੍ਰੋਲੇਤਾਰੀ" (ਪ੍ਰੋਲੇਤਾਰੀ), "ਰਾਬੋਚੀ" (ਮਜ਼ਦੂਰ), "ਰਾਬੋਚੀ ਪੂਤ" (ਮਜ਼ਦੂਰ ਦਾ ਰਾਹ)। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ 27 ਅਕਤੂਬਰ (9 ਨਵੰਬਰ), 1917 ਤੋਂ ਲੈ ਕੇ ਇਹ ਅਖ਼ਬਾਰ ਫਿਰ ਆਪਣੇ ਪਹਿਲੇ ਨਾਂ "ਪਰਾਵਦਾ" ਹੇਠ ਨਿਕਲਣ ਲਗ ਪਿਆ।

ਸਫ਼ਾ–43

53. "**ਲੂਚ**" — ਮੇਨਸ਼ਵਿਕ–ਖਾਤਮੇਵਾਦੀਆਂ ਦਾ ਰੋਜ਼ਾਨਾ ਅਖ਼ਬਾਰ; ਸਤੰਬਰ 1912 ਤੋਂ ਜੁਲਾਈ 1913 ਤੱਕ ਪੀਟਰਜ਼ਬਰਗ ਤੋਂ ਨਿਕਲਦਾ ਰਿਹਾ। ਇਹ "ਬੁਰਜੂਆਜ਼ੀ ਦੇ ਅਮੀਰ ਦੋਸਤਾਂ ਵੱਲੋਂ ਦਿੱਤੇ ਜਾਂਦੇ ਸਾਧਨਾਂ ਉੱਤੇ" ਜਿਊਂਦਾ ਸੀ।(ਲੈਨਿਨ)

ਸਫ਼ਾ–43

54. ਇਥੇ ਹਵਾਲਾ 4(17) ਅਪ੍ਰੈਲ, 1912 ਨੂੰ ਸਾਇਬੇਰੀਆ ਦੀਆਂ ਲੇਨਾ ਸੋਨੇ ਦੀਆਂ ਖਾਨਾਂ ਵਿੱਚ ਬੇਹਥਿਆਰ ਮਜ਼ਦੂਰਾਂ ਉੱਪਰ ਗੋਲ਼ੀ ਚਲਾਏ ਜਾਣ ਵੱਲ ਹੈ। ਕਿਰਤ ਦੀਆਂ ਲੱਕ–ਤੋੜਵੀਆਂ ਹਾਲਤਾਂ, ਜਬਰ ਤੇ ਅਪਮਾਨ ਨੂੰ ਹੋਰ ਸਹਿਣ ਤੋਂ ਇਨਕਾਰ ਕਰਦਿਆਂ, ਲੇਨਾ ਸੋਨੇ ਦੀਆਂ ਖਾਣਾਂ ਦੇ ਮਜ਼ਦੂਰਾਂ ਨੇ ਮਾਰਚ, 1912 ਵਿੱਚ ਹੜਤਾਲ ਕਰ ਦਿੱਤੀ। ਰੂਸੀ ਮਜ਼ਦੂਰਾਂ ਨੂੰ ਧਮਕਾਉਣ ਲਈ ਜ਼ਾਰਸ਼ਾਹੀ ਅਧਿਕਾਰੀਆਂ ਨੇ ਹੜਤਾਲੀਆਂ ਨਾਲ਼ ਹਥਿਆਰਾਂ ਦੀ ਤਾਕਤ ਨਾਲ਼ ਪੇਸ਼ ਆਉਣ ਦਾ ਫੈਸਲਾ ਕੀਤਾ, ਜਿਸਦੇ ਸਿੱਟੇ ਵਜੋਂ 270 ਮਜ਼ਦੂਰ ਮਾਰੇ ਗਏ ਤੇ 250 ਜ਼ਖ਼ਮੀ ਹੋਏ।

ਲੇਨਾ ਉੱਪਰ ਹੋਏ ਖ਼ੂਨ–ਖ਼ਰਾਬੇ ਦੀ ਖਬਰ ਨੇ ਰੂਸ ਦੇ ਮਜ਼ਦੂਰਾਂ ਨੂੰ ਕਾਰਵਾਈ ਲਈ ਹਰਕਤ ਵਿੱਚ ਲੈ ਆਂਦਾ ਤੇ ਦੇਸ਼ ਭਰ ਵਿੱਚ ਮੁਜ਼ਾਹਰੇ, ਜਲਸੇ ਤੇ ਹੜਤਾਲਾਂ ਹੋਈਆਂ।

ਸਫ਼ਾ–44

55. **ਮਾਰਕਸਵਾਦ ਤੇ ਖਾਤਮੇਵਾਦ। ਸਮਕਾਲੀ ਮਜ਼ਦੂਰ ਲਹਿਰ ਦੇ ਬੁਨਿਆਦੀ ਮਸਲਿਆਂ ਬਾਰੇ ਲੇਖ। ਭਾਗ ਦੂਜਾ।** ਇਹ ਸੰਗ੍ਰਹਿ ਜੁਲਾਈ 1914 ਵਿੱਚ "ਪਰੀਬੋਈ" ਪਾਰਟੀ ਪ੍ਰਕਾਸ਼ਨ ਘਰ ਵੱਲੋਂ ਪ੍ਰਕਾਸ਼ਤ ਕੀਤਾ ਗਿਆ। ਇਸ ਵਿੱਚ ਖਾਤਮੇਵਾਦੀਆਂ ਦੇ ਖਿਲਾਫ਼ ਲੈਨਿਨ ਦੇ ਕਈ ਲੇਖ ਸਨ। ਇਸ ਸੰਗ੍ਰਹਿ ਦਾ ਹਵਾਲਾ ਦੇਂਦਿਆਂ, ਲੈਨਿਨ ਦੇ ਦਿਮਾਗ਼ ਵਿੱਚ ਆਪਣੇ ਇਹ ਲੇਖ ਸਨ: "ਮਜ਼ਦੂਰ ਜਮਾਤ ਤੇ ਮਜ਼ਦੂਰ ਪ੍ਰੈਸ" ਤੇ "ਰਾਜ ਦੂਮਾ ਵਿੱਚ ਰੂਸੀ ਸੋਸ਼ਲ–ਡੈਮੋਕਰੈਟਿਕ ਮਜ਼ਦੂਰ ਧੜਾ ਕਾਇਮ ਕਰਨ ਵੱਲ ਮਜ਼ਦੂਰਾਂ ਦਾ ਹੁੰਗਾਰਾ"।

ਸਫ਼ਾ–44

56. «Liepziger Volkszeitung» (ਲਾਈਪਜ਼ਿਗ ਲੋਕ ਅਖ਼ਬਾਰ) —ਸੋਸ਼ਲ–ਡੈਮੋਕਰੈਟਿਕ ਦੈਨਿਕ; 1894 ਤੋਂ 1933 ਤੱਕ ਨਿਕਲ਼ਦਾ ਰਿਹਾ। ਕਈ ਸਾਲ ਫ. ਮੇਰਿੰਗ ਤੇ ਰੋ. ਲਗਜ਼ਮਬਰਗ ਇਸਦੇ ਸੰਪਾਦਕ ਰਹੇ ਤੇ ਇਹ ਖੱਬੇ ਸੋਸ਼ਲ–ਡੈਮੋਕਰੈਟਾਂ ਦਾ ਅਖ਼ਬਾਰ ਰਿਹਾ। 1917 ਤੋਂ 1922 ਤੱਕ ਇਹ ਅਖ਼ਬਾਰ ਜਰਮਨ "ਨਿਰਦਲੀਆਂ" ਦਾ ਤੇ 1922 ਤੋਂ ਮਗਰੋਂ ਸੱਜੇ ਸੋਸ਼ਲ–ਡੈਮੋਕਰੈਟਾਂ ਦਾ ਪਰਚਾ ਬਣ ਗਿਆ।

ਸਫ਼ਾ–44

57. **"ਅਗਸਤ ਬਲਾਕ"** ਬਾਲਸ਼ਵਿਕਾਂ ਦੇ ਖਿਲਾਫ਼ ਖਾਤਮੇਵਾਦੀਆਂ ਦਾ ਪਾਰਟੀ–ਵਿਰੋਧੀ ਧੜਾ ਸੀ। ਇਸਨੂੰ ਜਥੇਬੰਦ ਕਰਨ ਵਾਲਾ ਤਰਾਤਸਕੀ ਸੀ। ਇਹ ਧੜਾ ਵੀਆਨਾ ਵਿੱਚ ਅਗਸਤ 1912 ਵਿੱਚ ਹੋਈ ਪਾਰਟੀ–ਵਿਰੋਧੀ ਗਰੁੱਪਾਂ ਤੇ ਰੁਝਾਨਾਂ ਦੇ ਪ੍ਰਤਿਨਿਧਾਂ ਦੀ ਕਾਨਫਰੰਸ ਵਿੱਚ ਬਣਾਇਆ ਗਿਆ। ਇਸ ਕਾਨਫਰੰਸ ਵਿੱਚ, ਬੁੰਦ, ਟਰਾਂਸਕਾਕੇਸ਼ੀਆਈ ਇਲਾਕਾ ਕਮੇਟੀ, ਲਾਤਵੀਆਈ ਇਲਾਕੇ ਦੇ ਸੋਸ਼ਲ–ਡੈਮੋਕਰੈਟਾਂ ਤੇ ਵਿਦੇਸ਼ੀ ਖਾਤਮੇਵਾਦੀਆਂ, ਤਰਾਤਸਕੀਵਾਦੀਆਂ, ਓਤਜ਼ੋਵਸਿਤਾਂ ਤੇ ਰੂਸ ਤੋਂ ਖਾਤਮੇਵਾਦੀਆਂ ਦੇ ਕਈ ਗਰੁੱਪਾਂ ਦੇ ਪ੍ਰਤਿਨਿਧ ਸ਼ਾਮਲ ਹੋਏ। ਕਾਨਫਰੰਸ ਨੇ ਸੋਸ਼ਲ–ਡੈਮੋਕਰੈਟਿਕ ਦਾਅ–ਪੇਚਾਂ ਦੇ ਸਾਰੇ ਸਵਾਲਾਂ ਬਾਰੇ ਪਾਰਟੀ–ਵਿਰੋਧੀ ਖਾਤਮੇਵਾਦੀ ਫੈਸਲੇ ਲਏ ਤੇ ਗ਼ੈਰ–ਕਨੂੰਨੀ ਪਾਰਟੀ ਦੀ ਹੋਂਦ ਦੇ ਖਿਲਾਫ਼ ਰਾਏ ਦਿੱਤੀ। ਵੰਨ–ਸੁਵੰਨੇ ਅਨਸਰਾਂ ਤੋਂ ਬਣਿਆ ਇਹ ਬਾਲਸ਼ਵਿਕ–ਵਿਰੋਧੀ ਧੜਾ, ਜਿਸਨੂੰ ਸਿਰਜਣਾ ਕਾਨਫਰੰਸ ਦਾ ਮੁੱਖ ਨਿਸ਼ਾਨਾ ਸੀ, ਕਾਨਫਰੰਸ ਵਿੱਚ ਹੀ ਖੇਰੂੰ–ਖੇਰੂੰ ਹੋਣਾ ਸ਼ੁਰੂ ਹੋ ਗਿਆ ਤੇ ਬੜੀ ਜਲਦੀ ਹੀ ਬਾਲਸ਼ਵਿਕਾਂ ਦੀਆਂ ਸੱਟਾਂ ਹੇਠ ਢਹਿ–ਢੇਰੀ ਹੋ ਗਿਆ, ਜਿਹੜੇ ਕਿ ਗ਼ੈਰਕਨੂੰਨੀ ਪ੍ਰੋਲੇਤਾਰੀ ਪਾਰਟੀ ਦੇ ਹੱਕ ਵਿੱਚ ਸਨ।

ਸਫ਼ਾ–46

58. **"ਬਰਸਲਜ਼ ਬਲਾਕ"** (ਤਿੰਨ ਜੁਲਾਈ ਦਾ ਬਲਾਕ) —16–18 ਜੁਲਾਈ, 1914 ਨੂੰ ਬਰਸਲਜ਼ "ਏਕੀਕਰਨ" ਮੀਟਿੰਗ ਦੇ ਦੌਰਾਨ ਬਣਿਆ, ਜਿਹੜੀ ਮੀਟਿੰਗ ਕੌਮਾਂਤਰੀ ਲੋਕ ਸਮਾਜਵਾਦੀ ਬਿਊਰੋ ਦੀ ਕਾਰਜ–ਕਰਨੀ ਕਮੇਟੀ ਨੇ ਰੂ. ਸੋ. ਡੈ. ਲੇ. ਪਾ. ਦੀ ਏਕਤਾ ਸਬੰਧੀ ਕਾਊਤਸਕੀ ਦੇ ਇਕ ਮਤੇ ਉੱਤੇ ਵੋਟਾਂ ਪੁਆਈਆਂ ਗਈਆਂ। ਬਾਲਸ਼ਵਿਕਾਂ ਤੇ ਲਾਤਵੀਆਈ ਸੋਸ਼ਲ–ਡੈਮੋਕਰੈਟਾਂ ਨੇ ਵੋਟਾਂ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ। ਪਰ ਤਾਂ ਵੀ, ਇਹ ਮਤਾ ਬਹੁ–ਗਿਣਤੀ ਵੋਟਾਂ ਨਾਲ਼ ਪਾਸ ਹੋ ਗਿਆ। ਲੈਨਿਨ ਦੀ ਅਗਵਾਈ ਹੇਠ ਬਾਲਸ਼ਵਿਕਾਂ ਨੇ ਬਰਸਲਜ਼ ਮੀਟਿੰਗ ਦੇ ਫੈਸਲਿਆਂ ਦਾ ਪਾਲਣ ਕਰਨ ਤੋਂ ਇਨਕਾਰ ਕਰ ਦਿੱਤਾ।

"ਬਰਸਲਜ਼ ਬਲਾਕ" ਨੇ ਇਸ ਵਿੱਚ ਸ਼ਾਮਲ ਲੋਕਾਂ ਦੀ ਮੌਕਾਪ੍ਰਸਤੀ ਦੇ ਦੰਭੀ ਓਹਲੇ ਦਾ ਕੰਮ ਕੀਤਾ ਤੇ ਬੜੀ ਜਲਦੀ ਹੀ ਖੇਰੂੰ–ਖੇਰੂੰ ਹੋ ਗਿਆ।

ਸਫ਼ਾ–47

59. **ਬੁੰਦ** — (ਲਿਥੁਆਨੀਆ, ਪੋਲੈਂਡ ਤੇ ਰੂਸ ਵਿੱਚ ਸਰਬਲੌਕਿਕ ਯਹੂਦੀ ਮਜ਼ਦੂਰ ਯੂਨੀਅਨ) — ਵਿਲਨਾ ਵਿੱਚ ਯਹੂਦੀ ਸੋਸ਼ਲ–ਡੈਮੋਕਰੈਟਿਕ ਗਰੁੱਪਾਂ ਦੀ ਸਿਰਜਕ ਕਾਂਗਰਸ ਵਿੱਚ 1897 ਵਿੱਚ ਜਥੇਬੰਦ ਕੀਤੀ ਗਈ; ਇਸ ਵਿੱਚ ਮੁੱਖ ਤੌਰ ਉੱਤੇ ਰੂਸ ਦੇ ਪੱਛਮੀ ਖੰਡਾਂ ਦੇ ਯਹੂਦੀ ਕਾਰੀਗਰਾਂ ਦੇ ਅਰਧ–ਪ੍ਰੋਲੇਤਾਰੀ ਅਨਸਰ ਜੁੜੇ ਹੋਏ ਸਨ। ਪਹਿਲੀ ਸੰਸਾਰ ਜੰਗ ਦੇ ਦੌਰਾਨ ਬੁੰਦ ਨੇ ਸਮਾਜੀ–ਅੰਧਰਾਸ਼ਟਰਵਾਦੀ ਪੁਜ਼ੀਸ਼ਨਾਂ ਲਈਆਂ। 1917 ਵਿੱਚ ਬੁੰਦ ਨੇ ਬੁਰਜੂਆ ਆਰਜ਼ੀ ਸਰਕਾਰ ਦੀ ਹਮਾਇਤ ਕੀਤੀ ਤੇ ਅਕਤੂਬਰ

ਸਮਾਜਵਾਦੀ ਇਨਕਲਾਬ ਦੇ ਦੁਸ਼ਮਨਾਂ ਵੱਲ ਹੋ ਕੇ ਲੜੀ। ਵਿਦੇਸ਼ੀ ਮੁਦਾਖਲਤ ਤੇ ਘਰੇਲੂ ਜੰਗ ਦੇ ਸਾਲਾਂ ਵਿੱਚ ਬੁੰਦ ਦੇ ਆਗੂਆਂ ਨੇ ਉਲ਼ਟ-ਇਨਕਲਾਬ ਦੀ ਹਮਾਇਤ ਕੀਤੀ। ਇਸਦੇ ਨਾਲ਼ ਹੀ, ਸੋਵੀਅਤ ਸੱਤਾ ਨਾਲ਼ ਮਿਲਵਰਤਨ ਦੇ ਹੱਕ ਵਿੱਚ ਬੁੰਦ ਦੇ ਸਾਧਾਰਨ ਮੈਂਬਰਾਂ ਵਿਚਕਾਰ ਭਾਰੀ ਤਬਦੀਲੀ ਆਈ। ਮਾਰਚ 1921 ਵਿੱਚ ਬੁੰਦ ਨੇ ਆਪਣੇ ਆਪ ਨੂੰ ਆਪੇ ਖਤਮ ਕਰ ਲਿਆ।

ਸਫ਼ਾ-47

60. "**ਗੋਲੋਸ**" (ਆਵਾਜ਼)—ਮੇਨਸ਼ਵਿਕ ਰੋਜ਼ਾਨਾ ਅਖ਼ਬਾਰ, ਜਿਹੜਾ ਸਤੰਬਰ 1914 ਤੋਂ ਜਨਵਰੀ 1915 ਤੱਕ ਪੈਰਿਸ ਤੋਂ ਨਿਕਲ਼ਦਾ ਰਿਹਾ। ਇਹ ਅਖ਼ਬਾਰ ਵਿਚਾਲਪੰਥੀ ਸਟੈਂਡ ਲੈਂਦਾ ਸੀ।

ਸੰਸਾਰ ਸਾਮਰਾਜੀ ਜੰਗ (1914-1918) ਦੇ ਬਿਲਕੁਲ ਪਹਿਲੇ ਦਿਨਾਂ ਵਿੱਚ ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਖਿਲਾਫ਼ ਮਾਰਤੋਵ ਦਾ ਲੇਖ ਇਸ ਅਖ਼ਬਾਰ ਵਿੱਚ ਪ੍ਰਕਾਸ਼ਤ ਹੋਇਆ।

ਜਨਵਰੀ 1915 ਤੋਂ ਸ਼ੁਰੂ ਕਰਕੇ "ਗੋਲੋਸ" ਦੀ ਥਾਂ ਅਖਬਾਰ "ਨਾਸ਼ੇ ਸਲੋਵੋ" (ਸਾਡਾ ਵਚਨ) ਨਿਕਲਣ ਲੱਗਾ।

ਸਫ਼ਾ-47

61. «Internationale Korrespondenz» (ਕੌਮਾਂਤਰੀ ਚਿੱਠੀ-ਪੱਤਰ) —ਜਰਮਨ ਸਮਾਜੀ-ਅੰਧਰਾਸ਼ਟਰਵਾਦੀਆਂ ਦਾ ਸਪਤਾਹਕ, ਜਿਹੜਾ 1914-1918 ਵਿੱਚ ਬਰਲਿਨ ਤੋਂ ਨਿਕਲ਼ਦਾ ਰਿਹਾ।

ਸਫ਼ਾ-47

62. "**ਸਵਰੇਮੇਨੀ ਮੀਰ**" (ਸਮਕਾਲੀ ਦੁਨੀਆਂ) —ਸਾਹਿਤਕ, ਵਿਗਿਆਨਕ ਤੇ ਰਾਜਸੀ ਰਸਾਲਾ ਜਿਹੜਾ 1906 ਤੋਂ 1918 ਤੱਕ ਪੀਟਰਜ਼ਬਰਗ ਤੋਂ ਨਿਕਲ਼ਦਾ ਰਿਹਾ। ਗਿ. ਵ. ਪਲੈਖ਼ਾਨੋਵ ਸਮੇਤ ਮੇਨਸ਼ਵਿਕਾਂ ਨੇ ਇਸ ਵਿੱਚ ਸਰਗਰਮ ਹਿੱਸਾ ਲਿਆ। ਮੇਨਸ਼ਵਿਕ-ਪਾਰਟੀ-ਮੈਂਬਰਾਂ ਦੇ ਪਲੈਖ਼ਾਨੋਵ ਗਰੁੱਪ ਨਾਲ਼ ਬਣੇ ਬਲਾਕ ਦੇ ਦੌਰਾਨ ਤੇ 1914 ਦੇ ਸ਼ੁਰੂ ਵਿੱਚ ਬਾਲਸ਼ਵਿਕ ਵੀ ਰਸਾਲੇ ਲਈ ਕੰਮ ਕਰਦੇ ਰਹੇ। ਸੰਸਾਰ ਸਾਮਰਾਜੀ ਜੰਗ ਦੇ ਸਮੇਂ, ਇਹ ਰਸਾਲਾ ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਹੱਥਾਂ ਵਿੱਚ ਚਲਾ ਗਿਆ।

ਸਫ਼ਾ-47

# ਨਾਮਾਵਲੀ

**ਅ**

**ਅਕਸੇਲਰੋਦ, ਪ. ਬ.** (1850–1928) — ਮੇਨਸ਼ਵਿਕ ਆਗੂ। ਪਿਛਾਖੜ ਦੇ ਤੇ ਨਵੇਂ ਇਨਕਲਾਬੀ ਉਭਾਰ ਦੇ ਸਾਲਾਂ ਵਿੱਚ ਉਹ ਖਾਤਮੇਵਾਦੀਆਂ ਦੇ ਆਗੂਆਂ ਵਿਚੋਂ ਸੀ ਤੇ "ਗੋਲੋਸ ਸੋਤਸਿਆਲ-ਦਿਮੋਕਰਾਤ" (ਸੋਸ਼ਲ-ਡੈਮੋਕਰੈਟ ਦੀ ਆਵਾਜ਼) ਅਖ਼ਬਾਰ ਦੇ ਸੰਪਦਾਕੀ ਮੰਡਲ਼ ਵਿੱਚ ਸੀ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ ਅੰਧਰਾਸ਼ਟਰਵਾਦੀ।

ਸਫ਼ਾ–28, 40

**ਅਲੈਕਸਾਂਦਰ ਦੂਜਾ (ਰੋਮਾਨੋਵ)** (1818–1881) — ਰੂਸੀ ਸ਼ਹਿਨਸ਼ਾਹ (1855–1881)।

ਸਫ਼ਾ

**ਅਲੈਕਸਿੰਸਕੀ, ਜੀ. ਏ. (1879)** —ਆਪਣੇ ਰਾਜਸੀ ਜੀਵਨ ਦੇ ਆਰੰਭ ਵਿੱਚ ਸੋਸ਼ਲ-ਡੈਮੋਕਰੈਟ। ਪਹਿਲੇ ਰੂਸੀ ਇਨਕਲਾਬ ਦੇ ਦੌਰਾਨ ਉਹ ਬਾਲਸ਼ਵਿਕਾਂ ਨਾਲ਼ ਸੀ। ਪਿਛਾਖੜ ਦੇ ਸਾਲਾਂ ਵਿੱਚ ਉਹ ਓਤਜ਼ੋਵਵਾਦੀ ਸੀ ਤੇ ਪਾਰਟੀ-ਵਿਰੋਧੀ ਦਲ "ਵਪੀਰੀਓਦ" (ਅੱਗੇ ਵਧੋ) ਦੇ ਜਥੇਬੰਦਕਾਂ ਵਿਚੋਂ ਸੀ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ ਰਿਹਾ। ਉਸਨੇ ਕਈ ਬੁਰਜੂਆ ਅਖ਼ਬਾਰਾਂ ਲਈ ਕੰਮ ਕੀਤਾ।

ਸਫ਼ਾ–47

**ਐਡਲਰ, ਵਿਕਟਰ (Adler)** (1852–1918) — ਆਸਟਰੀਆ ਦੇ ਸੋਸ਼ਲ-ਡੈਮੋਕਰੈਟਾਂ ਦਾ ਇੱਕ ਜਥੇਬੰਦਕ ਤੇ ਆਗੂ। 1889 ਤੋਂ ਲੈ ਕੇ ਅਖ਼ਬਾਰ Arbeiter-Zeitung (ਮਜ਼ਦੂਰ ਅਖ਼ਬਾਰ) ਦਾ ਸੰਪਾਦਕ ਰਿਹਾ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਉਸਨੇ ਵਿੱਚ-ਵਿਚਾਲ਼ੇ ਦੀਆਂ ਪੁਜ਼ੀਸ਼ਨਾਂ ਲਈਆਂ, "ਜਮਾਤੀ ਅਮਨ" ਦੀ ਵਕਾਲਤ ਕੀਤੀ ਤੇ ਮਜ਼ਦੂਰ ਜਮਾਤ ਦੀਆਂ ਇਨਕਲਾਬੀ ਕਾਰਵਾਈਆਂ ਦੀ ਵਿਰੋਧਤਾ ਕੀਤੀ।

ਸਫ਼ਾ–34

**ਆਨ** — ਦੇਖੋ ਜਾਰਡੇਨੀਆ, ਨ. ਨ.। ਸਫ਼ਾ–47

**ਏ**

**ਏਂਗਲਜ਼, ਫਰੈਡਰਿਕ (Engels)** (1820–1895) —ਵਿਗਿਆਨਕ ਕਮਿਊਨਿਜ਼ਮ ਦੇ ਬਾਨੀਆਂ ਵਿਚੋਂ ਇੱਕ, ਕੌਮਾਂਤਰੀ ਪ੍ਰੋਲੇਤਾਰੀਆਂ ਦਾ ਆਗੂ ਤੇ ਉਸਤਾਦ, ਕਾਰਲ ਮਾਰਕਸ

ਦਾ ਦੋਸਤ ਤੇ ਜੁਝਾਰ ਸਾਥੀ।

ਸਫ਼ਾ–16, 25

**ਸ**

**ਸ਼ੀਦਮਾਨ, ਫਿਲਿਪ (Scheidemann)** (1865–1939) —ਜਰਮਨ ਸੋਸ਼ਲ-ਡੈਮੋਕਰੇਸੀ ਦੇ ਮੌਕਾਪ੍ਰਸਤ ਧੜੇ, ਅਤਿ ਦੇ ਸੱਜੇ ਪੱਖ ਦਾ ਇੱਕ ਆਗੂ, 1903 ਤੋਂ ਉਹ ਰਾਈਖਸਤਾਗ ਦੇ ਸੋਸ਼ਲ-ਡੈਮੋਕਰੈਟਿਕ ਗਰੁੱਪ ਵਿੱਚ ਸ਼ਾਮਲ ਹੋ ਗਿਆ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਸਫ਼ਾ–36, 37

**ਸੇਮਬਾਤ, ਮਾਰਸਲ (Sembat)** (1862–1922) —ਫਰਾਂਸੀਸੀ ਸੋਸ਼ਲਿਸਟ ਪਾਰਟੀ ਦਾ ਇੱਕ ਸੁਧਾਰਵਾਦੀ ਆਗੂ, ਪੱਤਰਕਾਰ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ। ਅਗਸਤ 1914 ਤੋਂ ਲੈ ਕੇ ਸਤੰਬਰ 1917 ਤੱਕ ਉਹ ਫਰਾਂਸੀਸੀ "ਕੌਮੀ ਰੱਖਿਆ ਦੀ ਸਾਮਰਾਜਵਾਦੀ ਸਰਕਾਰ" ਵਿੱਚ ਪਬਲਿਕ ਵਰਕਸ ਦਾ ਮੰਤਰੀ ਰਿਹਾ। ਫਰਵਰੀ 1915 ਵਿੱਚ ਉਹਨੇ ਇਤਿਹਾਦੀ ਦੇਸ਼ਾਂ ਦੇ ਸਮਾਜਵਾਦੀਆਂ ਦੀ ਕਾਨਫਰੰਸ ਵਿੱਚ ਹਿੱਸਾ ਲਿਆ, ਜਿਹੜੀ ਸਮਾਜੀ-ਅੰਧਰਾਸ਼ਟਰਵਾਦੀ ਪ੍ਰੋਗਰਾਮ ਦੇ ਅਧਾਰ ਉੱਤੇ ਉਹਨਾਂ ਵਿੱਚ ਏਕਤਾ ਲਿਆਉਣ ਲਈ ਬੁਲਾਈ ਗਈ ਸੀ।

ਸਫ਼ਾ–32, 37

**ਹ**

**ਹਾਈਨੇ, ਵਲਫਗਾਂਗ (Heine)** (1861–1944) — ਜਰਮਨ ਰਾਜਸੀ ਆਗੂ, ਸੱਜਾ ਸੋਸ਼ਲ-ਡੈਮੋਕਰੈਟ; 1898 ਵਿੱਚ ਰਾਈਖਸਤਾਗ ਲਈ ਚੁਣਿਆ ਗਿਆ। «Sozialistische Monatshefte» (ਸੋਸ਼ਲਿਸਟ ਮਾਸਕ) ਰਸਾਲੇ ਵਿੱਚ ਕੰਮ ਕਰਦਾ ਰਿਹਾ। ਅਕਸਰ ਉਹ ਆਪਣੇ ਸੋਧਵਾਦੀ ਲੇਖਾਂ ਲਈ ਬੇਬਲ, ਮੇਹਰਿੰਗ ਆਦਿ ਦੀ ਸਖਤ ਅਲੋਚਨਾ ਦਾ ਵਿਸ਼ਾ ਬਣਿਆ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਸਫ਼ਾ–33, 36

**ਹਾਸੇ, ਗੂਗੋ** (Haase) (1863–1819) —ਜਰਮਨ ਸੋਸ਼ਲ-ਡੈਮੋਕਰੇਸੀ ਦਾ ਇੱਕ ਆਗੂ, ਵਿਚਾਲ-ਪੰਥੀ। ਰਾਈਖਸਤਾਗ ਦਾ ਡਿਪਟੀ ਤੇ 1912 ਤੋਂ ਲੈ ਕੇ ਰਾਈਖਸਤਾਗ ਵਿੱਚ ਸੋਸ਼ਲ-ਡੈਮੋਕਰੈਟਿਕ ਧੜੇ ਦਾ ਪ੍ਰਧਾਨ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਵਿਚਾਲ-ਪੰਥੀ ਪੁਜ਼ੀਸ਼ਨ ਉੱਤੇ ਡਟਿਆ ਰਿਹਾ।

ਸਫ਼ਾ–36

**ਹਿੰਡਨਬਰਗ, ਪਾਲ** (Hindenburg), (1847–1934) —ਜਰਮਨ ਫੌਜੀ ਆਗੂ ਤੇ

ਰਾਜਨੇਤਾ, ਜਰਮਨ ਸਾਮਰਾਜ ਦੇ ਪਿਛਾਂਹਖਿਚੂ ਤੇ ਅੰਧਰਾਸ਼ਟਰਵਾਦੀ ਅਨਸਰਾਂ ਦਾ ਪ੍ਰਤਿਨਿੱਧ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਉਹ ਪੂਰਬੀ ਮਹਾਜ਼ ਉੱਪਰ ਜਰਮਨ ਫੌਜਾਂ ਦਾ ਕਮਾਂਡਰ ਤੇ ਮਗਰੋਂ ਚੀਫ਼ ਆਫ਼ ਜਰਨਲ ਸਟਾਫ਼ ਸੀ।

ਸਫ਼ਾ–36

**ਹੋਗਲੁੰਡ, ਕਾਰਲ ਜ਼ੇਤ ਕੋਨਸਤਨਤੀਨ** (Höglund), (1884–1956)—ਸਵੀਡਨ ਦਾ ਸੋਸ਼ਲ–ਡੈਮੋਕਰੈਟ; ਸਵੀਡਨ ਵਿੱਚ ਸੋਸ਼ਲ–ਡੈਮੋਕਰੈਟਿਕ ਲਹਿਰ ਦੇ ਖੱਬੇ ਧੜੇ ਦਾ ਤੇ ਨੌਜਵਾਨ ਸੋਸ਼ਲਿਸਟ ਲਹਿਰ ਦਾ ਵੀ ਆਗੂ। 1908–1918 ਵਿੱਚ ਉਹ ਅਖ਼ਬਾਰ «Stromklockan» (ਖਤਰੇ ਦੀ ਘੰਟੀ) ਦਾ ਸੰਪਾਦਕ ਰਿਹਾ। ਸੰਸਾਰ ਸਾਮਰਾਜੀ ਜੰਗ ਦੇ ਸਾਲਾਂ ਦੌਰਾਨ ਕੌਮਾਂਤਰੀਵਾਦੀ; ਜ਼ਿੱਮਰਵਾਲਡ ਸਮਾਜਵਾਦੀ ਕਾਨਫਰੰਸ ਵਿੱਚ ਉਹ ਜ਼ਿੱਮਰਵਾਲਡ ਖੱਬੇ ਧੜੇ ਨਾਲ਼ ਰਿਹਾ।

ਸਫ਼ਾ–38

## ਕ

**ਕਰੋਪੋਤਕਿਨ, ਪ. ਅ.** (1842–1921) —ਅਰਾਜਕਤਾਵਾਦ ਦੇ ਮੁੱਖ ਆਗੂਆਂ ਤੇ ਸਿਧਾਂਤਕਾਰਾਂ ਵਿੱਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ–27

**ਕਾਊਤਸਕੀ, ਕਾਰਲ** «Kautsky» (1854–1938) —ਜਰਮਨ ਸੋਸ਼ਲ–ਡੈਮੋਕਰੇਸੀ ਦੇ ਤੇ ਦੂਜੀ ਇੰਟਰਨੈਸ਼ਨਲ ਦੇ ਆਗੂਆਂ ਵਿੱਚੋਂ ਇੱਕ। ਸ਼ੁਰੂ ਸ਼ੁਰੂ ਵਿੱਚ ਮਾਰਕਸਵਾਦੀ, ਮਗਰੋਂ ਮਾਰਕਸਵਾਦ ਤੋਂ ਭਗੌੜਾ, ਮੌਕਾਪ੍ਰਸਤ–ਵਿਚਾਲ਼ਪੰਥ ਦੀ ਸਭ ਤੋਂ ਵੱਧ ਖਤਰਨਾਕ ਤੇ ਹਾਨੀਕਾਰਕ ਵੰਨਗੀ (ਕਾਊਤਸਕੀਵਾਦ) ਦਾ ਵਿਚਾਰਦਾਤਾ। ਜਰਮਨ ਸੋਸ਼ਲ–ਡੈਮੋਕਰੇਸੀ ਦੇ ਸਿਧਾਂਤਕ ਰਸਾਲੇ «Die Neue Zeit» (ਨਵਾਂ ਜ਼ਮਾਨਾ) ਦਾ ਸੰਪਾਦਕ ਸੀ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਉਹ ਵਿਚਾਲਪੰਥੀ ਪੁਜ਼ੀਸ਼ਨ ਉੱਤੇ ਡਟਿਆ ਰਿਹਾ ਤੇ ਸਮਾਜੀ–ਅੰਧਰਾਸ਼ਟਰਵਾਦ ਉੱਪਰ ਕੌਮਾਂਤਰੀਵਾਦੀ ਲੱਫ਼ਾਜ਼ੀ ਨਾਲ਼ ਪਰਦਾ ਪਾਉਂਦਾ ਰਿਹਾ। ਵ. ਇ. ਲੈਨਿਨ ਨੇ ਆਪਣੀਆਂ ਕਈ ਕਿਰਤਾਂ ਵਿੱਚ, ਜਿਵੇਂ ਕਿ “ਦੂਜੀ ਇੰਟਰਨੈਸ਼ਨਲ ਦਾ ਢਹਿ–ਢੇਰੀ ਹੋਣਾ”, “ਸਾਮਰਾਜਵਾਦ—ਸਰਮਾਇਦਾਰੀ ਦਾ ਸਰਵੁੱਚ ਪੜਾਅ”, “ਪ੍ਰੋਲੇਤਾਰੀ ਇਨਕਲਾਬ ਤੇ ਭਗੌੜਾ ਕਾਊਤਸਕੀ” ਆਦਿ ਵਿੱਚ ਕਾਊਤਸਕੀਵਾਦ ਦੀ ਸਖ਼ਤ ਅਲੋਚਨਾ ਕੀਤੀ।

ਸਫਾ– 15, 16, 20, 22, 33, 34, 35, 36, 37, 40, 47

**ਕੁਦਾਸ਼ੇਵ, ਇ. ਅ.** (ਜਨਮ 1859) — ਜ਼ਾਰਸ਼ਾਹੀ ਡਿਪਲੋਮੈਟ ਤੇ ਰਾਜਕੁਮਾਰ। 1911 ਤੋਂ 1916 ਤੱਕ ਬੈਲਜੀਅਮ ਵਿੱਚ ਰਾਜਦੂਤ। 1914 ਵਿੱਚ ਉਸਨੇ ਚੌਥੀ ਰਾਜ ਦੂਮਾ ਦੇ ਸੋਸ਼ਲਿਸਟ ਧੜੇ ਦੇ ਨਾਂ ਵਾਂਡਰਵੇਲਡੇ ਦੀ ਤਾਰ ਲਿਖਣ ਵਿੱਚ ਹਿੱਸਾ ਲਿਆ, ਜਿਸ

ਵਿੱਚ ਜ਼ਾਰਸ਼ਾਹੀ ਦੇ ਖਿਲਾਫ਼ ਘੋਲ ਖਤਮ ਕਰਨ ਤੇ ਜਰਮਨੀ ਦੇ ਖਿਲਾਫ਼ ਜੰਗ ਦੀ ਹਮਾਇਤ ਕਰਨ ਲਈ ਕਿਹਾ ਗਿਆ ਹੋਇਆ ਸੀ।

ਸਫ਼ਾ–30

**ਕੇਰੇਂਸਕੀ, ਅ. ਫ.** (1881–1970)—ਸੋਸ਼ਲ–ਇਨਕਲਾਬੀ ਤੇ ਚੌਥੀ ਰਾਜ ਦੂਮਾ ਦਾ ਡਿਪਟੀ। ਦੂਮਾ ਵਿੱਚ ਉਹ ਕੁੱਝ ਸਮੇਂ ਲਈ ਤਰੂਦੋਵਿਕ ਗਰੁੱਪ ਦਾ ਮੈਂਬਰ ਤੇ ਇਸਦਾ ਪ੍ਰਧਾਨ ਰਿਹਾ। ਸੰਸਾਰ ਸਾਮਰਾਜੀ ਜੰਗ ਦੇ ਸਾਲਾਂ ਵਿੱਚ ਉਹ ਘੋਰ ਰੱਖਿਆਵਾਦੀ ਰਿਹਾ। 1917 ਦੇ ਫਰਵਰੀ ਬੁਰਜੂਆ ਇਨਕਲਾਬ ਤੋਂ ਪਿਛੋਂ ਉਹ ਆਰਜ਼ੀ ਸਰਕਾਰ ਦਾ ਮੰਤਰੀ ਤੇ ਮਗਰੋਂ ਪ੍ਰਧਾਨ ਮੰਤਰੀ, ਤੇ ਕਮਾਂਡਰ–ਇਨ–ਚੀਫ ਰਿਹਾ।

ਸਫ਼ਾ–27

## ਗ

**ਗਿਲਾਊਮੇ, ਜੇਮਜ਼** (Guillaume), (1844–1916)—ਅਰਾਜਕਤਾਵਾਦੀ, ਪੱਤਰਕਾਰ ਤੇ ਮਾਰਕਸਵਾਦ ਦਾ ਸਖਤ ਦੁਸ਼ਮਣ। ਪਹਿਲੀ ਇੰਟਰਨੈਸ਼ਨਲ ਦਾ ਮੈਂਬਰ ਸੀ ਤੇ 60–ਵਿਆਂ ਤੋਂ ਅਖੀਰ ਤੋਂ ਲੈ ਕੇ ਬਾਕੂਨਿਨ ਦਾ ਜੋਟੀਦਾਰ ਰਿਹਾ; ਬਾਕੂਨਿਨ ਦੀ ਖੁਫੀਆ ਜਥੇਬੰਦੀ, ਸੋਸ਼ਲ–ਡੈਮੋਕਰੇਸੀ ਲਈ ਗਠਜੋੜ, ਇਸਦੇ ਜਥੇਬੰਦਕਾਂ ਤੇ ਆਗੂਆਂ ਵਿੱਚੋਂ ਇੱਕ, ਇੰਟਰਨੈਸ਼ਨਲ ਦੇ ਖਿਲਾਫ਼ ਇਸਦੀਆਂ ਫੁੱਟ–ਪਾਊ ਤੇ ਢਾਹ–ਲਾਊ ਸਰਗਰਮੀਆਂ ਵਿੱਚ ਤੇ ਇਸਦੇ ਆਗੂਆਂ ਦੇ ਖਿਲਾਫ ਭੰਡੀ–ਪ੍ਰਚਾਰ ਵਿੱਚ ਜੋਸ਼ ਨਾਲ਼ ਹਿੱਸਾ ਲੈਂਦਾ ਰਿਹਾ। 1872 ਦੀ ਹੇਗ ਕਾਂਗਰਸ ਵਿੱਚ ਇਸਨੂੰ ਇੰਟਰਨੈਸ਼ਨਲ ਵਿੱਚੋਂ ਕੱਢ ਦਿੱਤਾ ਗਿਆ। 1872–1877 ਵਿੱਚ ਉਹ ਸਮਾਜੀ–ਅੰਧਰਾਸ਼ਟਰਵਾਦੀ ਜਥੇਬੰਦੀ ਦੇ ਆਗੂਆਂ ਵਿੱਚੋਂ ਇੱਕ ਸੀ। ਸੰਸਾਰ ਸਾਮਾਰਜੀ ਜੰਗ ਦੇ ਦੌਰਾਨ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ–17

**ਗੋਰਟੇਰ, ਹਰਮਨ** (Gorter), (1864–1927)— ਹਾਲੈਂਡ ਦਾ ਸੋਸ਼ਲ–ਡੈਮੋਕਰੈਟ, ਕਵੀ ਤੇ ਪੱਤਰਕਾਰ। 1907 ਵਿੱਚ ਉਹ ਅਖ਼ਬਾਰ «De Tribune» (ਟਰਿਬਿਊਨ) ਦੇ ਬਾਨੀਆਂ ਵਿਚੋਂ ਇੱਕ ਸੀ, ਜੋ ਕਿ ਹਾਲੈਂਡ ਦੀ ਸੋਸ਼ਲ–ਡੈਮੋਕਰੈਟਿਕ ਮਜ਼ਦੂਰ ਪਾਰਟੀ ਦੇ ਖੱਬੇ ਧੜੇ ਦਾ ਅਖਬਾਰ ਸੀ, ਜਿਹੜਾ ਮਗਰੋਂ 1909 ਵਿੱਚ ਹਾਲੈਂਡ ਦੀ ਸੋਸ਼ਲ–ਡੈਮੋਕਰੈਟਿਕ ਪਾਰਟੀ (ਟਰਿਬਿਊਨਵਾਦੀਆਂ ਦੀ ਪਾਰਟੀ) ਵਿੱਚ ਬਦਲ ਗਿਆ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਕੌਮਾਂਤਰੀਵਾਦੀ ਤੇ ਜ਼ਿੰਮਰਵਾਲਡ ਖੱਬੇ ਧੜੇ ਦਾ ਹਮਾਇਤੀ।

ਸਫ਼ਾ–21

**ਗੋਲੇ ਪੱਲ** (Goley) — ਸਵਿਸ ਸੋਸ਼ਲ–ਡੈਮੋਕਰੈਟ, ਸਵਿਸ ਦੀ ਪੱਛਮ (ਫਰਾਂਸੀਸੀ) ਜਥੇਬੰਦੀ ਦਾ ਮੈਂਬਰ, ਪੱਤਰਕਾਰ। ਸਾਮਰਾਜੀ ਜੰਗ ਦੇ ਸ਼ੁਰੂ ਵਿੱਚ ਉਸਨੇ ਦੂਜੀ ਇੰਟਰਨੈਸ਼ਨਲ ਵਿੱਚ ਮੌਕਾਪ੍ਰਸਤੀ ਤੇ ਸੋਸ਼ਲ–ਅੰਧਰਾਸ਼ਟਰਵਾਦ ਦਾ ਵਿਰੋਧ ਕੀਤਾ ਸੀ। ਪਰ ਨਾਲ਼ੋਂ ਨਾਲ਼ ਉਸਨੇ ਮੌਕਾਪ੍ਰਸਤਾਂ ਵੱਲ ਸਮਝੌਤਾਕਰੂ ਰੁਖ ਵੀ ਅਪਣਾਇਆ। ਗੋਲੇ ਜ਼ਿੰਮਰਵਾਲ਼ਡ

ਕਾਨਫਰੰਸ 'ਤੇ ਨਹੀਂ ਆਇਆ ਸੀ ਜਿਸ ਵਿੱਚ ਭਾਗ ਲੈਣ ਲਈ ਵ. ਇ. ਲੈਨਿਨ ਨੇ ਉਹਨਾਂ ਨੂੰ ਸੱਦਾ ਦਿੱਤਾ ਸੀ। ਫਿਰ ਵੀ ਉਸਨੇ ਵਿੱਚ-ਵਿਚਾਲ਼ੇ ਤੇ ਸ਼ਾਂਤੀਵਾਦੀ ਪੁਜ਼ੀਸ਼ਨਾਂ ਲਈਆਂ।

ਸਫ਼ਾ-20

ਚ

**ਚਖੇਈਦਜ਼ੇ, ਨ. ਸ.** (1864-1926)— ਮੇਨਸ਼ਵਿਕ ਆਗੂ। ਤਿਫਲਿਸ ਗੂਬੇਰਨੀਆ ਤੋਂ ਤੀਜੀ ਤੇ ਚੌਥੀ ਰਾਜ ਦੂਮਾ ਦਾ ਡਿਪਟੀ ਤੇ ਚੌਥੀ ਦੂਮਾ ਵਿੱਚ ਮੇਨਸ਼ਵਿਕ ਗਰੁੱਪ ਦਾ ਮੈਂਬਰ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਵਿਚਾਲਪੰਥੀ।

ਸਫ਼ਾ-29, 32, 43, 47

**ਚਖੇਨਕੇਲੀ ਅ. ਈ.** (1874) —ਸੋਸ਼ਲ-ਡੈਮੋਕਰੈਟ, ਮੇਨਸ਼ਵਿਕ। ਚੌਥੀ ਰਾਜ ਦੂਮਾ ਦਾ ਮੈਂਬਰ। ਦੂਮਾ ਵਿੱਚ ਮੇਨਸ਼ਵਿਕ ਧੜੇ ਵਿੱਚ ਸ਼ਾਮਿਲ ਸੀ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਵਿਚਾਲਪੰਥੀ।

ਸਫ਼ਾ-48

**ਚੇਰੇਵਾਨੀਨ, ਨ.** (ਲਿਪਕਿਨ, ਫ. ਅ. ) (1868-1938) —ਮੇਨਸ਼ਵਿਕ ਆਗੂ ਤੇ ਅਤਿ ਦਾ ਖਾਤਮੇਵਾਦੀ। 1912 ਵਿੱਚ ਅਗਸਤ ਪਾਰਟੀ-ਵਿਰੋਧੀ ਕਾਨਫਰੰਸ ਤੋਂ ਪਿੱਛੋਂ ਉਹ ਮੇਨਸ਼ਵਿਕ ਕੇਂਦਰ ਦਾ ਮੈਂਬਰ ਰਿਹਾ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਸਫ਼ਾ-28

ਜ

**ਜ਼ੂਦੇਕਮ, ਅਲਬਰਟ** (Südekum), (1871-1944) —ਜਰਮਨ ਸੋਸ਼ਲ-ਡੈਮੋਕਰੇਸੀ ਦਾ ਇੱਕ ਮੌਕਾਪ੍ਰਸਤ ਆਗੂ, ਸੋਧਵਾਦੀ। 1900 ਤੋਂ 1918 ਤੱਕ ਰਾਈਖਸਤਾਗ ਦਾ ਡਿਪਟੀ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਘੋਰ ਸਮਾਜੀ-ਅੰਧਰਾਸ਼ਟਰਵਾਦੀ।

ਸਫ਼ਾ-32, 36, 40

**ਜ਼ੈਟਕਿਨ, ਕਲਾਰਾ** (Zetkin), (1857-1933) — ਜਰਮਨ ਤੇ ਕੌਮਾਂਤਰੀ ਮਜ਼ਦੂਰ ਲਹਿਰ ਦੀ ਇੱਕ ਪ੍ਰਸਿੱਧ ਆਗੂ, ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਬਾਨੀਆਂ ਵਿੱਚੋਂ ਇੱਕ, ਗੁਣੀ ਲੇਖਕਾ, ਜੁਸ਼ੀਲੀ ਭਾਸ਼ਨਕਾਰ ਤੇ ਲੋਕ-ਆਗੂ। ਸੰਸਾਰ ਸਾਮਰਾਜੀ ਜੰਗ ਦੌਰਾਨ ਉਸਨੇ ਇਨਕਲਾਬੀ ਕੌਮਾਂਤਰੀਵਾਦ ਦੀ ਪੁਜ਼ੀਸ਼ਨ ਲਈ ਤੇ ਸਮਾਜੀ-ਅੰਧਰਾਸ਼ਟਰਵਾਦ ਦਾ ਵਿਰੋਧ ਕੀਤਾ। ਪਰ ਮਾਰਚ 1914 ਵਿੱਚ ਬਰਨ ਵਿੱਚ ਹੋਈ ਕੌਮਾਂਤਰੀ ਮਹਿਲਾ ਸਮਾਜਵਾਦੀ ਕਾਨਫਰੰਸ ਵਿੱਚ ਉਹ ਥਿੜਕ ਕੇ ਵਿਚਾਲ਼ਪੰਥ ਵੱਲ ਆ ਗਈ। 1916 ਵਿੱਚ ਉਹ "ਇੰਟਰਨੈਸ਼ਨਲ" ਦੇ ਗਰੁੱਪ ਵਿੱਚ ਤੇ ਫਿਰ "ਸਪਾਰਟੇਕਸ ਯੂਨੀਅਨ"

ਵਿੱਚ ਸ਼ਾਮਲ ਹੋ ਗਈ।

ਸਫ਼ਾ–37

**ਜੋਰਦਾਨੀਆ, ਨ. ਨ.** (1870–1953) — ਸੋਸ਼ਲ–ਡੈਮੋਕਰੈਟ ਤੇ ਕਾਕੇਸ਼ੀਆ ਦੇ ਮੇਨਸ਼ਵਿਕਾਂ ਦਾ ਇੱਕ ਆਗੂ। 1914 ਵਿੱਚ ਉਹ ਤਰਾਤਸਕੀ ਦੇ ਰਸਾਲੇ "ਬੋਰਬਾ" (ਘੋਲ਼) ਵਿੱਚ ਕੰਮ ਕਰਦਾ ਰਿਹਾ। ਸੰਸਾਰ ਸਾਮਰਾਜੀ ਜੰਗ ਦੌਰਾਨ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ

## ਡ

**ਡੇਵਿਡ, ਐਡਵਰਡ** (David), (1863–1930) —ਜਰਮਨ ਸੋਸ਼ਲਿਸਟ–ਡੈਮੋਕਰੇਸੀ ਦੇ ਸੱਜੇ ਧੜੇ ਦਾ ਆਗੂ, ਸੋਧਵਾਦੀ। ਉਹ ਜਰਮਨ ਮੌਕਾਪ੍ਰਸਤਾਂ ਦੇ ਰਸਾਲੇ «Sozialistiche Monatshefte» (ਸੋਸ਼ਲਿਸਟ ਮਾਸਕ) ਦੇ ਬਾਨੀਆਂ ਵਿੱਚੋਂ ਇੱਕ ਸੀ। ਰਾਈਖਸਤਾਗ ਦਾ ਡਿਪਟੀ। 1903 ਤੋਂ ਲੈ ਕੇ ਤੇ ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ–47, 16

## ਤ

**ਤਰੂਲਸਤਰਾ, ਪੀਤਰ ਯੇਲੇਸ** (Troelstra), )1860–1930) — ਡੱਚ ਮਜ਼ਦੂਰ ਲਹਿਰ ਦਾ ਇੱਕ ਕਾਰਕੁਨ, ਸੱਜੇ–ਪੱਖੀ ਸਮਾਜਵਾਦੀ। ਉਹ ਹਾਲੈਂਡ ਦੀ ਸਮਾਜਵਾਦੀ–ਡੈਮੋਕਰੈਟਿਕ ਮਜ਼ਦੂਰ ਪਾਰਟੀ ਦੇ ਬਾਨੀਆਂ (1894) ਤੇ ਆਗੂਆਂ ਵਿੱਚੋਂ ਇੱਕ ਸੀ। 20–ਵੀਂ ਸਦੀ ਦੇ ਆਰੰਭ ਵਿੱਚ ਉਹ ਕੌਮਾਂਤਰੀਵਾਦੀ ਪੁਜ਼ੀਸ਼ਨਾਂ ਤੋਂ ਲਾਂਭੇ ਚਲਾ ਗਿਆ ਤੇ ਅਤਿ ਦੀ ਮੌਕਾਪ੍ਰਸਤੀ ਦੀਆਂ ਪੁਜ਼ੀਸ਼ਨਾਂ ਅਪਣਾ ਲਈਆਂ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਜਰਮਨ–ਪੂਜ ਰੁੱਖ ਰੱਖਦਾ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ –37

**ਤਰਾਤਸਕੀ (ਬਰੋਨਸਟਾਈਨ), ਲ. ਦ.** (1879–1940) — ਲੈਨਿਨਵਾਦ ਦਾ ਸਭ ਤੋਂ ਸਖਤ ਦੁਸ਼ਮਨ। ਪਿਛਾਖੜ ਦੇ ਸਾਲਾਂ ਵਿੱਚ ਤੇ ਨਵੇਂ ਇਨਕਲਾਬੀ ਉਭਾਰ ਸਮੇਂ ਉਸਨੇ "ਗੁੱਟਬੰਦੀ ਤੋਂ ਨਿਰਲੇਪ ਰਹਿਣ" ਦੇ ਪਰਦੇ ਹੇਠ ਅਸਲ ਵਿੱਚ ਖਾਤਮੇਵਾਦੀਆਂ ਦੀਆਂ ਪੁਜ਼ੀਸ਼ਨਾਂ ਦਾ ਸਮਰਥਨ ਕੀਤਾ। 1912 ਵਿੱਚ ਉਸਨੇ ਪਾਰਟੀ–ਵਿਰੋਧੀ ਅਗਸਤ ਧੜਾ ਬਣਾਇਆ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਉਹ ਵਿਚਾਲਪੰਥੀ ਪੁਜ਼ੀਸ਼ਨਾਂ ਉੱਤੇ ਡਟਿਆ ਰਿਹਾ ਤੇ ਜੰਗ, ਅਮਨ ਤੇ ਇਨਕਲਾਬ ਦੇ ਸਵਾਲਾਂ ਉੱਤੇ ਲੈਨਿਨ ਦਾ ਸਰਗਰਮ ਵਿਰੋਧ ਕਰਦਾ ਰਿਹਾ।

ਸਫ਼ਾ– 21, 46, 47

## ਨ

**ਨਿਕੋਲਾਈ ਦੂਜਾ** (ਰੋਮਾਨੋਵ) (1868–1918) — ਆਖਰੀ ਰੂਸੀ ਜ਼ਾਰ ਜਿਸਨੇ 1894 ਤੋਂ ਲੈ ਕੇ 1917 ਦੇ ਫਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੱਕ ਹਕੂਮਤ ਕੀਤੀ।

ਸਫ਼ਾ–26

**ਨੇਨਾਰੋਕੋਮੋਵ, ਗ. ਪ.** (ਜਨਮ 1874) —ਜ਼ਾਰਸ਼ਾਹੀ ਅਦਾਲਤ ਵਿੱਚ ਸਰਕਾਰੀ ਵਕੀਲ। ਫਰਵਰੀ 1915 ਵਿੱਚ ਉਸਨੇ ਚੌਥੀ ਦੂਮਾ ਦੇ ਬਾਲਸ਼ਵਿਕ ਡਿਪਟੀਆਂ ਦੇ ਖਿਲਾਫ਼ ਜ਼ਾਰਸ਼ਾਹੀ ਅਧਿਕਾਰੀਆਂ ਦੇ ਮੁਕੱਦਮੇ ਵੇਲੇ ਸਰਕਾਰੀ ਵਕੀਲ ਦਾ ਕੰਮ ਕੀਤਾ।

ਸਫ਼ਾ–30

**ਨੈਪੋਲੀਅਨ ਤੀਜਾ** (ਬੋਨਾਪਾਰਟ, ਲੂਈ) (1808–1873) — 1852 ਤੋਂ 1870 ਤੱਕ ਫਰਾਂਸ ਦਾ ਸ਼ਹਿਨਸ਼ਾਹ, ਨੈਪੋਲੀਅਨ ਪਹਿਲੇ ਦਾ ਭਤੀਜਾ।

ਸਫ਼ਾ–7

## ਪ

**ਪਲੈਖਾਨੋਵ, ਗ. ਵ.** (1856–1918) — ਰੂਸੀ ਤੇ ਕੌਮਾਂਤਰੀ ਮਜ਼ਦੂਰ ਲਹਿਰ ਦਾ ਇੱਕ ਉੱਘਾ ਆਗੂ, ਰੂਸ ਵਿੱਚ ਮਾਰਕਸਵਾਦ ਦਾ ਪਹਿਲਾ ਪ੍ਰਚਾਰਕ। ਰੂ. ਸੋ. ਡੈ. ਲੇ. ਪਾ. ਦੀ ਦੂਜੀ ਕਾਂਗਰਸ (1903) ਤੋਂ ਪਿੱਛੋਂ, ਪਲੈਖਾਨੋਵ ਨੇ ਮੌਕਾਪ੍ਰਸਤੀ ਵੱਲ ਮੰਨ-ਮਨਾਈ ਦੀ ਪੁਜ਼ੀਸ਼ਨ ਅਪਣਾਈ ਤੇ ਮਗਰੋਂ ਮੇਨਸ਼ਵਿਕਾਂ ਨਾਲ਼ ਜਾ ਰਲਿਆ। ਸੰਸਾਰ ਸਾਮਰਾਜੀ ਜੰਗ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਸਫ਼ਾ–13, 20, 22, 32, 34, 33, 40, 45, 46, 47

**ਪਾਨੇਕੋਕ, ਅੰਤੋਨੀ (**Panneckoek), (ਏ. ਪੀ.) (1873–1960) —ਡੱਚ ਸੋਸ਼ਲ-ਡੈਮੋਕਰੈਟ। 1907 ਵਿੱਚ ਡੱਚ ਸੋਸ਼ਲ-ਡੈਮੋਕਰੈਟਿਕ ਮਜ਼ਦੂਰ ਪਾਰਟੀ ਦੇ ਖੱਬੇ ਧੜੇ ਦੇ ਅਖ਼ਬਾਰ «De Tribune» (ਟਰਿਬਿਊਨ) ਦੇ ਬਾਨੀਆਂ ਵਿਚੋਂ ਇੱਕ; 1909 ਵਿੱਚ ਇਸ ਧੜੇ ਨੇ ਹਾਲੈਂਡ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ (ਟਰਿਬਿਊਨਵਾਦੀਆਂ ਦੀ ਪਾਰਟੀ) ਦਾ ਰੂਪ ਧਾਰ ਲਿਆ। ਸੰਸਾਰ ਸਾਮਰਾਜੀ ਜੰਗ ਦੇ ਸਾਲਾਂ ਵਿੱਚ ਉਹ ਕੌਮਾਂਤਰੀਵਾਦੀ ਸੀ ਜਿਸਨੇ ਜ਼ਿੰਮਰਵਾਲਡ ਖੱਬੇ ਧੜੇ ਦੇ ਸਿਧਾਂਤਕ ਰਸਾਲੇ «Vorbote» (ਸੰਦੇਸ਼ਵਾਹਕ) ਦੇ ਪ੍ਰਕਾਸ਼ਨ ਵਿੱਚ ਹਿਸਾ ਲਿਆ।

ਸਫ਼ਾ–21

**ਪਿਤਰੋਵਸਕੀ, ਗ. ਇ.** (1878–1958) — ਇਨਕਲਾਬੀ ਮਜ਼ਦੂਰ ਲਹਿਰ ਵਿੱਚ ਸਭ ਤੋਂ ਪੁਰਾਣੇ ਹਿੱਸਾ ਲੈਣ ਵਾਲਿਆਂ ਵਿੱਚੋਂ ਇੱਕ ਬਾਲਸ਼ਵਿਕ। ਯੇਕਾਤਰੀਨੋਸਲਾਵਲ ਗੂਬੇਰਨੀਆ ਦੇ ਮਜ਼ਦੂਰਾਂ ਵਲੋਂ ਚੌਥੀ ਰਾਜ ਦੂਮਾ ਦਾ ਡਿਪਟੀ ਤੇ ਦੂਮਾ ਵਿੱਚ ਬਾਲਸ਼ਵਿਕ ਗਰੁੱਪ ਦਾ ਮੈਂਬਰ! ਨਵੰਬਰ 1914 ਵਿੱਚ ਉਸਨੂੰ ਇਨਕਲਾਬੀ ਸਰਗਰਮੀਆਂ ਲਈ ਬਾਲਸ਼ਵਿਕ ਡਿਪਟੀਆਂ ਦੇ ਨਾਲ਼ ਗ੍ਰਿਫ਼ਤਾਰ ਕਰ ਲਿਆ ਗਿਆ ਤੇ 1915 ਵਿੱਚ

ਤੁਰੂਖਾਨ ਇਲਾਕੇ ਵਿੱਚ ਜਲਾਵਤਨ ਕਰ ਦਿੱਤਾ ਗਿਆ। ਮਗਰਲੇ ਸਾਲਾਂ ਵਿੱਚ ਉਹ ਸੋਵੀਅਤ ਤੇ ਪਾਰਟੀ ਕੰਮ ਵਿੱਚ ਰੁੱਝਾ ਰਿਹਾ।

ਸਫ਼ਾ–31

**ਪੋਤਰੇਸੋਵ, ਅ. ਨ.** (1869–1934) —ਮੇਨਸ਼ਵਿਕ ਆਗੂ। ਸੰਸਾਰ ਸਾਮਰਾਜੀ ਜੰਗ ਦੌਰਾਨ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ–43

## ਬ

**ਬਾਊਏਰ, ਆਟੋ** (Bauer), (1882–1938) — ਆਸਟਰੀਆ ਦੀ ਸੋਸ਼ਲ–ਡੈਮੋਕਰੈਟਿਕ ਪਾਰਟੀ ਤੇ ਦੂਜੀ ਇੰਟਰਨੈਸ਼ਨਲ ਦੇ ਆਗੂਆਂ ਵਿੱਚੋਂ ਇੱਕ, ਅਖਾਉਤੀ ਆਸਟਰੋ–ਮਾਰਕਸਵਾਦ ਦਾ ਵਿਚਾਰਦਾਤਾ, ਜਿਹੜਾ ਇਨਕਲਾਬੀ ਮਾਰਕਸਵਾਦ ਨੂੰ ਤੇ ਪ੍ਰੋਲੇਤਾਰੀਆਂ ਦੇ ਜਮਾਤੀ ਘੋਲ਼ ਨੂੰ ਰੱਦ ਕਰਨ ਦੇ ਆਪਣੇ ਅਮਲ ਉੱਤੇ ਮਾਰਕਸਵਾਦੀ ਲੱਫਾਜ਼ੀ ਨਾਲ਼ ਪਰਦਾ ਪਾਉਂਦਾ ਸੀ। “ਸਭਿਆਚਾਰਕ–ਕੌਮੀ ਖੁਦਇਖਤਿਆਰੀ” ਦੇ ਬੁਰਜੂਆ–ਕੌਮਪ੍ਰਸਤ ਸਿਧਾਂਤ ਦੇ ਘੜਣਵਾਲਿਆਂ ਵਿੱਚੋਂ ਸੀ।

ਸਫ਼ਾ–25

**ਬਾਦਾਯੇਵ, ਅ. ਯੇ.** (1883–1951) —ਬਾਲਸ਼ਵਿਕ, ਪੇਸ਼ੇ ਵਿੱਚ ਧਾਤਸਾਜ਼। 1904 ਵਿੱਚ ਰੂ. ਸੋ. ਡੈ. ਲੇ. ਪਾ. ਵਿੱਚ ਸ਼ਾਮਲ ਹੋ ਗਿਆ। ਚੌਥੀ ਰਾਜ ਦੂਮਾ ਵਿੱਚ ਪੀਟਰਜ਼ਬਰਗ ਗੂਬੇਰਨੀਆ ਦੇ ਮਜ਼ਦੂਰਾਂ ਦਾ ਡਿਪਟੀ ਰਿਹਾ। ਬਾਦਾਯੇਵ ਬਾਲਸ਼ਵਿਕ ਟੋਲੀ ਵਿੱਚ ਸੀ। ਡਿਪਟੀ ਵਜੋਂ ਆਪਣੀਆਂ ਸਰਗਰਮੀਆਂ ਤੋਂ ਇਲਾਵਾ, ਉਸਨੇ ਦੂਮਾ ਤੋਂ ਬਾਹਰ ਵਿਸ਼ਾਲ ਇਨਕਲਾਬੀ ਕੰਮ ਕੀਤਾ ਤੇ ਅਖ਼ਬਾਰ “ਪਰਾਵਦਾ” ਲਈ ਲਿਖਦਾ ਰਿਹਾ। 1914 ਵਿੱਚ ਦੂਜੇ ਬਾਲਸ਼ਵਿਕ ਡਿਪਟੀਆਂ ਦੇ ਨਾਲ਼, ਬਾਦਾਯੇਵ ਨੂੰ ਉਸਦੀਆਂ ਇਨਕਲਾਬੀ ਸਰਗਰਮੀਆਂ ਲਈ ਗ੍ਰਿਫਤਾਰ ਕੀਤਾ ਗਿਆ। ਮਗਰਲੇ ਸਾਲਾਂ ਵਿੱਚ ਪਾਰਟੀ ਤੇ ਸੋਵੀਅਤ ਰਾਜ ਦਾ ਕਾਰਕੁਨ ਰਿਹਾ।

ਸਫ਼ਾ–31

**ਬਿਸੋਲਾਤੀ, ਲਿਓਨੀਦਾ** (Bissolati), (1857–1920)— ਇਟਲੀ ਦੀ ਸਮਾਜਵਾਦੀ ਪਾਰਟੀ ਦੇ ਬਾਨੀਆਂ ਤੇ ਇਸਦੇ ਅਤਿ ਦੇ ਸੱਜੇ–ਪੱਖੀ ਸੁਧਾਰਵਾਦੀ ਧੜੇ ਦੇ ਆਗੂਆਂ ਵਿੱਚੋਂ ਇੱਕ। 1896–1904 ਵਿੱਚ ਤੇ 1908–1910 ਵਿੱਚ ਉਹ ਸਮਾਜਵਾਦੀ ਪਾਰਟੀ ਦੇ ਕੇਂਦਰੀ ਅਖਬਾਰ «Avanti!» (ਅੱਗੇ ਵਧੋ!) ਦਾ ਸੰਪਾਦਕ ਸੀ। 1912 ਵਿੱਚ ਇਟਲੀ ਦੀ ਕਮਿਊਨਿਸਟ ਪਾਰਟੀ ਵਿਚੋਂ ਕੱਢੇ ਜਾਣ ਪਿਛੋਂ ਉਸਨੇ “ਸੋਸ਼ਲਿਸਟ–ਸੁਧਾਰਵਾਦੀ ਪਾਰਟੀ” ਕਾਇਮ ਕਰ ਲਈ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ–ਅੰਧਰਾਸ਼ਟਰਵਾਦੀ ਰਿਹਾ।

ਸਫ਼ੇ –28, 32

**ਬੂਰਤਸੇਵ, ਵ. ਲ.** (1862–1936) — 90–ਵਿਆਂ ਦੀ ਇਨਕਲਾਬੀ ਲਹਿਰ ਵਿੱਚ ਹਿੱਸਾ ਲਿਆ ਤੇ ਲੋਕਵਾਦੀਆਂ ਨਾਲ਼ ਰਿਹਾ। ਪਹਿਲੇ ਰੂਸੀ ਇਨਕਲਾਬ ਤੋਂ ਪਹਿਲਾਂ ਉਹ ਸਮਾਜਵਾਦੀ–ਇਨਕਲਾਬੀਆਂ ਦੇ ਨੇੜੇ ਸੀ ਤੇ ਇਨਕਲਾਬ ਦੀ ਹਾਰ ਤੋਂ ਮਗਰੋਂ ਉਸਨੇ ਸੰਵਿਧਾਨਕ–ਡੈਮੋਕਰੈਟਾਂ (ਕੈਡਿਟਾਂ) ਦੀ ਹਮਾਇਤ ਕੀਤੀ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਘੋਰ ਅੰਧਰਾਸ਼ਟਰਵਾਦੀ।

ਸਫ਼ਾ–27

**ਬੇਬੇਲ, ਅਗਸਤ** (Bebel), (1940–1913) —ਜਰਮਨ ਸੋਸ਼ਲ–ਡੈਮੋਕਰੈਟਾਂ ਤੇ ਕੌਮਾਂਤਰੀ ਮਜ਼ਦੂਰ ਲਹਿਰ ਦੇ ਪ੍ਰਸਿੱਧ ਆਗੂਆਂ ਵਿਚੋਂ ਇੱਕ। 1869 ਵਿੱਚ ਵ. ਲੀਬਕਨੇਖਤ ਨਾਲ਼ ਮਿਲ ਕੇ ਉਸਨੇ ਜਰਮਨ ਸੋਸ਼ਲ–ਡੈਮੋਕਰੈਟਿਕ ਪਾਰਟੀ ("ਏਈਸੇਨਆਖਵਾਲੇ") ਦੀ ਨੀਂਹ ਰੱਖੀ; ਮੁੜ ਮੁੜ ਕੇ ਉਹ ਰਾਈਖਸਤਾਗ ਦਾ ਡਿਪਟੀ ਚੁਣਿਆ ਗਿਆ। 1870–71 ਦੀ ਫਰਾਂਸੀਸੀ–ਪਰੂਸ਼ੀਅਨ ਜੰਗ ਦੇ ਦੌਰਾਨ ਉਸਨੇ ਰਾਈਖਸਤਾਗ ਵਿੱਚ ਜੰਗੀ ਕਰਜ਼ਿਆਂ ਦੇ ਖਿਲਾਫ਼ ਵੋਟਾਂ ਪਾਈਆਂ। 90–ਵਿਆਂ ਵਿੱਚ ਤੇ 20–ਵੀਂ ਸਦੀ ਦੇ ਸ਼ੁਰੂ ਵਿੱਚ ਉਸਨੇ ਜਰਮਨ ਸੋਸ਼ਲ–ਡੈਮੋਕਰੈਟਿਕ ਪਾਰਟੀ ਦੇ ਮੈਂਬਰ ਵਜੋਂ ਸੁਧਾਰਵਾਦ ਤੇ ਸੋਧਵਾਦ ਦਾ ਵਿਰੋਧ ਕੀਤਾ।

ਸਫ਼ਾ–17

## ਮ

**ਮਾਸਲੋਵ, ਪ. ਪ.** (1867–1946) — ਅਰਥ–ਵਿਗਿਆਨੀ ਤੇ ਸੋਸ਼ਲ–ਡੈਮੋਕਰੈਟ। ਰੂ. ਸੋ. ਡੈ. ਲੇ. ਪਾ. ਦੀ ਦੂਜੀ ਕਾਂਗਰਸ ਤੋਂ ਪਿਛੋਂ ਮੇਨਸ਼ਵਿਕਾਂ ਨਾਲ਼ ਰਲ਼ ਗਿਆ। ਪਿਛਾਖੜ ਦੇ ਤੇ ਨਵੇਂ ਇਨਕਲਾਬੀ ਉਭਾਰ ਦੇ ਸਾਲਾਂ ਵਿੱਚ ਉਹ ਖਾਤਮੇਵਾਦੀ ਸੀ ਤੇ ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ–28

**ਮਾਰਕਸ ਕਾਰਲ** (Marx), (1818–1883) —ਵਿਗਿਆਨਕ ਕਮਿਊਨਿਜ਼ਮ ਦਾ ਬਾਨੀ, ਪ੍ਰਤਿਭਾਵਾਨ ਚਿੰਤਕ, ਕੌਮਾਂਤਰੀ ਪ੍ਰੋਲੇਤਾਰੀਆਂ ਦਾ ਆਗੂ ਤੇ ਉਸਤਾਦ।

ਸਫ਼ਾ–7, 16, 17, 25

**ਮਾਰਤੋਵ, ਲ. (ਤਸੇਦੇਰਬਾਊਮ, ਹ. ਓ.)** (1873–1923) —ਮੇਨਸ਼ਵਿਕ ਆਗੂ; ਪਿਛਾਖੜ ਤੇ ਨਵੇਂ ਇਨਕਲਾਬੀ ਉਭਾਰ ਦੇ ਦੌਰਾਨ ਖਾਤਮੇਵਾਦੀ ਤੇ "ਗੋਲੋਸ ਸੋਤਸਿਆਲ–ਦਿਮੋਕਰਾਤਾ" (ਸੋਸ਼ਲ–ਡੈਮੋਕਰੈਟ ਦੀ ਆਵਾਜ਼) ਅਖ਼ਬਾਰ ਦਾ ਸੰਪਾਦਕ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਉਸਨੇ ਵਿਚਾਲਪੰਥੀ ਪੁਜ਼ੀਸ਼ਨਾਂ ਦੀ ਹਮਾਇਤ ਕੀਤੀ।

ਸਫ਼ਾ–47

**ਮੁਸੋਲਿਨੀ, ਬੇਨੀਤੋ** (Mussolini), (1883–1945) —ਇਤਾਲਵੀ ਫਾਸਿਸਟਾਂ ਦਾ ਆਗੂ।

ਸਮਾਜਵਾਦੀ ਪਾਰਟੀ ਦੇ ਮੈਂਬਰ ਵਜੋਂ ਆਪਣਾ ਰਾਜਸੀ ਜੀਵਨ ਸ਼ੁਰੂ ਕੀਤਾ। ਸੰਸਾਰ ਸਾਮਰਾਜੀ ਜੰਗ ਦੇ ਸ਼ੁਰੂ ਵਿੱਚ ਉਸਨੇ ਖੁੱਲ੍ਹਮ-ਖੁੱਲ੍ਹਾ ਸਾਮਰਾਜੀ ਬੁਰਜੂਆਜ਼ੀ ਦੀ ਧਿਰ ਲਈ ਤੇ ਦਸੰਬਰ 1914 ਵਿੱਚ ਪਾਰਟੀ ਵਿੱਚ ਕੱਢ ਦਿੱਤਾ ਗਿਆ।

ਸਫ਼ਾ

**ਮੁਰਾਨੋਵ, ਮ. ਕ.** (1873-1959) —ਬਾਲਸ਼ਵਿਕ, ਕਿੱਤੇ ਵਿੱਚ ਧਾਤਸਾਜ਼ ਕਾਮਾ। 1904 ਤੋਂ ਰੂ. ਸੋ. ਡੈ. ਲੇ. ਪਾ. ਦਾ ਮੈਂਬਰ। ਚੌਥੀ ਰਾਜ ਦੂਮਾ ਵਿੱਚ ਖਾਰਕੋਵ ਗੂਬੇਰਨੀਆ ਦੇ ਮਜ਼ਦੂਰਾਂ ਦਾ ਡਿਪਟੀ, ਤੇ ਦੂਮਾ ਵਿੱਚ ਬਾਲਸ਼ਵਿਕ ਗਰੁੱਪ ਦਾ ਮੈਂਬਰ। ਬਾਲਸ਼ਵਿਕ ਅਖ਼ਬਾਰ "ਪਰਾਵਦਾ" ਲਈ ਕੰਮ ਕਰਦਾ ਰਿਹਾ। ਨਵੰਬਰ 1914 ਵਿੱਚ, ਦੂਜੇ ਬਾਲਸ਼ਵਿਕ ਡਿਪਟੀਆਂ ਦੇ ਨਾਲ਼ ਉਸਨੂੰ ਸਾਮਰਾਜੀ ਜੰਗ ਦੇ ਖਿਲਾਫ਼ ਇਨਕਲਾਬੀ ਸਰਗਰਮੀਆਂ ਕਰਨ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ। 1915 ਵਿੱਚ ਉਸਨੂੰ ਤੂਰੂਹਾਨ ਇਲਾਕੇ ਵਿੱਚ ਜਲਾਵਤਨ ਕਰ ਦਿੱਤਾ ਗਿਆ। ਮਗਰਲੇ ਸਾਲਾਂ ਵਿੱਚ ਉਹ ਸੋਵੀਅਤ ਤੇ ਪਾਰਟੀ ਕਾਰਕੁਨ ਰਿਹਾ।

ਸਫ਼ਾ-31

**ਮੈਕਨਸਨ, ਆਗਸਤ** (Mackensen), (1849-1945) —ਜਨਰਲ ਫੀਲਡ-ਮਾਰਸ਼ਲ, ਜਰਮਨ ਸਾਮਰਾਜੀ ਫੌਜ ਦਾ ਪ੍ਰਤਿਨਿਧ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਉਹ ਪੂਰਬੀ ਪਰੂਸ਼ੀਆ ਵਿੱਚ ਜਰਮਨ ਆਰਮੀ ਕੋਰ ਦਾ ਕਮਾਂਡਰ ਤੇ ਪੂਰਬੀ ਮਹਾਜ਼ ਦਾ ਕਮਾਂਡਰ-ਇਨ-ਚੀਫ਼ ਸੀ।

ਸਫ਼ਾ-36

**ਮੋਨੀਟਰ** (Monitor) —ਕਲਮੀ ਨਾਂ, ਜਿਸ ਹੇਠ ਇਕ ਜਰਮਨ ਸੋਸ਼ਲ-ਡੈਮੋਕਰੈਟ, ਮੌਕਾਪ੍ਰਸਤ, ਨੇ ਅਪ੍ਰੈਲ 1915 ਵਿੱਚ ਪ੍ਰੰਪਰਾਵਾਦੀ «Preußische Jahrbücher» (ਪਰੂਸ਼ੀਅਨ ਸਾਲਨਾਮਾ) ਵਿੱਚ ਇੱਕ ਲੇਖ ਛਪਵਾਇਆ, ਜਿਸ ਵਿੱਚ ਉਸਨੇ ਸੋਸ਼ਲ-ਡੈਮੋਕਰੇਸੀ ਦੇ ਵਿਚਾਲ਼ਪੰਥੀ ਖਾਸੇ ਦੀ ਖੁੱਲ੍ਹਮ-ਖੁੱਲ੍ਹਾ ਸ਼ਲਾਘਾ ਕੀਤੀ ਤੇ ਭਵਿੱਖ ਵਿੱਚ ਵੀ ਇਸਨੂੰ ਕਾਇਮ ਰੱਖਣ ਦਾ ਸੁਝਾਅ ਦਿੱਤਾ, ਕਿਉਂਕਿ ਇਹ ਮੌਕਾਪ੍ਰਸਤਾਂ ਲਈ ਵੀ ਤੇ ਬੁਰਜੂਆਜ਼ੀ ਲਈ ਵੀ ਲਾਭਕਾਰੀ ਸੀ। ਤੇ ਮੌਕਾਪ੍ਰਸਤਾਂ ਨੂੰ ਮੌਕਾ ਦੇਂਦੀ ਸੀ ਕਿ ਉਹ ਬੁਰਜੂਆਜ਼ੀ ਨਾਲ਼ ਮਿਲ਼ਵਰਤਣ ਦੀ ਨੀਤੀ ਨੂੰ "ਖੱਬੀ" ਲੱਫ਼ਾਜ਼ੀ ਨਾਲ਼ ਢੱਕ ਸਕਣ।

ਸਫ਼ਾ-39

## ਰ

**ਰਾਕੋਵਸਕੀ, ਹ. ਗ.** (1873-1941) — 90ਵਿਆਂ ਦੇ ਸ਼ੁਰੂ ਤੋਂ ਲੈ ਕੇ ਉਹ ਬਲਗਾਰੀਆ, ਰੁਮਾਨੀਆ, ਸਵਿਟਜ਼ਰਲੈਂਡ, ਫਰਾਂਸ ਵਿਚਲੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਹਿੱਸਾ ਲੈਂਦਾ ਰਿਹਾ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਵਿਚਾਲ਼ਪੰਥੀ।

ਸਫ਼ਾ-21

**ਰੂਬਾਨੋਵਿਚ, ਇ. ਅ.** (1860–1920) —ਸਮਾਜਵਾਦੀ-ਇਨਕਲਾਬੀ ਆਗੂਆਂ ਵਿੱਚੋਂ ਇੱਕ। ਕੌਮਾਂਤਰੀ ਸਮਾਜਵਾਦੀ ਬਿਊਰੋ ਦਾ ਮੈਂਬਰ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ–27

**ਰੈਨਰ, ਕਾਰਲ** (Renner), (1870–1950) —ਆਸਟਰੀਆ ਦੀ ਰਾਜਸੀ ਹਸਤੀ, ਆਸਟਰੀਆ ਦੇ ਸੱਜੇ ਸੋਸ਼ਲ–ਡੈਮੋਕਰੈਟਾਂ ਦਾ ਸਿਧਾਂਤਕਾਰ। ਅਖਾਉਤੀ "ਆਸਟਰੋ–ਮਾਰਕਸਵਾਦ" ਦੇ ਵਿਚਾਰਧਾਰਕਾਂ ਵਿਚੋਂ ਤੇ "ਸੱਭਿਆਚਾਰਕ–ਕੌਮੀ ਖ਼ੁਦਇਖਤਿਆਰੀ" ਦੇ ਬੁਰਜੂਆ–ਕੌਮਪ੍ਰਸਤ ਸਿਧਾਂਤ ਨੂੰ ਘੜਣ ਵਾਲਿਆਂ ਵਿੱਚੋਂ ਇੱਕ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ–25

**ਰੋਮਾਨੋਵ** —ਜ਼ਾਰਾਂ, ਸ਼ਹਿਨਸ਼ਾਹਾਂ ਦਾ ਘਰਾਣਾ, ਜਿਹੜਾ 1613 ਤੋਂ ਲੈ ਕੇ 1917 ਤੱਕ ਰੂਸ ਉੱਪਰ ਰਾਜ ਕਰਦਾ ਰਿਹਾ।

ਸਫ਼ਾ–26

**ਰੋਲੈਂਡ-ਹੋਲਸਟ, ਹੈਨਰੀਏ** (Roland Holst), (1869–1952) —ਡੱਚ ਸੋਸ਼ਲਿਸਟ ਤੇ ਲੇਖਕਾ। ਉਸਨੇ ਮਹਿਲਾ ਯੂਨੀਅਨ ਜਥੇਬੰਦ ਕਰਨ ਲਈ ਬੜੀ ਘਾਲਣਾ ਕੀਤੀ ਤੇ ਡੱਚ ਸੋਸ਼ਲ–ਡੈਮੋਕਰੈਟਾਂ ਦੇ ਸੱਜੇ ਧੜੇ ਨਾਲ਼ ਰਲ਼ ਗਈ ਜਿਹੜਾ 1907 ਤੋਂ ਅਖਬਾਰ «De Tribune» (ਟਰਿਬਿਊਨ) ਦੁਆਲ਼ੇ ਜੁੜਿਆ ਹੋਇਆ ਸੀ ਤੇ 1909 ਵਿੱਚ ਜਿਸਨੇ ਹਾਲੈਂਡ ਦੀ ਸੋਸ਼ਲ–ਡੈਮੋਕਰੈਟਿਕ ਪਾਰਟੀ ਬਣਾ ਲਈ। ਸੰਸਾਰ ਸਾਮਰਾਜੀ ਜੰਗ ਦੇ ਸ਼ੁਰੂ ਵਿੱਚ ਉਸਨੇ ਵਿਚਾਲਪੰਥੀ ਪੁਜ਼ੀਸ਼ਨਾਂ ਲਈਆਂ ਪਰ ਫਿਰ ਕੌਮਾਂਤਰੀਵਾਦੀਆਂ ਨਾਲ਼ ਆ ਰਲ਼ੀ ਤੇ ਰਸਾਲੇ «Vorbote» (ਸੰਦੇਸ਼ਵਾਹਕ) ਦੇ ਪ੍ਰਕਾਸ਼ਨ ਵਿੱਚ ਹਿੱਸਾ ਲਿਆ, ਜੋ ਜ਼ਿੰਮਰਵਾਲਡ ਖੱਬੇ ਧੜੇ ਦਾ ਸਿਧਾਂਤਕ ਰਸਾਲਾ ਸੀ।

ਸਫ਼ਾ–21

## ਲ

**ਲੀਬਕਨੇਖਤ, ਕਾਰਲ** (Liebknecht), (1871–1919) —ਜਰਮਨ ਤੇ ਕੌਮਾਂਤਰੀ ਮਜ਼ਦੂਰ ਲਹਿਰ ਦਾ ਉੱਘਾ ਕਾਰਕੁਨ; ਜਰਮਨ ਸੋਸ਼ਲ–ਡੈਮੋਕਰੇਸੀ ਦੇ ਖੱਬੇ ਧੜੇ ਦੇ ਇਕ ਆਗੂ। ਮੌਕਾਪ੍ਰਸਤੀ ਤੇ ਸੈਨਾਵਾਦ ਦੇ ਖਿਲਾਫ਼ ਸਰਗਰਮ ਘੋਲ਼ ਕਰਦਾ ਸੀ। 1912 ਵਿੱਚ ਉਹ ਰਾਈਖਸਤਾਗ ਦਾ ਡਿਪਟੀ ਚੁਣਿਆ ਗਿਆ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਉਹ ਇਸ ਧਾੜਵੀਆਨਾ ਜੰਗ ਵਿੱਚ "ਆਪਣੀ" ਸਰਕਾਰ ਦੀ ਹਮਾਇਤ ਦੇ ਖਿਲਾਫ਼ ਨਿੱਤਰਿਆ। 2 ਦਸੰਬਰ, 1914 ਨੂੰ ਉਹ ਰਾਈਖਸਤਾਗ ਦਾ ਇੱਕੋ ਇੱਕ ਡਿਪਟੀ ਸੀ ਜਿਸਨੇ ਫੌਜੀ ਕਰਜ਼ਿਆਂ ਦੇ ਖਿਲਾਫ ਵੋਟ ਪਾਈ। ਕਾਰਲ ਲੀਬਕਨੇਖਤ "ਇੰਟਰਨੈਸ਼ਨਲ" ਦੇ ਉਸ ਧੜੇ ਦਾ ਇੱਕ ਜਥੇਬੰਦਕ ਤੇ ਆਗੂ ਸੀ, ਜਿਸਦਾ ਮਗਰੋਂ ਨਾਂ

"ਸਪਾਰਟੇਕਸ" ਗਰੁੱਪ, ਤੇ ਫਿਰ "ਸਪਾਰਟੇਕਸ ਯੂਨੀਅਨ" ਰੱਖ ਦਿੱਤਾ ਗਿਆ। ਉਹ ਜਰਮਨ ਕਮਿਊਨਿਸਟ ਪਾਰਟੀ ਦੇ ਬਾਨੀਆਂ ਵਿੱਚੋਂ ਇੱਕ ਸੀ।

ਸਫ਼ਾ–6, 47

**ਲੀਬਕਨੇਖਤ, ਵਿਲਹੈਲਮ** (Liebknecht), (1826–1900) —ਜਰਮਨ ਤੇ ਕੌਮਾਂਤਰੀ ਮਜ਼ਦੂਰ ਲਹਿਰ ਦਾ ਉੱਘਾ ਆਗੂ, ਜਰਮਨ ਸੋਸ਼ਲ–ਡੈਮੋਕਰੈਟਿਕ ਪਾਰਟੀ ਦੇ ਬਾਨੀਆਂ ਤੇ ਆਗੂਆਂ ਵਿੱਚੋਂ ਇੱਕ। 1867 ਤੋਂ 1870 ਤੱਕ ਉਹ ਉੱਤਰੀ ਜਰਮਨ ਰਾਈਖਸਤਾਗ ਦਾ ਡਿਪਟੀ ਰਿਹਾ ਤੇ 1874 ਤੋਂ ਮਗਰੋਂ ਉਹ ਮੁੜ ਮੁੜ ਕੇ ਜਰਮਨ ਰਾਈਖਸਤਾਗ ਦਾ ਡਿਪਟੀ ਚੁਣਿਆ ਗਿਆ। ਉਸਨੇ ਪਰੂਸ਼ੀਅਨ ਜੁੰਕਰਾਂ ਦੀ ਪਿਛਾਂਹਖਿਚੂ ਵਿਦੇਸ਼ ਤੇ ਘਰੇਲੂ ਨੀਤੀ ਨੂੰ ਬੇਨਕਾਬ ਕਰਨ ਲਈ ਪਾਰਲੀਮੈਂਟਰੀ ਪਲੇਟਫਾਰਮ ਦੀ ਬੜੀ ਸੁਚੱਜੇ ਢੰਗ ਨਾਲ਼ ਵਰਤੋਂ ਕੀਤੀ।

ਸਫ਼ਾ– 17

**ਲੇਗੀਨ, ਕਾਰਲ** (Legien), (1861–1920) —ਜਰਮਨ ਸੱਜੇ–ਪੱਖੀ ਸੋਸ਼ਲ–ਡੈਮੋਕਰੈਟ, ਜਰਮਨ ਟਰੇਡ ਯੂਨੀਅਨਾਂ ਦੇ ਆਗੂਆਂ ਵਿਚੋਂ ਇੱਕ, ਸੋਧਵਾਦੀ। 1893 ਤੋਂ ਲੈ ਕੇ 1920 ਤੱਕ ਉਹ ਜਰਮਨ ਸੋਸ਼ਲ–ਡੈਮੋਕਰੈਟਿਕ ਪਾਰਟੀ ਵੱਲੋਂ ਰਾਈਖਸਤਾਗ ਦਾ ਡਿਪਟੀ ਬਣਦਾ ਰਿਹਾ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਅਤਿ ਦਾ ਸਮਾਜੀ–ਅੰਧਰਾਸ਼ਟਰਵਾਦੀ।

ਸਫ਼ਾ– 47

**ਲੈਂਚ, ਪਾਲ** (Lensch), (1873–1926) —ਜਰਮਨ ਸੋਸ਼ਲ–ਡੈਮੋਕਰੈਟ, 1905 ਤੋਂ 1913 ਤੱਕ ਜਰਮਨ ਸੋਸ਼ਲ–ਡੈਮੋਕਰੈਟਿਕ ਪਾਰਟੀ ਦੇ ਖੱਬੇ ਧੜੇ ਦੇ ਅਖ਼ਬਾਰ «Leipziger Volkszeitung» (ਲਾਈਪਜ਼ਿਗ ਲੋਕ ਅਖ਼ਬਾਰ) ਦਾ ਸੰਪਾਦਕ ਰਿਹਾ। ਸੰਸਾਰ ਸਾਮਰਾਜੀ ਜੰਗ ਦੇ ਸ਼ੁਰੂ ਤੋਂ ਲੈ ਕੇ ਸਮਾਜੀ–ਅੰਧਰਾਸ਼ਟਰਵਾਦੀ ਪੁਜ਼ੀਸ਼ਨਾਂ ਧਾਰਨ ਕਰ ਲਈਆਂ।

ਸਫ਼ਾ– 16

## ਵ

**ਵੇਲਾਂ, ਐਡਵਰਡ ਮਾਰੀ** (Vaillant), (1850–1915) —ਫਰਾਂਸੀਸੀ ਸਮਾਜਵਾਦੀ, ਦੂਜੀ ਇੰਟਰਨੈਸ਼ਨਲ ਦੇ ਆਗੂਆਂ ਵਿੱਚੋਂ ਇੱਕ। ਉਹ ਫਰਾਂਸੀਸੀ ਸਮਾਜਵਾਦੀ ਪਾਰਟੀ ਦੀ ਕਾਇਮੀ (1901) ਦਾ ਮੁੱਢ ਬੰਨ੍ਹਣ ਵਾਲ਼ਿਆਂ ਵਿੱਚੋਂ ਇੱਕ ਸੀ। ਮਗਰੋਂ ਵੇਲਾਂ ਨੇ ਬਹੁਤ ਸਾਰੇ ਮਹੱਤਵਪੂਰਨ ਸਵਾਲਾਂ ਉੱਤੇ ਮੌਕਾਪ੍ਰਸਤ ਪੁਜ਼ੀਸ਼ਨਾਂ ਲਈਆਂ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ ਅੰਧਰਾਸ਼ਟਰਵਾਦੀ।

ਸਫ਼ਾ– 32, 38

**ਵਾਂਡਰਵੇਲਡੇ, ਏਮਿਲ** (Vandervelde) (1866–1938) —ਬੈਲਜੀਅਨ ਮਜ਼ਦੂਰ ਪਾਰਟੀ ਦਾ ਆਗੂ, ਦੂਜੀ ਇੰਟਰਨੈਸ਼ਨਲ ਦੇ ਕੌਮਾਂਤਰੀ ਸਮਾਜਵਾਦੀ ਬਿਊਰੋ ਦਾ ਪ੍ਰਧਾਨ। ਅਤਿ ਦੀ ਮੌਕਾਪ੍ਰਸਤ ਪੁਜ਼ੀਸ਼ਨ ਲੈਂਦਾ ਸੀ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ ਤੇ ਬੁਰਜੂਆ ਸਰਕਾਰ ਦਾ ਮੈਂਬਰ।

ਸਫ਼ਾ– 30, 37, 34, 47

•••••

## ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

| | | |
|---|---|---|
| 1. | ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) | 20.00 |
| 2. | ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) | 30.00 |
| 3. | ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ (ਕਾ. ਮਾਰਕਸ) | 50.00 |
| 4. | ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) | 35.00 |
| 5. | ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) | 65.00 |
| 6. | ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) | 05.00 |
| 7. | ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) | 30.00 |
| 8. | ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) | 35.00 |
| 9. | ਰਾਜ ਅਤੇ ਇਨਕਲਾਬ (ਲੈਨਿਨ) | 50.00 |
| 10. | ਰਾਜ (ਲੈਨਿਨ) | 10.00 |
| 11. | ਖੇਤੀ ਵਿੱਚ ਪੂੰਜੀਵਾਦ (ਲੈਨਿਨ) | 15.00 |
| 12. | ਆਰਥਿਕ ਰੋਮਾਂਚਵਾਦ ਦਾ ਚਰਿੱਤਰ ਚਿਤਰਣ (ਲੈਨਿਨ) | 50.00 |
| 13. | ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) | 35.00 |
| 14. | ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) | 40.00 |
| 15. | ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ | 75.00 |
| 16. | ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) | 40.00 |
| 17. | ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) | 60.00 |
| 18. | ਦਵੰਦਵਾਦ ਜਰੀਏ ਲੋਕਾਂ ਦੀ ਸੇਵਾ (ਸੱਭਿਆਚਾਰਕ ਇਨਕਲਾਬ ਦੌਰਾਨ ਚੀਨ ਵਿੱਚ ਹੋਏ ਨਵੇਂ ਪ੍ਰਯੋਗਾਂ ਦੀ ਕਹਾਣੀ) | 10.00 |
| 19. | ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਅਵੇਕੀਅਨ) | 100.00 |
| 20. | ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) | 20.00 |
| 21. | ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ | 10.00 |
| 22. | ਚੋਰ, ਭ੍ਰਸ਼ਟ ਤੇ ਅੱਯਾਸ਼ ਨੇਤਾਸ਼ਾਹੀ | 3.00 |
| 23. | ਨਵ-ਉਦਾਰਵਾਦੀ ਨੀਤੀਆਂ ਦੇ ਅਠਾਰਾਂ ਸਾਲ | 3.00 |
| 24. | ਫਿਲਾਸਫੀ ਕੋਈ ਗੋਰਖਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) | 10.00 |
| 25. | ਗ਼ਦਰੀ ਸੂਰਬੀਰ (ਰਣਧੀਰ ਸਿੰਘ) | 10.00 |
| 26. | ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) | 10.00 |

| | | |
|---|---|---|
| 27. | ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) | 10.00 |
| 28. | ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ | 10.00 |
| 29. | ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ) | 15.00 |
| 30. | ਜੰਗਲਨਾਮਾ – ਇੱਕ ਸਿਆਸੀ ਪੜਚੋਲ | 10.00 |
| 31. | ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ | 10.00 |
| 32. | ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ | 20.00 |
| 33. | ਕਿਉਂ ਮਾਓਵਾਦ ? | 10.00 |
| 34. | ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰ) | 10.00 |
| 35. | ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੇਰਿਸ ਕਮਿਊਨ ਦੀ ਅਮਰ ਕਹਾਣੀ | 10.00 |
| 36. | ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ | 10.00 |
| 37. | ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ | 10.00 |
| 38. | ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) | 25.00 |
| 39. | ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) | 60.00 |
| 40. | ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) | 10.00 |
| 41. | ਰਿਜ਼ਰਵੇਸ਼ਨ (ਪੱਖ, ਵਿਪੱਖ ਅਤੇ ਤੀਸਰਾ ਪੱਖ) | 5.00 |
| 42. | ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ | 20.00 |
| 43. | ਭਗਤ ਸਿੰਘ ਨੇ ਕਿਹਾ... | 5.00 |
| 44. | ਸ਼ਹੀਦ ਕਰਤਾਰ ਸਿੰਘ ਸਰਾਭਾ | 5.00 |
| 45. | ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) | 10.00 |
| 46. | ਫ਼ਲਸਫ਼ਾਨਾ ਲਿਖ਼ਤਾਂ (ਮਾਓ-ਜ਼ੇ-ਤੁੰਗ) | 25.00 |
| 47. | ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ | 10.00 |
| 48. | ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) | 20.00 |
| 49. | ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ | 20.00 |
| 50. | ਨੌਜਵਾਨਾਂ ਨਾਲ਼ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) | 10.00 |
| 51. | ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ ਵਲੋਂ ਸੁਤੰਤਰ ਵਪਾਰ ਸੰਬੰਧੀ ਵਿਚਾਰ) | 10.00 |

| | |
|---|---|
| 52. ਆਈਨਸਟੀਨ ਦੇ ਸਮਾਜਿਕ ਸਰੋਕਾਰ | 10.00 |
| 53. ਫਾਸੀਵਾਦ ਕੀ ਹੈ ? ਅਤੇ ਇਸ ਨਾਲ਼ ਕਿਵੇਂ ਲੜੀਏ ? | 15.00 |
| 54. ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) | 50.00 |
| 55. ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) | 60.00 |
| 56. ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) | 60.00 |
| 57. ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) | 125.00 |
| 58. ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) | 20.00 |
| 59. ਪੂੰਜੀ ਦੀ ਉਤਪਤੀ (ਮਾਰਕਸ) | 45.00 |
| 60. ਦੂਜੀ ਇੰਟਰਨੈਸ਼ਨਲ ਦਾ ਪਤਣ (ਲੈਨਿਨ) | 45.00 |
| 61. ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) | 70.00 |
| 62. ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) | 125.00 |
| 63. ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) | 65.00 |
| 64. ਸਾਹਿਤ ਅਤੇ ਕਲਾ ਬਾਰੇ (ਲੈਨਿਨ) | 150.00 |
| 65. ਸਮਾਜਵਾਦ ਤੇ ਜੰਗ (ਲੈਨਿਨ) | 45.00 |
| 66. ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) | 65.00 |
| 67. ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) | 25.00 |
| 68. ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) | 70.00 |
| 69. ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) | 100.00 |
| 70. ਅਡੋਲ ਬਾਲਸ਼ਵਿਕ ਨਤਾਸ਼ਾ | 30.00 |
| 71. ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) | 60.00 |
| 72. ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) | 60.00 |
| 73. ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) | 60.00 |
| 74. ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) | 15.00 |
| 75. ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) | 20.00 |
| 76. ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) | 10.00 |

‘ਸਮਾਜਵਾਦ ਅਤੇ ਜੰਗ’ (1915) ਵਿੱਚ ਲੈਨਿਨ ਨੇ ਨਿਆਂਪੂਰਣ ਅਤੇ ਅਨਿਆਂਪੂਰਣ ਜੰਗਾਂ ਵਿਚਲਾ ਫ਼ਰਕ ਸਪਸ਼ਟ ਕੀਤਾ ਅਤੇ ਅਨਿਆਂਪੂਰਣ, ਸਾਮਰਾਜਵਾਦੀ ਜੰਗ ਵਿੱਚ ਮਜ਼ਦੂਰ ਜਮਾਤ ਦੀ ਨੀਤੀ ਕੀ ਹੋਵੇ, ਇਸ ਬਾਰੇ ਮਾਰਕਸਵਾਦ ਦੀ ਬੁਨਿਆਦੀ ਸਿੱਖਿਆਵਾਂ ਦਾ ਨਿਚੋੜ ਪੇਸ਼ ਕੀਤਾ। ਉਹਨਾਂ ਦਿਖਾਇਆ ਕਿ 1914 ਵਿੱਚ ਸ਼ੁਰੂ ਹੋਈ ਜੰਗ ਸਾਮਰਾਜਵਾਦੀ ਤਾਕਤਾਂ ਦੇ ਦੋ ਵਿਰੋਧੀ ਧੜਿਆਂ ਵਿੱਚ ਛਿੜੀ ਸਾਮਰਾਜਵਾਦੀ ਜੰਗ ਸੀ। ਅਜਿਹੀਆਂ ਜੰਗਾਂ ਵਿੱਚ ਦੋਵਾਂ ਪੱਖਾਂ ਦੀ ਮਜ਼ਦੂਰ ਜਮਾਤ ਨੂੰ ਆਪਣੇ ਸਾਮਰਾਜਵਾਦੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ “ਸਾਮਰਾਜਵਾਦੀ ਜੰਗ ਨੂੰ ਖ਼ਾਨਾਜੰਗੀ ਵਿੱਚ ਬਦਲ ਦੇਣ” ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਲੈਨਿਨ ਨੇ ਦਿਖਾਇਆ ਕਿ ਸਾਮਰਾਜਵਾਦੀ ਜੰਗ ਛਿੜ ਪੈਣ ਤੋਂ ਬਾਅਦ ਸਾਮਰਾਜਵਾਦੀ ਸਰਕਾਰਾਂ ਨੂੰ ਉਖਾੜ ਸੁੱਟਣ ਤੋਂ ਬਿਨਾਂ ਨਿਆਂਪੂਰਣ ਅਮਨ ਸਥਾਪਤ ਕਰਨਾ ਅਸੰਭਵ ਹੁੰਦਾ ਹੈ। ਇਸ ਲਈ ਕੁੱਝ ਉਦਾਰਵਾਦੀਆਂ ਅਤੇ ਸ਼ਾਂਤੀਵਾਦੀਆਂ ਦੁਆਰਾ ਜੰਗ ਦੌਰਾਨ ਚੁੱਕਿਆ ਗਿਆ “ਅਮਨ” ਦਾ ਅਮੂਰਤ ਨਾਅਰਾ ਭਰਮਾਉਣ ਵਾਲ਼ਾ ਨਾਅਰਾ ਹੈ।

**— ਮਾਰਿਸ ਕਾਰਨਫ਼ੋਰਥ**



**ਸ਼ਹੀਦ ਭਗਤ ਸਿੰਘ**
**ਯਾਦਗਾਰੀ ਪ੍ਰਕਾਸ਼ਨ,**
**ਲੁਧਿਆਣਾ**

ਕੀਮਤ — 45. ਰੁਪਏ